Raja SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
Contact Us:
RAJA SWEETS & CATERING
WORK (510) 489-9100, CELL (510) 715-1619
www.rajasweets.com
Email: msbains@rajasweets.com

ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 1
April 13, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Driver Needed
Owner op. needed
ਟਰੱਕ ਚਲਾਉਣ ਦੇ ਲਈ ਤਜਰਬੇਕਾਰ ਡਰਾਈਵਰਾਂ ਦੀ ਲੋੜ ਹੈ। ਅੱਜ ਹੀ ਕਾਲ ਕਰੋ:
209-479-0242

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

**ਪਾਠਕਾਂ ਦੇ ਲਈ ਖੁਸ਼ਖਬਰੀ:-** ਸਤਿਕਾਰਯੋਗ ਸਮੂਹ ਇਸ਼ਤਿਹਾਰਦਾਤਾਵਾਂ ਅਤੇ ਪਾਠਕਾਂ ਸਾਹਿਬਾਨ, ਲੇਖਕਾਂ ਅਤੇ ਪ੍ਰਸ਼ੰਸਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 13 ਅਪ੍ਰੈਲ ਨੂੰ ਹਫਤਾਵਾਰੀ 'ਦੇਸ਼ ਦੁਆਬਾ' ਪੰਜਵੇ ਸਾਲ ਵਿਚ ਪ੍ਰਵੇਸ ਕਰ ਰਿਹਾ ਹੈ। ਹੱਥਲਾ ਅੰਕ ਪੰਜਵੇਂ ਸਾਲ ਦਾ ਪਹਿਲਾ ਅੰਕ ਹੈ। ਇਹ ਤੁਹਾਡੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਅਸੀਂ ਇਹ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਸਾਨੂੰ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ। ਅਸੀਂ ਵੀ ਤੁਹਾਡੀਆਂ ਆਸ਼ਾਵਾਂ ਤੇ ਖਰੇ ਉਤਰਨ ਲਈ ਪੂਰੀ ਕੋਸ਼ਿਸ਼ ਕਰਾਂਗੇ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਖਾਲਸਾ ਜੀ ਦੇ ਜਨਮ ਦਿਹਾੜੇ, ਵਿਸਾਖੀ ਤੇ ਡਾ. ਅੰਬੇਡਕਰ ਜੀ ਦੇ 125ਵੇਂ ਜਨਮ ਦਿਨ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਮੁਬਾਰਕਾਂ। -ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)

## ਸੰਯੁਕਤ ਰਾਸ਼ਟਰ ਵਿਚ ਪਹਿਲੀ ਵਾਰ ਮਨਾਇਆ ਜਾਵੇਗਾ ਡਾ.ਅੰਬੇਡਕਰ ਦਾ ਜਨਮ ਦਿਨ



**ਸੰਯੁਕਤ ਰਾਸ਼ਟਰ-** ਸੰਯੁਕਤ ਰਾਸ਼ਟਰ ਵਿਚ ਪਹਿਲੀ ਵਾਰ ਭਾਰਤੀ ਸੰਵਿਧਾਨ ਦੇ ਰਚੇਤਾ ਅਤੇ ਦਲਿਤ ਅਧਿਕਾਰਾਂ ਦੇ ਯੋਧਾ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾਵੇਗਾ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧ ਸਈਦ ਅਕਬਰੂਦੀਨ ਨੇ ਇਹ ਜਾਣਕਾਰੀ ਦਿੱਤੀ।

ਅਕਬਰੂਦੀਨ ਨੇ ਲਿਖਿਆ, ਸੰਯੁਕਤ ਰਾਸ਼ਟਰ ਵਿਚ ਭਾਰਤ ਦਾ ਸਥਾਈ ਮਿਸ਼ਨ ਕਲਪਨਾ ਸਰੋਜ ਫਾਉਂਡੇਸ਼ਨ ਅਤੇ ਫਾਉਂਡੇਸ਼ਨ ਫਾਰ ਹਿਊਮਨ ਹੋਰਾਇਜਨ ਦੇ ਸਹਿਯੋਗ ਨਾਲ ਡਾ. ਅੰਬੇਡਕਰ ਦੇ ਜਨਮ ਦਿਨ ਤੋਂ ਇਕ ਦਿਨ ਪਹਿਲਾਂ 13 ਅਪ੍ਰੈਲ ਨੂੰ ਸੰਯੁਕਤ ਰਾਸ਼ਟਰ ਹੈਡਕੁਆਟਰਵਿਚ ਉਹਨਾਂ ਦਾ 125ਵਾਂ ਜਨਮ ਦਿਨ ਮਨਾਇਆ ਜਾਵੇਗਾ। ਉਹਨਾਂ ਦੱਸਿਆ ਕਿ ਇਸ ਦਿਨ ਵਿਕਾਸ ਦੇ ਟੀਚਿਆਂ ਨੂੰ ਹਾਸਲ ਕਰਨ ਦੇ ਲਈ ਅਸਮਾਨਤਾਵਾਂ ਨਾਲ ਲੜਾਈ ਵਿਸ਼ੇ ਤੇ ਚਰਚਾ ਵੀ ਕੀਤੀ ਜਾ ਰਹੀ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਅਥਾਹ ਖੁਸ਼ੀ ਪ੍ਰਗਟ ਕਰਦਾ ਹੈ।

## ਪ੍ਰਵਾਸ ਵਿਰੋਧੀ ਬਿਆਨਾਂ ਨੇ ਡੈਮੋਕਰੇਟਾਂ ਵੱਲ ਝੁਕਾਏ ਭਾਰਤੀ ਮੂਲ ਦੇ ਅਮਰੀਕੀ





**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਵਿਚ 9/11 ਬਾਅਦ ਰਿਪਬਲਿਕਨ ਪਾਰਟੀ ਵੱਲੋਂ ਅਖ਼ਤਿਆਰ ਕੀਤੇ ਪਰਵਾਸੀ ਵਿਰੋਧੀ ਰੁਖ਼ ਨੇ ਭਾਰਤੀ-ਅਮਰੀਕੀ ਲੋਕਾਂ ਦਾ ਝੁਕਾਅ ਡੈਮੋਕਰੈਟਾਂ ਵੱਲ ਵਧਾ ਦਿੱਤਾ ਹੈ। ਚੋਣ ਰੁਝਾਨਾਂ ਉਤੇ ਲਿਖੀ ਨਵੀਂ ਕਿਤਾਬ ਦੇ ਲੇਖਕ ਨੇ ਇਹ ਦਾਅਵਾ ਕੀਤਾ ਹੈ। ਲੇਖਕ ਵੱਲੋਂ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੀ ਪ੍ਰਾਇਮਰੀ ਚੋਣ ਹੁਣ ਉਨ੍ਹਾਂ ਸ਼ਹਿਰਾਂ ਵਿੱਚ ਹੋਣੀ ਹਨ, ਜਿਥੇ ਇਸ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਹਨ।

'ਦੇਸੀਜ਼ ਡਿਵਾਈਡਡ: ਦਿ ਪੁਲਿਟੀਕਲ ਲਾਈਵਜ਼ ਆਫ ਸਾਊਥ ਏਸ਼ੀਅਨ ਅਮੈਰੀਕਨਜ਼' ਨਾਂ ਦੀ ਪੁਸਤਕ ਦੇ ਲੇਖਕ ਐਸ.ਕੇ. ਮਿਸ਼ਰਾ ਨੇ ਇਕ ਹਾਲੀਆ ਇੰਟਰਵਿਊ ਵਿੱਚ ਕਿਹਾ ਕਿ ਭਾਰਤੀ-ਅਮਰੀਕੀ ਡੈਮੋਕਰੈਟਿਕ ਪਾਰਟੀ ਦੇ ਵੱਡੇ ਸਮਰਥਕ ਹਨ। ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿੱਚ ਉਮੀਦਵਾਰੀ ਦੇ ਦਾਅਵੇਦਾਰ ਪ੍ਰਾਇਮਰੀ ਚੋਣ ਵਿੱਚ ਇਕ ਇਕ ਡੈਲੀਗੇਟ ਹਾਸਲ ਕਰਨ ਲਈ ਹੱਥ ਪੈਰ ਮਾਰ ਰਹੇ ਹਨ। ਨਿਊਯਾਰਕ, ਨਿਊ ਜਰਸੀ, ਮੇਰੀਲੈਂਡ ਅਤੇ ਕੈਲੀਫੋਰਨੀਆ ਵਰਗੇ ਰਾਜਾਂ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਹਨ। ਅਜਿਹੇ ਵਿੱਚ ਇਹ ਲੋਕ ਮੌਜੂਦਾ ਸਮੀਕਰਨਾਂ ਵਿੱਚ ਕਿਸੇ ਨਾ ਕਿਸੇ ਢੰਗ ਨਾਲ ਇਕ ਧਿਰ ਦਾ ਪੱਲੜਾ ਭਾਰੀ ਕਰ ਸਕਦੇ ਹਨ।

ਨਿਊ ਜਰਸੀ ਦੀ ਡ੍ਰਿਊ ਯੂਨੀਵਰਸਿਟੀ ਵਿੱਚ ਪੁਲਿਟੀਕਲ ਸਾਇੰਸ ਦੇ ਸਹਾਇਕ ਪ੍ਰੋਫੈਸਰ ਮਿਸ਼ਰਾ ਨੇ ਇਕ ਸਰਵੇਖਣ ਦਾ ਹਵਾਲਾ ਦਿੰਦਿਆਂ ਕਿਹਾ, 'ਵੋਟ ਪਾਉਣ ਵਾਲੇ 80 ਫ਼ੀਸਦੀ ਭਾਰਤੀ-ਅਮਰੀਕੀਆਂ ਨੇ ਡੈਮੋਕਰੈਟਾਂ ਨੂੰ ਵੋਟ ਪਾਈ ਹੈ। ਪਰ ਇਹ ਗੱਲ ਇਸ ਧਾਰਨਾ ਦੇ ਉਲਟ ਹੈ ਕਿ ਭਾਰਤੀ ਅਮਰੀਕੀ ਅਮੀਰ ਹਨ। ਇਸ ਲਈ ਉਨ੍ਹਾਂ ਦਾ ਰੁਝਾਨ ਰਿਪਬਲਿਕਨਾਂ ਵੱਲ ਹੈ।'

## ਵਿਸਾਖੀ ਪਿੱਛੋਂ ਬਰਨਾਲਾ ਪਰਿਵਾਰ ਦੇ ਕਾਂਗਰਸ 'ਚ ਸ਼ਾਮਲ ਹੋਣ ਦੇ ਆਸਾਰ

**ਚੰਡੀਗੜ੍ਹ (ਬਿਊਰੋ)-** ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਉਨ੍ਹਾਂ ਦਾ ਪਰਿਵਾਰ ਕਾਂਗਰਸ ਪਾਰਟੀ ਵਿੱਚ ਜਾਣ ਦੀ ਤਿਆਰੀ ਕੱਸੀ ਬੈਠਾ ਹੈ ਤੇ ਇਸ ਸਬੰਧੀ ਮੁੱਢਲੇ ਗੇੜ ਦੀ ਗੱਲਬਾਤ ਹੋ ਚੁੱਕੀ ਹੈ। ਉਨ੍ਹਾਂ ਦੇ ਲੜਕੇ ਗਗਨਜੀਤ ਬਰਨਾਲਾ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੀ ਉਲਝੀ ਤਾਣੀ ਸੁਲਝਾਉਣ ਵਾਲਾ ਸਮਰੱਥ ਸਿਆਸਤਦਾਨ ਦੱਸਿਆ। ਉਧਰ ਕੈਪਟਨ ਨੇ ਸੀਨੀਅਰ ਆਗੂਆਂ ਨਾਲ ਨੇੜਤਾ ਤੇ ਰਾਬਤਾ ਵਧਾਉਣ ਲਈ ਵਿਸਾਖੀ ਮੌਕੇ ਕੀਤੀ ਜਾਣ ਵਾਲੀ ਰੈਲੀ ਲਈ ਉਨ੍ਹਾਂ ਨੂੰ ਨਿੱਜੀ ਪੱਤਰ ਭੇਜ ਕੇ ਸੱਦਾ ਦਿੱਤਾ ਹੈ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਗਨਜੀਤ ਬਰਨਾਲਾ ਨੇ ਕਿਹਾ ਕਿ ਸੂਬੇ ਦੇ ਮੌਜੂਦਾ ਹਾਲਾਤ ਮੁਤਾਬਕ ਕੋਈ ਨਵਾਂ ਤਜਰਬਾ ਕਰਨਾ ਮਹਿੰਗਾ ਪੈ ਸਕਦਾ ਹੈ। ਕੈਪਟਨ ਹੀ ਪੰਜਾਬ ਨੂੰ ਬਿਹਤਰ ਅਗਵਾਈ ਦੇ ਸਕਦੇ ਹਨ। ਪਰਿਵਾਰ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਬਾਰੇ ਰਾਇ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਸਿਆਸੀ ਫ਼ੈਸਲੇ ਡੂੰਘੇ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਲਏ ਜਾਣਗੇ। ਉਂਜ ਸੂਤਰਾਂ ਮੁਤਾਬਕ ਵਿਸਾਖੀ ਮੇਲੇ ਮਗਰੋਂ ਬਰਨਾਲਾ ਪਰਿਵਾਰ ਕਿਸੇ ਵੇਲੇ ਵੀ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਸਕਦਾ ਹੈ।

ਇਸ ਦੌਰਾਨ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਜਗਮੀਤ ਬਰਾੜ ਤੇ ਬੀਰਦਵਿੰਦਰ ਸਿੰਘ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਵਿਖਾਉਣ ਤੋਂ ਬਾਅਦ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਨੇੜਤਾ ਤੇ ਰਾਬਤਾ ਵਧਾਉਣ ਲਈ ਉਨ੍ਹਾਂ ਨੂੰ ਨਿੱਜੀ ਪੱਤਰ ਭੇਜ ਕੇ ਵਿਸਾਖੀ ਰੈਲੀ ਵਿੱਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਹੈ।

ਪਤਾ ਲੱਗਾ ਹੈ ਕਿ ਪਾਰਟੀ ਦੇ ਨਵੇਂ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਕੈਪਟਨ ਨੂੰ ਹੇਠਲੀ ਕਤਾਰ ਦੇ ਆਗੂਆਂ ਤੇ ਖਾਸ ਤੌਰ 'ਤੇ ਨੌਜਵਾਨ ਆਗੂਆਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਦੀ ਸਲਾਹ ਦਿੱਤੀ ਹੈ।

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
MANDEEP SANDHU
msandhu2014@gmail.com
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।
ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ
ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।
Call : Dharminder Singh
Cell : 530-870-6600
Fax : 530-405-1429



ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ

ਲੱਖ ਲੱਖ ਵਧਾਈਆਂ



Late Shri Lahori Ram Commissioner Ji



Jagdev, Ramit, Mrs. Prito Ram, CA State Attorney General Kamala Devi Harris, Jasmyne, Jagdish and Ajaipaul Ram

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦਾ 125ਵਾਂ ਜਨਮ ਦਿਹਾੜਾ ਭਾਰਤ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਤੇ ਹੋਰ ਸਮਾਜਿਕ-ਧਾਰਮਿਕ ਸੰਸਥਾਵਾਂ ਵੱਲੋਂ ਦੇਸ਼-ਵਿਦੇਸ਼ ਵਿਚ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।





# ਪਵਨ ਕੁਮਾਰ ਵਿਰਦੀ

# ਅਤੇ

# ਸਮੂਹ ਵਿਰਦੀ ਪਰਿਵਾਰ


## INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511
Email: IndiaMarketRoseville@gmail.com





## Driver Needed, Owner op. needed

### ਡਰਾਈਵਰਾਂ ਦੀ ਲੋੜ, ਆਨਰ ਅਪਰੇਟਰਾਂ ਦੀ ਲੋੜ

ਟਰੱਕ ਚਲਾਉਣ ਦੇ ਲਈ ਤਜਰਬੇਕਾਰ ਡਰਾਈਵਰਾਂ ਦੀ ਲੋੜ ਹੈ। ਸਾਡੇ ਕੋਲ ਬਹੁਤ ਹੀ ਵਧੀਆ ਕੰਮ ਹੈ, ਹਲਕੇ ਅਤੇ ਸਿੱਧੇ ਲੋਡ ਹਨ। ਇਕ ਪਿਕਅਪ, ਇਕ ਡਰੋਪ ਪਰੀਪਾਸ ਲੱਗਾ ਹੋਇਆ ਹੈ। ਵਧੀਆ ਰਿਕਾਰਡ ਹੈ ਸਾਡੀ ਕੰਪਨੀ ਦਾ ਤੇ ਵਧੀਆ ਮਿਹਨਤਾਨਾ ਵੀ ਦਿੱਤਾ ਜਾਂਦਾ ਹੈ। ਅੱਜ ਹੀ ਕਾਲ ਕਰੋ:

**209-479-0242**

# ਫਰੈਜ਼ਰ ਸਟਰੀਟ ਵੈਨਕੂਵਰ ਵਿਖੇ ਮਨਾਇਆ ਗਿਆ ਸ਼੍ਰੀ ਗੁਰੂ ਰਵਿਦਾਸ ਆਗਮਨ ਪੁਰਬ

**ਵੈਨਕੂਵਰ (ਕਨੇਡਾ)–** ਜਗਤ ਗੁਰੂ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 639ਵਾਂ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜਾ ਸਮੂਹ ਰਵਿਦਾਸੀਆ ਭਾਈਚਾਰੇ ਵਲੋਂ ਇਤਿਹਾਸਕ ਪੱਧਰ ਤੇ 'ਮੇਲਾ ਇੰਟਰਟੇਨਮੈਂਟ' ਦੇ ਐਮ ਡੀ ਸ਼੍ਰੀਮਾਨ ਬਿੱਲ ਬਸਰਾ ਜੀ ਅਤੇ ਸ਼੍ਰੀਮਾਨ ਵਰਿੰਦਰ ਬੰਗੜ ਦੀ ਦੇਖ ਰੇਖ ਹੇਠ ਫਰੈਜਰ ਸਟਰੀਟ (ਬੈਂਕਟ ਹਾਲ) ਵੈਨਕੂਵਰ ਵਿਖੇ ਸੈਂਕੜੇ ਸੰਗਤਾਂ ਦੀ ਹਾਜ਼ਰੀ ਵਿਚ ਸ਼੍ਰੀ ਅੰਮ੍ਰਿਤਬਾਣੀ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ।



ਸ਼੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਦੇ ਜਾਪ ਉਪਰੰਤ ਗੁਰੂ ਜੀ ਦੀ ਮਹਿਮਾ ਸੰਗਤ ਨੂੰ ਸਰਵਣ ਕਰਵਾਉਣ ਲਈ ਦੀਵਾਨ ਸਜਾਏ ਗਏ। ਜਿਸ ਵਿਚ ਇੰਡੀਆ ਤੋਂ ਪੁੱਜੀ ਟੀਮ ਦੇ ਕਲਾਕਾਰਾਂ ਜਿੰਨ੍ਹਾਂ ਵਿਚ ਜੇ ਐਸ ਤਾਜਪੁਰੀ, ਵਿੱਕੀ ਮੋਰਾਂਵਾਲੀਆਂ, ਰਾਜ ਦਦਰਾਲ, ਕੁਲਦੀਪ ਚੁੰਬਰ, ਗੀਤਕਾਰ ਪੰਮੀ ਲਾਲੋ ਮਜਾਰੀਆ, ਪੈਰੀ ਜੇ ਅਤੇ ਹੈਰੀ ਬੱਲ ਨੇ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਵੱਖ-ਵੱਖ ਮਿਸ਼ਨਰੀ ਰਚਨਾਵਾਂ ਨਾਲ ਸੰਗਤਾਂ ਨੂੰ ਗਾਇਕਾਂ ਨੇ ਕਰੀਬ 3 ਘੰਟੇ ਤੱਕ ਕੀਲ ਕੇ ਰੱਖ ਦਿੱਤਾ। ਇਸ ਮੌਕੇ ਬਿੱਲ ਬਸਰਾ, ਗੋਪਾਲ ਲੋਹੀਆ, ਵਰਿੰਦਰ ਬੰਗੜ, ਪਰਮਿੰਦਰ ਚੋਪੜਾ, ਕਮਲੇਸ਼ ਅਹੀਰ, ਸਭੈ ਅਹੀਰ, ਜੈ ਵਿਰਦੀ, ਸੁਰਜੀਤ ਬੈਂਸ, ਪਰਮਜੀਤ ਕੈਂਥ ਵੈਨਕੂਵਰ, ਮਨਜੀਤ ਕੈਂਥ, ਪਰਮਜੀਤ ਕੈਂਥ ਡੈਲਟਾ, ਬਰਜਿੰਦਰ ਭੱਟੀ, ਸੁਖਵੀਰ ਭੱਟੀ, ਹਰਮੇਸ਼ ਲਾਲ ਅਵਾਣ ਵਲੋਂ ਕੁਲਦੀਪ ਚੁੰਬਰ ਦੀ ਧਾਰਮਿਕ ਪੁਸਤਕ 'ਸਿਫ਼ਤਾਂ ਗੁਰੂ ਰਵਿਦਾਸ ਦੀਆਂ' ਅਤੇ ਹੋਰ ਗਾਇਕਾਂ ਦੀਆਂ ਸੀ ਡੀਜ਼ ਰਿਲੀਜ਼ ਕੀਤੀਆਂ ਗਈਆਂ।

ਸਟੇਜ ਦਾ ਸੰਚਾਲਨ ਹਰਮੇਸ਼ ਲਾਲ ਅਵਾਣ ਅਤੇ ਗੋਪਾਲ ਲੋਹੀਆ ਨੇ ਸੰਯੁਕਤ ਰੂਪ ਵਿਚ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਧਰਮਵੀਰ ਬੰਗੜ, ਨਰਿੰਦਰ ਰੋਇਲ, ਬਿੱਟੂ ਸੁੰਡਾ, ਰਿੰਕੂ ਚੁੰਬਰ, ਓਮਪ੍ਰਕਾਸ਼, ਲਾਡੀ ਕਰਾੜੀ, ਮੰਜੂ ਬਾਲਾ, ਜਸਵੀਰ ਝੰਮਟ, ਰਜਨੀ ਝੰਮਟ, ਬਿੰਦਾ ਬੰਗੜ, ਪ੍ਰੇਮ ਮੱਲ, ਹੈਪੀ ਸਮੇਤ ਕਈ ਹੋਰ ਸੰਗਤਾਂ ਵਿਚ ਹਾਜ਼ਰ ਸਨ। ਆਈ ਸੰਗਤ ਵਿਚ ਲੰਗਰ ਅਤੁੱਟ ਵਰਤਾਇਆ ਗਿਆ।

# ਜਗਤਪੁਰ ਵਿਖੇ ਨਵਜਨਮੀਆਂ ਲੜਕੀਆਂ ਨੂੰ ਐਫ.ਡੀਜ਼ ਦਿੱਤੀਆਂ ਗਈਆਂ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਪਿੰਡ ਜਗਤਪੁਰ ਵਿਖੇ ਪਿਛਲੇ ਵਰ੍ਹੇ ਨਵਜਨਮੀਆਂ ਪੰਜ ਲੜਕੀਆਂ ਨੂੰ ਐਨ.ਆਰ.ਆਈ. ਸ. ਸੰਤੋਖ ਸਿੰਘ ਕੁਢੈਲ ਦੇ ਪਰਿਵਾਰ ਵਲੋਂ 5-5 ਹਜ਼ਾਰ ਦੀਆਂ ਐਫ.ਡੀਜ਼ ਦਿੱਤੀਆਂ ਗਈਆਂ। ਸ.ਪਿਆਰਾ ਸਿੰਘ ਕੁਢੈਲ ਯਾਦਗਾਰੀ ਸਿਲਾਈ ਸੈਂਟਰ ਵਿਖੇ ਕਰਵਾਏ ਸਾਦਾ ਸਮਾਗਮ ਵਿਚ ਜਗਤਪੁਰ ਦੀ ਉੱਘੀ ਸਖ਼ਸ਼ੀਅਤ ਮਹਿੰਦਰ ਸਿੰਘ ਦੁਸਾਂਝ, ਐਨ.ਆਰ.ਆਈ. ਪਿਆਰਾ ਸਿੰਘ ਸਿਆਣ, ਪਰਮਾਤਮਾ ਸਿੰਘ ਯੂ.ਕੇ., ਸਾਬਕਾ ਸਰਪੰਚ ਸੋਢੀ ਰਾਮ, ਮਾਸਟਰ ਬਖਤਾਵਰ ਸਿੰਘ ਅਤੇ ਸੰਤੋਖ ਸਿੰਘ ਕੁਢੈਲ ਦੀ ਸਪੁੱਤਰੀ ਲੱਛਮੀ ਕੁਢੈਲ ਵਲੋਂ ਇਹ ਐਫ.ਡੀਜ਼ ਮਾਰਥਾ ਪੁੱਤਰੀ ਰਾਜਿੰਦਰ ਪਾਲ, ਹਰਸ਼ਿਕਾ ਪੁੱਤਰੀ ਰਵਿੰਦਰ ਸਿੰਘ, ਹਰਸ਼ਦੀਪ ਪੁੱਤਰੀ ਸੁਖਵਿੰਦਰ ਪਾਲ, ਜਸਪ੍ਰੀਤ ਕੌਰ ਪੁੱਤਰੀ ਰਾਮ ਤੀਰਥ, ਅਰਸ਼ਪ੍ਰੀਤ ਸੁਖਜਿੰਦਰ ਸਿੰਘ ਤਕਸੀਮ ਕੀਤੀਆਂ। ਇਸ ਮੌਕੇ ਪਿੰਡ ਦਾ ਨਾਮ ਰੋਸ਼ਨ ਕਰਨ ਵਿਸ਼ਵ ਕਬੱਡੀ ਕੱਪ ਜੇਤੂ ਟੀਮ ਦੀ ਕੋਚ ਅਤੇ ਮਾਈ ਭਾਗੋ ਕਬੱਡੀ ਅਕੈਡਮੀ ਜਗਤਪੁਰ ਦੀ ਸੰਚਾਲਕ ਜਸਕਰਨ ਕੌਰ ਲਾਡੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਬਹੁਪੱਖੀ ਸਖ਼ਸ਼ੀਅਤ ਮਹਿੰਦਰ ਸਿੰਘ ਦੁਸਾਂਝ ਨੇ ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਔਰਤਾਂ ਦੇ ਸ਼ਸ਼ਕਤੀਕਰਨ ਅਤੇ ਲੜਕੀਆਂ ਨੂੰ ਬਰਾਬਰ ਦਾ ਦਰਜਾ ਪ੍ਰਦਾਨ ਕਰਨਾ ਸਮੇਂ ਦੀ ਵੱਡੀ ਜ਼ਰੂਰਤ ਹੈ। ਕੋਈ ਵੀ ਰਾਸ਼ਟਰ ਉਨਾ ਚਿਰ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਉਹ ਆਪਣੀਆਂ ਬੇਟੀਆਂ ਨਾ਼ਲ ਲੈ ਕੇ ਅਤੇ ਬਰਾਬਰ ਰੱਖ ਕੇ ਨਹੀਂ ਚਲਦਾ। ਇਸ ਮੌਕੇ ਸਮਾਗਮ ਪ੍ਰਬੰਧਕ ਅਵਤਾਰ ਸਿੰਘ, ਮੈਂਬਰ ਪੰਚਾਇਤ ਗੁਰਵਿੰਦਰ ਸਿੰਘ ਨਿੱਪੀ ਤੋਂ ਇਲਾਵਾ ਮੈਂਬਰ ਪੰਚਾਇਤ ਸੁਰਿੰਦਰ ਸਿੰਘ, ਸਵਰਨ ਸਿੰਘ ਨੰਬਰਦਾਰ, ਜੋਗਿੰਦਰ ਪਾਲ ਸਰਪੰਚ ਬਘੌਰਾ, ਬੂਟਾ ਸਿੰਘ ਸ਼ੇਰਗਿੱਲ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਦੇਸ਼ ਭਗਤ ਯਾਦਗਾਰ ਹਾਲ ਨੂੰ ਇੰਗਲੈਂਡ ਤੋਂ ਆਏ ਵਫ਼ਦ ਨੇ ਸਹਾਇਤਾ ਕੀਤੀ ਭੇਂਟ

**ਜਲੰਧਰ–** ਦੇਸ਼ ਭਗਤ ਯਾਦਗਾਰ ਹਾਲ ਨਾਲ ਲੰਮੇ ਅਰਸੇ ਤੋਂ ਜੁੜੇ ਹੋਏ ਸੁੱਜੋਂ (ਸ਼ਹੀਦ ਭਗਤ ਸਿੰਘ ਨਗਰ) ਨਿਵਾਸੀ ਰਤਨ ਪਾਲ ਮਹਿਮੀ ਨੇ ਅੱਜ ਬਲਬੀਰ ਦੱਤ ਮੈਮੋਰੀਅਲ ਕਮੇਟੀ ਅਤੇ ਆਈ. ਡਬਲੀਯੂ.ਏ. (ਗ੍ਰੇਟ ਬ੍ਰਿਟੇਨ) ਦੀ ਬੈਡਫੋਰਡ ਬਰਾਂਚ ਵੱਲੋਂ 25,000/- ਰੁਪਏ ਅਤੇ ਆਪਣੇ ਪਰਿਵਾਰ ਵੱਲੋਂ ਜਾਤੀ ਤੌਰ 'ਤੇ 5000/- ਰੁਪਏ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ (ਦੇਸ਼ ਭਗਤ ਯਾਦਗਾਰ ਹਾਲ) ਲਈ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਟਰੱਸਟੀ ਕੁਲਬੀਰ ਸਿੰਘ ਸੰਘੇੜਾ ਅਤੇ ਗੁਰਮੀਤ ਨੂੰ ਭੇਂਟ ਕੀਤੇ।



ਰਤਨ ਪਾਲ ਮਹਿਮੀ ਨੇ ਨਾਲ ਉਹਨਾਂ ਦੇ ਪਰਿਵਾਰ ਦੇ ਮੈਂਬਰ ਜਸਵਿੰਦਰ ਕੌਰ, ਸ਼ਤੀਸ਼ ਅਤੇ ਸਲੀਮ ਵੀ ਰਾਸ਼ੀ ਭੇਂਟ ਕਰਨ ਮੌਕੇ ਨਾਲ ਆਏ ਹੋਏ ਸਨ। ਹਾਲ ਪਰਿਵਾਰ ਦੇ ਗੁਰਦੀਪ ਸਿੰਘ, ਬਲਵਿੰਦਰ ਕੌਰ ਅਤੇ ਸ਼ਾਮ ਲਾਲ ਵੀ ਇਸ ਮੌਕੇ ਸ਼ਾਮਲ ਹੋਏ।

ਪਰਿਵਾਰ ਦੇ ਮਿਊਜ਼ੀਅਮ ਅਤੇ ਬਾਬਾ ਬਿਲਗਾ ਕਿਤਾਬ ਘਰ ਦੇਖਣ ਉਪਰੰਤ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ 21 ਅਪ੍ਰੈਲ ਗ਼ਦਰ ਪਾਰਟੀ ਸਥਾਪਨਾ ਦਿਵਸ, ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਉਦਘਾਟਨੀ ਸਮਾਗਮ 'ਚ ਸ਼ਾਮਲ ਹੋਣ ਦਾ ਵਾਅਦਾ ਵੀ ਕੀਤਾ।

ਮੀਤ ਪ੍ਰਧਾਨ ਅਜਮੇਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਗੁਰਮੀਤ ਨੇ ਜਿੱਥੇ ਧੰਨਵਾਦ ਦੇ ਸ਼ਬਦ ਕਹੇ, ਉਥੇ ਰਾਸ਼ੀ ਭੇਂਟ ਕਰਨ ਵਾਲੀ ਸੰਸਥਾ ਅਤੇ ਪਰਿਵਾਰ 'ਤੇ ਮਾਣ ਮਹਿਸੂਸ ਕਰਦੇ ਹੋਏ ਵਿਸ਼ਵਾਸ ਦੁਆਇਆ ਕਿ ਦੇਸ਼ ਭਗਤ ਯਾਦਗਾਰ ਹਾਲ ਉਹਨਾਂ ਦੀ ਕਿਰਤ ਕਮਾਈ 'ਚੋਂ ਕੀਤੀ ਮਦਦ ਨੂੰ ਲੋਕ ਕਾਜ਼ ਦੇ ਲੇਖੇ ਲਾਉਣ ਲਈ ਸੁਹਿਰਦਤਾ ਨਾਲ ਫਰਜ਼ ਅਦਾ ਕਰਦਾ ਰਹੇਗਾ।

# ਸਵਰਨਜੀਤ ਸਿੰਘ ਖਾਲਸਾ ਸਿਟੀ ਆਫ਼ ਨਾਰਵਿਚ ਕਨੈਟੀਕੇਟ ਸਟੇਟ 'ਚ ਕਮਿਸ਼ਨ ਆਫ਼ ਸਿਟੀ ਪਲਾਨ ਦਾ ਮੈਂਬਰ ਨਿਯੁਕਤ

ਪਰਮਿੰਦਰਪਾਲ ਸਿੰਘ ਖਾਲਸਾ ਸੂਬਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਦਾ ਹੋਣਹਾਰ ਸਪੁੱਤਰ ਸ. ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ 'ਅਮਰੀਕਾ ਜੋਨ' ਨੂੰ ਸਿਟੀ ਆਫ਼ ਨਾਰਵਿਚ ਕਨੈਟੀਕੇਟ ਸਟੇਟ ਵਿਚ ਕਮਿਸ਼ਨ ਆਫ਼ ਸਿਟੀ ਪਲਾਨ ਦਾ ਮੈਂਬਰ ਚੁਣਿਆ ਗਿਆ ਹੈ। ਸਵਰਨਜੀਤ ਸਿੰਘ ਖਾਲਸਾ ਅਮਰੀਕਾ ਵਿਚ ਨਸਲਵਾਦ ਵਿਰੁੱਧ ਆਵਾਜ਼ ਬੁਲੰਦ ਕਰ ਰਿਹਾ ਤੇ ਜਾਤੀ ਤੇ ਨਸਲ ਤੋਂ ਉੱਠ ਕੇ ਸਾਮਾਜਿਕ ਸੇਵਾਵਾਂ ਵਿਚ ਮਹਾਨ ਯੋਗਦਾਨ ਪਾਇਆ ਹੈ। ਸ. ਖਾਲਸਾ ਨੇ ਸਿੱਖ ਕੌਮ ਦੀ ਵੱਖਰੀ ਪਛਾਣ ਦੱਸਣ ਲਈ ਤੇ ਉਥੋਂ ਦੇ ਅਮਰੀਕਨਾਂ ਨੂੰ ਸਿੱਖ ਪਛਾਣ ਲਈ ਜਾਗਰੂਕ ਕਰਨ ਲਈ ਸਿੱਖ ਅਵੇਅਰਨੈਸ ਦਿਨ ਮਨਾਏ ਤੇ ਹਾਈਵੇ 'ਤੇ ਇਸ ਸੰਬੰਧੀ ਬੋਰਡ ਲਗਾਏ। ਉਹ ਉੱਥੇ ਸਿੱਖ ਕੌਮ ਦੀ ਵੱਖਰੀ ਸ਼ਾਨ ਤੇ ਸਿੱਖੀ ਦੇ ਪ੍ਰਚਾਰ ਤੇ ਮਨੁੱਖੀ ਹਿੱਤਾਂ ਦੇ ਲਈ ਕਾਰਜਸ਼ੀਲ ਹੈ। ਬਹੁਤ ਸਾਰੀਆਂ ਕਲਚਰਰ ਸੁਸਾਇਟੀਆਂ ਤੇ ਸਾਮਾਜਿਕ ਜਥੇਬੰਦੀਆਂ ਉਸ ਦੀ ਹਮਾਇਤ ਵਿਚ ਹਨ। 1984 ਸਿੱਖ ਕਤਲੇਆਮ ਦੇ ਲਈ ਵੀ ਉਹ ਉੱਥੇ ਆਵਾਜ਼ ਬੁਲੰਦ ਕਰ ਰਿਹਾ ਹੈ। ਇਸ ਦਿਹਾੜੇ ਉਹ ਵੱਡੀ ਪੱਧਰ 'ਤੇ ਉੱਥੇ ਮਨੁੱਖੀ ਹਿੱਤਾਂ ਦੇ ਲਈ ਮੁਹਿੰਮ ਆਰੰਭਦਾ ਹੈ। ਉਹ ਕੰਪਿਊਟਰ ਸਾਇੰਸ ਵਿਚ ਮਾਸਟਰ ਡਿਗਰੀ ਹੈ।



# ਵਿਸ਼ਾਲ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਫਰੀਮਾਂਟ ਵਿਖੇ 24 ਅਪ੍ਰੈਲ ਨੂੰ

**ਫਰੀਮਾਂਟ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸਾਖੀ ਪੁਰਬ ਨੂੰ ਸਮਰਪਿਤ ਇਕ ਧਾਰਮਿਕ ਕਵੀ ਦਰਬਾਰ 24 ਅਪ੍ਰੈਲ ਦਿਨ ਐਤਵਾਰ ਬਾਅਦ ਦੁਪਹਿਰ ਫਰੀਮਾਂਟ ਗੁਰੂ ਘਰ ਵਿਖੇ ਸਜਾਇਆ ਜਾਵੇਗਾ, ਜਿਸ ਵਿਚ ਮੰਨੇ-ਪ੍ਰਮੰਨੇ ਪ੍ਰਸਿੱਧ ਸਥਾਨਕ ਪੰਜਾਬੀ ਕਵੀ ਭਾਗ ਲੈਣਗੇ। ਜਨਾਬ ਆਜ਼ਾਦ ਜਲੰਧਰੀ (ਸ਼੍ਰੋਮਣੀ ਕਵੀ), ਈਸ਼ਰ ਸਿੰਘ ਮੋਮਨ (ਸਟੇਜੀ ਕਵੀ), ਤਰਸੇਮ ਸਿੰਘ (ਧਾਰਮਿਕ ਕਵੀ), ਜਸਦੀਪ ਸਿੰਘ (ਧਾਰਮਿਕ ਕਵੀ), ਡਾ. ਮੰਗਜੀਤ ਸਿੰਘ ਮੰਗਾ (ਗਾਇਕ), ਅਰਚਨਾ ਸਿੰਘ (ਗਾਇਕਾ), ਮਾਸਟਰ ਰੈਂਕੋ (ਹਾਸ-ਅਭਿਨੇਤਾ), ਦਰਸ਼ਨ ਸਿੰਘ ਔਜਲਾ (ਗਾਇਕ/ਅਭਿਨੇਤਾ) ਆਦਿ ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚਣਗੇ। ਗੁਰਮਤਿ ਆਸ਼ੇ ਅਨੁਸਾਰ ਜੋਸ਼ੀਲੀਆਂ ਧਾਰਮਿਕ ਕਵਿਤਾਵਾਂ ਪੇਸ਼ ਕੀਤੀਆਂ ਜਾਣਗੀਆਂ। ਮੰਚ ਸੰਚਾਲਨ ਪ੍ਰਮਿੰਦਰ ਕੀਤਾ ਜਾਵੇਗਾ।

A & S Auto Repair & Services
Specializing in Brakes & Axles
ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
Ph: 916-238-4431
649 W. Elkhorn Blvd. Suite B2
Rio Linda, CA 95673
9:00 AM to 6:00 PM Mon-Sat


Amarjit Sandhu

# ਫਰਿਜ਼ਨੋ ਵਿਖੇ ਸ੍ਰੀ ਦਸ਼ਮ ਗ੍ਰੰਥ ਸਾਹਿਬ ਦੇ ਸਤਿਕਾਰ ਸੰਬੰਧੀ ਅੰਤਰ ਰਾਸ਼ਟਰੀ ਪੱਧਰ ਦਾ ਵਿਸ਼ੇਸ਼ ਸੈਮੀਨਾਰ ਹੋਇਆ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਸਿੱਖ ਧਰਮ ਬਾਕੀ ਸਭ ਧਰਮਾਂ ਮੁਕਾਬਲੇ ਨਵਾਂ, ਅਧੁਨਿਕ ਸੋਚ ਅਤੇ ਸਾਂਝੀਵਾਰਤਾ ਵਾਲਾ ਧਰਮ ਹੈ। ਗੁਰਸਿੱਖਾ ਲਈ ਸਿੱਖ ਧਰਮ ਅੰਦਰ ਰਹਿਤ ਅਤੇ ਗੁਰਮਤਿ ਮਰਿਯਾਦਾ ਲਈ ਸਤਿਕਾਰ ਅਤੇ ਮਾਨਤਾ ਹੈ। ਪਰ ਪਿਛਲੇ ਕੁਝ ਸਮੇਂ ਤੋਂ ਸਿੱਖ ਮਿਸ਼ਨਰੀਆਂ ਦੁਆਰਾ ਪ੍ਰਚਾਰ ਲਈ ਅਪਣਾਏ ਜਾ ਰਹੇ ਪਰਾਤਨ ਸਿੱਖ ਇਤਿਹਾਸ ਸੰਬੰਧੀ ਵਰਤਾਰੇ, ਸੰਕੇ ਅਤੇ ਦਸ਼ਮ ਗ੍ਰੰਥ ਅੰਦਰ ਗੁਰਬਾਣੀ ਨੂੰ ਗੁਰੂ ਸਾਹਿਬ ਦਾ ਰਚਨਾ ਨਾ ਕਹਿਣਾ ਆਦਿਕ ਨੂੰ ਲੈ ਕੇ ਫਰਿਜ਼ਨੋ ਵਿਖੇ ਖੁੱਲੇ ਪੰਡਾਲ ਅੰਦਰ ਇਕ ਅੰਤਰ ਰਾਸ਼ਟਰੀ ਪੱਧਰ ਦਾ ਸੈਮੀਨਾਰ ਕਰਵਾਇਆ ਗਿਆ।

ਜਿਸ ਦੀ ਸੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕੀਤੀ ਗਈ। ਇਸ ਸੰਬੰਧੀ ਹਾਜ਼ਰ ਬੁਲਾਰਿਆ ਦਾ ਕਹਿਣਾ ਸੀ ਕਿ ਅੱਜ ਦੇ ਸਮੇਂ ਦੇ ਬਹੁਤ ਸਾਰੇ ਸਿੱਖ ਮਿਸ਼ਨਰੀ ਪ੍ਰਚਾਰਕ, ਬੁਲਾਰੇ ਅਤੇ ਸੰਤ ਸਿੱਖ ਧਰਮ ਨੂੰ ਪ੍ਰਚਾਰ ਦੇ ਬਹਾਨੇ ਅਸਲ ਵਿੱਚ ਢਾਹ ਲਾ ਰਹੇ ਹਨ। ਅਜਿਹਾ ਕਰਦੇ ਹੋਏ ਉਹ ਗੁਰਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਇਸ ਸਮੇਂ ਪ੍ਰੋ. ਸਰਬਜੀਤ ਸਿੰਘ ਧੁੰਦਾ, ਘੱਗਾ ਅਤੇ ਭਾਈ ਪੰਥਪ੍ਰੀਤ ਸਿੰਘ ਆਦਿਕ ਮਿਸ਼ਨਰੀਆਂ ਦੇ ਨਾਵਾਂ ਦਾ ਜ਼ਿਕਰ ਵੀ ਬਹੁਤ ਵਾਰ ਹੋਇਆਂ ਕਿ ਉਹ ਸਿੱਖਾਂ ਦੀਆਂ ਧਾਰਮਿਕ ਮਰਿਯਾਦਾ ਅੰਦਰ ਆਪਣੀ ਮਨ ਮੱਤ ਵਰਤ ਵਿਗਾੜ ਪਾ ਰਹੇ ਹਨ। ਇਸ ਸਮੇਂ ਬੁਲਾਰਿਆਂ ਵਿੱਚ ਸ. ਗੁਰਪਾਲ ਸਿੰਘ ਹੰਸ਼ਰਾ ਨੇ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾ ਦਿੱਤੀਆਂ ਕਿ ਸਿੱਖ ਮੜੀਆਂ, ਮਸ਼ੀਤੀ ਜਾਂ ਮੰਦਰੀ ਜਾਂ ਰਹੇ ਹਨ। ਇੰਗਲੈਡ ਤੋਂ ਪਹੁੰਚੇ ਬੁਲਾਰੇ ਡਾ. ਗੁਰਿੰਦਰ ਸਿੰਘ ਨੇ ਦਸ਼ਮ ਗ੍ਰੰਥ ਅਤੇ ਸ਼ਸ਼ਤਰਾ ਬਾਰੇ ਗੱਲ ਕਰਦੇ ਹੋਏ ਪ੍ਰਮਾਣਤ ਸਬੂਤਾਂ ਦੀ ਗੱਲ ਵੀ ਕੀਤੀ। ਜੋ ਕਿ ਅੱਜ ਵੀ ਗੁਰੂ ਸਾਹਿਬ ਅਤੇ ਵਿਦਵਾਨਾ



ਦੀਆਂ ਲਿਖਤਾ ਦੇ ਰੂਪ ਵਿੱਚ ਮੌਜ਼ੂਦ ਹਨ। ਭਾਈ ਗੁਰਪ੍ਰੀਤ ਸਿੰਘ ਨੇ ਸ੍ਰੀ ਦਸ਼ਮ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮਾਨਤਾ ਦੀ ਗੱਲ ਕੀਤੀ। ਭਾਰਤ ਤੋਂ ਪਹੁੰਚੇ ਡਾ. ਅਨੁਰਾਗ ਸਿੰਘ ਨੇ ਦਸ਼ਮ ਗ੍ਰੰਥ ਅੰਦਰ ਚਰਿਤ੍ਰੋ ਪਾਖਿਆਨ ਨੂੰ ਲੈ ਕੇ ਅਖੌਤੀ ਪਰਚਾਰਕਾ ਦੁਆਰਾ ਪਾਏ ਜਾ ਰਹੇ ਅਗਿਆਨ ਦੀ ਗੱਲ ਕੀਤੀ। ਡਾ. ਹਰਭਜਨ ਸਿੰਘ ਨੇ ਬਚਿੱਤਰ ਨਾਟਕ, ਭ੍ਰਾਤੀਆਂ ਅਤੇ ਸਮਾਧਾਨ 'ਤੇ ਵਿਚਾਰਾ ਕੀਤੀਆ। ਇਸ ਸਮੇਂ ਹੋਰ ਬਹੁਤ ਸਾਰੇ ਬੁਲਾਰਿਆ ਅਤੇ ਪ੍ਰਚਾਰਕਾ ਨੇ ਵਿਚਾਰਾ ਦੀ ਸਾਂਝ ਪਾਈ। ਬਾਬਾ ਕਰਤਾਰ ਸਿੰਘ ਅਤੇ ਗੁ-ਰੂਘਰ ਦੇ ਪ੍ਰਬੰਧਕਾ ਵੱਲੋਂ ਸਮੂੰਹ ਬੁਲਾਰਿਆਂ ਨੂੰ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ।

ਸਟੇਜ ਸੰਚਾਲਨ ਡਾ. ਗੁਰਚੇਤ ਸਿੰਘ ਨੇ ਇਤਿਹਾਸਕ ਵਿਚਾਰਾ ਦਿੰਦੇ ਹੋਏ ਪੇਸ਼ ਕੀਤਾ ਅਤੇ ਪਖੰਡੀ ਪ੍ਰਚਾਰਕਾ ਤੋਂ ਬਚਣ ਦੀ ਅਪੀਲ ਕੀਤੀ। ਇਸ ਜਾਣਕਾਰੀ ਭਰਪੂਰ ਸਮਾਗਮ ਵਿੱਚ ਇਲਾਕੇ ਭਰ ਦੀਆਂ ਸੰਗਤਾਂ ਨੇ ਹਿੱਸਾ ਲਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਵਾਦ-ਵਿਵਾਦ ਦੇ ਘੇਰੇ ਅੰਦਰ ਚਲ ਰਹੀ ਸਿੱਖ ਕੌਮ ਆਪਸ ਵਿੱਚ ਲੜ-ਲੜ ਆਪਸੀ ਰੰਜ਼ਸਾ ਕੱਢ ਰਹੀ ਹੈ। ਜਿਸ ਵਿੱਚ ਸਿਆਸੀ ਅਤੇ ਬਾਹਰੀ ਤਾਕਤਾ ਦਾ ਵੀ ਹੱਥ ਹੋ ਸਕਦਾ ਹੈ। ਪਰ ਦੁਖਾਂਤ ਦੀ ਗੱਲ ਇਹ ਹੈ ਕਿ ਦੂਜੇ ਧਰਮਾਂ ਦੇ ਲੋਕ ਇੰਨਾਂ ਦੀ ਫੁੱਟ ਦਾ ਫਾਇਦਾ ਉੁਠਾ ਸਿੱਖਾਂ ਨੂੰ ਧਰਮ ਬਦਲਣ ਲਈ ਪ੍ਰੇਰਿਤ ਕਰ ਰਹੇ ਹਨ। ਹੁਣ ਮੌਜ਼ੂਦਾ ਸਮੇਂ ਦੀ ਲੋੜ ਹੈ ਕਿ ਇਹ ਸਾਰੇ ਧਰਮ ਪ੍ਰਚਾਰਕ ਜਾਂ ਕੌਮ ਦੇ ਲੀਡਰ ਲਾਲਚ ਨੂੰ ਤਿਆਗ ਅਤੇ ਆਪਣੇ ਹੰਕਾਰ ਨੂੰ ਮਾਰ ਕੇ ਧਰਮ ਨੂੰ ਸਭ ਤੋਂ ਪਹਿਲਾ ਬਾਹਰੀ ਤਾਕਤਾ ਤੋਂ ਬਚਾਉਣ। ਅਹਿਜਾ ਕਰਦੇ ਹੋਏ ਧਰਮ ਦਾ ਸਤਿਕਾਰ ਅਤੇ ਇੰਨ੍ਹਾਂ ਦੀ ਹੋਂਦ ਵੀ ਬਰਕਰਾਰ ਰਹਿ ਸਕਦੀ ਹੈ।

# "ਆਪ" ਬੁਲਾਰੇ ਸੁਖਪਾਲ ਖਹਿਰਾ ਦੀ ਫਰਿਜ਼ਨੋ ਫੇਰੀ ਸਬੰਧੀ ਲੋਕਲ ਵਲੰਟੀਅਰਾਂ ਦੀ ਅਹਿਮ ਮੀਟਿੰਗ




**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ-** ਆਮ ਆਦਮੀਂ ਪਾਰਟੀ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਚੌਦਾਂ ਅਪ੍ਰੈਲ ਤੋਂ ਇੱਕ ਮਈ ਤੱਕ "ਆਪ" ਪਾਰਟੀ ਵੱਲੋਂ ਪ੍ਰਮਾਣਿਤ ਆਪਣੀ ਫੇਰੀ ਤੇ ਅਮਰੀਕਾ ਪਹੁੰਚ ਰਹੇ ਹਨ, ਜਿਥੇ ਉਹ ਅਮਰੀਕਾ ਦੇ ਵਖੋ-ਵੱਖ ਸ਼ਹਿਰਾ ਵਿੱਚ ਪਹੁੰਚਕੇ ਪ੍ਰਵਾਸੀਆਂ ਨੂੰ ਪਾਰਟੀ ਏਜੰਡੇ ਤੋਂ ਜਾਣੂ ਕਰਵਾਉਣਗੇ। ਇਸੇ ਕੜੀ ਤਹਿਤ ਉਹ ਫਰਿਜਨੋ ਦੇ ਐਡੀਸਨ ਸ਼ੋਸ਼ਲ ਕਲੱਬ ਵਿੱਖੇ ਉਨੀਂ ਅਪ੍ਰੈਲ ਦਿਨ ਮੰਗਲਵਾਰ ਸ਼ਾਮੀਂ ਛੇ ਵਜੇ ਪੰਜਾਬੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਨਗੇ।

ਇਸ ਪ੍ਰੋਗ੍ਰਾਮ ਦੀਆਂ ਤਿਆਰੀਆਂ ਸਬੰਧੀ ਫਰਿਜ਼ਨੋ ਆਪ ਵਲੰਟੀਅਰਾਂ ਦੀ ਇੱਕ ਅਹਿਮ ਮੀਟਿੰਗ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿਖੇ ਹੋਈ, ਜਿਥੇ ਖਹਿਰਾ ਫੇਰੀ ਸਬੰਧੀ ਤਿਆਰੀਆਂ ਦਾ ਜਾਇਜਾ ਲੈਦਿਆਂ ਫਰਿਜ਼ਨੋ ਆਪ ਇਕਾਈ ਦੇ ਬੁਲਾਰੇ ਗੁਰਨੇਕ ਸਿੰਘ ਬਾਗੜੀ ਨੇ ਦੱਸਿਆ ਕਿ ਸਾਨੂੰ ਆਸ ਹੈ ਕਿ ਲੋਕੀਂ ਵੱਡੀ ਗਿਣਤੀ ਵਿੱਚ ਪਹੁੰਚਕੇ ਆਪਣੇ ਮਹਿਬੂਬ ਲੀਡਰ ਦੇ ਵਿਚਾਰ ਸੁਣਨਗੇ ਅਤੇ ਆਪਣੇ ਪ੍ਰਸ਼ਨ ਉਹਨਾਂ ਅੱਗੇ ਰੱਖਕੇ ਰਲ ਬੈਠਕੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਨਸ਼ੇ ਵਿੱਚ ਡੁਬਦੇ ਪੰਜਾਬ ਨੂੰ ਬਚਾਉਣ ਲਈ ਵਿਚਾਰਾਂ ਕਰਨਗੇ।

ਇਸ ਮੌਕੇ ਉਹਨਾਂ ਸਮੂੰਹ ਪੰਜਾਬੀ ਭਾਈਚਾਰੇ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਅਤੇ ਕਿਹਾ ਕਿ ਇਸ ਪ੍ਰੋਗਰਾਮ ਲਈ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਕੇ ਫਰੀ ਪਾਰਕਿੰਗ ਦੇ ਨਾਲ ਨਾਲ ਜਿਥੇ ਚਾਹ ਪਕੌੜਿਆ ਦਾ ਪ੍ਰਬੰਧ ਹੋਵੇਗਾ ਉਥੇ ਸਭਨਾਂ ਲਈ ਲੰਗਰ ਵੀ ਅਤੁਟ ਵਰਤੇਗਾ। ਇਸ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ-

ਗੁਰਨੇਕ ਸਿੰਘ ਬਾਗੜੀ (559) 916-6953
ਅਮੋਲਕ ਸਿੰਘ ਸਿੱਧੂ (559) 709-0089
ਸਤਵੰਤ ਵਿਰਕ (559) 978-3361
ਜੰਗੀਰ ਸਿੰਘ ਗਿੱਲ (559) 260-1240

# ਡਾ. ਰਾਜਵੰਤ ਸਿੰਘ (ਈਕੋ ਸਿੱਖ) ਗੱਤਕਾ ਫੈਡਰੇਸ਼ਨ ਯੂ. ਐਸ. ਏ. ਪ੍ਰਧਾਨ ਨਿਯੁਕਤ

**ਨਿਉਯਾਰਕ-** ਗੱਤਕਾ ਖੇਡ ਦੀ ਸਿਖਰ ਦੀ ਜੱਥੇਬੰਦੀ-ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਗੱਤਕਾ ਖੇਡ ਨੂੰ ਵਿਸ਼ਵ ਦੇ ਹਰ ਖਿੱਤੇ ਵਿੱਚ ਪਹੁੰਚਾਉਣ ਹਿੱਤ ਅੰਤਰਰਾਸ਼ਟਰੀ ਗੱਤਕਾ ਫੈਡਰੇਸ਼ਨਾਂ ਦਾ ਢਾਂਚਾ ਹਰ ਦੇਸ਼ ਵਿਚ ਤਿਆਰ ਕੀਤਾ ਜਾ ਰਿਹਾ ਹੈ। ਇਸੇ ਕੜੀ ਨੂੰ ਅੱਗੇ ਤੋਰਦਿਆਂ ਡਾ. ਰਾਜਵੰਤ ਸਿੰਘ ਚੇਅਰਮੈਨ ਸਿੱਖ ਕੌਂਸਲ ਅਮਰੀਕਾ ਨੂੰ ਗੱਤਕਾ ਫੈਡਰੇਸ਼ਨ ਯੂ.ਐਸ.ਏ ਦਾ ਪ੍ਰਧਾਨ ਨਿਯੁੱਕਤ ਕੀਤਾ ਗਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਕਨਵੀਨਰ ਤੇ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਵਲੋਂ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਡਾ. ਦੀਪ ਸਿੰਘ ਕਨਵੀਨਰ, ਵਿਸ਼ਵ ਗੱਤਕਾ





ਫੈਡਰੇਸ਼ਨ ਨੇ ਦਸਿੱਆਂ ਕਿ ਭਾਰਤ, ਕਨੇਡਾ, ਇੰਗਲੈਂਡ, ਇਟਲੀ, ਥਾਈਲੈਂਡ, ਫਰਾਂਸ, ਦੁਬਈ, ਪਾਕਿਸਤਾਨ, ਸਵੀਡਨ, ਪੁਰਤਗਾਲ, ਮਲੇਸ਼ੀਆਂ, ਸਿੰਗਾਪੁਰ, ਨਿਉਜੀਲੈਂਡ, ਹਾਂਗਕਾਂਗ, ਨੇਪਾਲ ਅਤੇ ਫਿਲੀਪੀਨ ਵਿੱਖੇ ਗੱਤਕਾ ਫੈਡਰੇਸ਼ਨਾ ਐਲਾਨੀਆਂ ਜਾ ਚੁੱਕੀਆਂ ਹਨ ਅਤੇ ਹੁਣ ਅਮਰੀਕਾ ਵਿੱਚ ਵੀ ਗੱਤਕਾ ਫੈਡਰੇਸ਼ਨ ਦਾ ਢਾਂਚਾ ਤਿਆਰ ਕੀਤਾ ਜਾ ਚੁੱਕਾ ਹੈ। ਡਾ. ਉਬਰਾਏ ਨੇ ਦਸਿੱਆ ਕਿ ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਪ੍ਰਧਾਨਗੀ ਦੀ ਜਿੰਮੇਵਾਰੀ ਡਾ. ਰਾਜਵੰਤ ਸਿੰਘ ਜੀ ਨੂੰ ਨਿਯੁੱਕਤੀ ਪੱਤਰ ਸੋਂਪ ਕੇ ਦਿੱਤੀ ਜਾ ਚੁੱਕੀ ਹੈ।ਉਹਨਾਂ ਦੱਸਿਆਂ ਕਿ ਡਾ. ਰਾਜਵੰਤ ਸਿੰਘ ਪਿਛਲੇ ਲੰਮੇ ਚਿਰ ਤੋਂ ਸਿੱਖੀ ਸਰੂਪ ਵਿੱਚ ਰਹਿ ਕੇ ਪੰਥਕ ਸੇਵਾਵਾਂ ਲਈ ਤਤਪਰ ਹਨ। ਡਾ. ਰਾਜਵੰਤ ਸਿੰਘ ਵਲੋਂ ਸਕੌਰ, ਈਕੋ ਸਿੱਖ ਅਤੇ ਸਿੱਖ ਕੌਂਸਲ ਅਮਰੀਕਾ ਵਰਗੀਆਂ ਨਾਮਵਰ ਜੱਥੇਬੰਦੀਆਂ ਰਾਂਹੀ ਧਾਰਮਿਕ ਅਤੇ ਸਮਾਜਿਕ ਤੌਰ ਤੇ ਵਧੀਆ ਕਾਰਜ ਕੀਤੇ ਜਾ ਰਹੇ ਹਨ। ਜਿੱਥੇ ਉਹ ਧਾਰਮਿਕ ਸੇਵਾ ਕਰਦੇ ਹਨ ਉੱਥੇ ਹੀ ਈਕੋ ਸਿੱਖ ਰਾਂਹੀ ਗਲੋਬਲ ਵਾਰਮਿੰਗ ਵਰਗੀਆਂ ਕੌਮੀ ਸਮਸਿੱਆਵਾਂ ਨਾਲ ਵੀ ਨਜੀਠੱਣ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੇ ਹਨ ਅਤੇ ਹੋਰ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ।

ਇਸ ਮੌਕੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਵਾਈਸ ਪ੍ਰਧਾਨ ਹਰਚਰਨ ਸਿੰਘ ਭੁੱਲਰ, ਆਈ.ਪੀ.ਐਸ. ਅਤੇ ਫੈਡਰੇਸ਼ਨ ਦੇ ਸਮੂਹ ਮੈਂਬਰਾਂ ਵਲੋਂ ਡਾ. ਰਾਜਵੰਤ ਸਿੰਘ ਨੂੰ ਇਹ ਸੇਵਾ ਲਈ ਵਧਾਈ ਦਿੱਤੀ ਗਈ।

ਇਸ ਮੌਕੇ ਡਾ. ਰਾਜਵੰਤ ਸਿੰਘ ਵਲੋਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੱਤਕੇ ਦੀ ਪੁਰਾਤਨ ਕਲਾ ਨੂੰ ਖੇਡ ਵਜੋਂ ਵਿਕਸਿਤ ਕਰਨਾ ਆਪਣੇ ਆਪ ਵਿੱਚ ਵੱਡਾ ਉਪਰਾਲਾ ਹੈ ਜਿਸ ਕਾਰਨ ਹੁਣ ਵਿਦਿਆਰਥੀ ਵਰਗ ਵੀ ਗੱਤਕਾ ਖੇਡ ਨਾਲ ਜੁੜਦਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਜਲਦੀ ਹੀ ਗੱਤਕਾ ਫੈਡਰੇਸ਼ਨ ਯੂ.ਐਸ.ਏ ਅਧੀਨ ਗੱਤਕਾ ਖੇਡ ਨੂੰ ਪ੍ਰਫੁਲੱਤ ਕਰਨ ਹਿੱਤ ਉਪਰਾਲੇ ਆਰੰਭੇ ਜਾਣਗੇ। ਆਪਣੀ ਨਿਯੁਕੱਤੀ ਸਬੰਧੀ ਉਹਨਾਂ ਵਲੋਂ ਵਿਸ਼ਵ ਗੱਤਕਾ ਫੈਡਰੇਸ਼ਨ ਦਾ ਵਿਸ਼ੇਸ ਧੰਨਵਾਦ ਕੀਤਾ ਗਿਆ।

# ਐਂਟੀਲੋਪ, ਸੈਕਰਾਮੈਂਟੋ ਵਿਚ ਵਿਸਾਖੀ ਕਲਚਰਲ ਪ੍ਰੋਗਰਾਮ ਪਹਿਲੀ ਮਈ ਨੂੰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸਿੱਖ ਪੰਜਾਬੀ ਯੂਥ ਕਲੱਬ ਐਂਟੀਲੋਪ ਸੈਕਰਾਮੈਂਟੋ ਵੱਲੋਂ ਪਹਿਲਾ ਵਿਸਾਖੀ ਕਲਚਰਲ ਪ੍ਰੋਗਰਾਮ ਮਈ ਪਹਿਲੀ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਵੱਖ-ਵੱਖ ਸਭਿਅਕ ਆਈਟਮਾਂ ਜਿਹਨਾਂ ਵਿਚ ਗਿੱਧਾ, ਭੰਗੜਾ ਹੋਰ ਆਈਟਮਾਂ ਤੋਂ ਇਲਾਵਾ ਉਘੇ ਗਾਇਕ ਗੁਰਲੇਜ ਅਖਤਰ ਅਤੇ ਕੁਲਵਿੰਦਰ ਕੈਲੀ ਗਾਇਕ ਜੋੜੀ ਆਪਣੀ ਗਾਇਕੀ ਦਾ ਮੁਜ਼ਾਹਰਾ ਕਰਨਗੇ।

ਇਸ ਤੋਂ ਇਲਾਵਾ ਸਤਪਾਲ ਦਿਓਲ ਤੇ ਗੋਗੀ ਸੰਧੂ ਵੀ ਆਪਣੀ ਗਾਇਕੀ ਪੇਸ਼ ਕਰਨਗੇ। ਮੁੱਖ ਪ੍ਰਬੰਧਕ ਗੁਰਮੀਤ ਗਰੇਵਾਲ, ਗੁਰੀ ਕੰਗ, ਰਨਵੀਰ ਸੈਣੀ ਤੇ ਕੈਨੀ ਵਿਰਕ ਨੇ ਦੱਸਿਆ ਕਿ ਇਹ ਪ੍ਰੋਗਰਾਮ ਪਰਿਵਾਰਕ ਹੋਵੇਗਾ ਤੇ ਸਕਿਊਰਟੀ ਦਾ ਖਾਸ ਖਿਆਲ ਰੱਖਿਆ ਗਿਆ ਹੈ।

ਇਸ ਪ੍ਰੋਗਰਾਮ ਦਾ ਆਯੋਜਨ ਫਲਮੀਂਗੋ ਬੈਂਕੁਟ ਹਾਲ 5715 ਵਾਟ ਐਵਨਿਊ ਨਾਰਥ ਹਾਈਲੈਂਡ ਕੈਲੇਫੋਰਨੀਆ ਵਿਖੇ ਹੋਵੇਗਾ। ਇਹ ਪ੍ਰੋਗਰਾਮ ਸ਼ਾਮ 4 ਵਜੇ ਤੋਂ ਲੈ ਕੇ ਰਾਤ 9 ਵਜੇ ਤੱਕ ਚੱਲੇਗਾ।

# ਜੀ. ਐਚ. ਜੀ. ਵਿਰਾਸਤੀ ਖੇਡ ਮੇਲਾ ਨਵੀਂ ਪੀੜ੍ਹੀ ਨੂੰ ਆਪਣੇ ਸਭਿਆਚਾਰ ਅਤੇ ਵਿਰਾਸਤੀ ਜੜ੍ਹਾਂ ਨਾਲ ਜੋੜਨ ਲਈ ਇਕ ਨਿੱਗਰ ਉਪਰਾਲਾ

**ਫਰਿਜ਼ਨੋ (ਪ੍ਰਮਜੀਤ ਸਿੰਘ ਧਾਲੀਵਾਲ)-** ਫਰਿਜ਼ਲੋ ਸਥਿਤ ਗੈਰ ਮੁਨਾਫਾ ਸੰਸਥਾ ਜੀ. ਐਚ. ਜੀ. ਸੰਗੀਤ ਐਂਡ ਡਾਂਸ ਅਕੈਡਮੀ ਦਾ ਪੰਜਵਾਂ ਵਿਰਾਸਤੀ ਖੇਡ ਮੇਲਾ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਯਾਦ-ਗਰੀ ਹੋ ਨਿੱਬੜਿਆ। ਪੰਜ ਸੌ ਤੋਂ ਵੀ ਵੱਧ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਸਹਿਯੋਗ ਨਾਲ ਪੰਜਵੇਂ ਵਿਰਾਸਤੀ ਖੇਡ ਮੇਲੇ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੇ ਲੋਕਾਂ ਨੇ ਆਪਣੇ ਆਪ ਨੂੰ ਪੰਜਾਬ ਦੇ ਪਿੰਡਾਂ ਵਿਚ ਵਿੱਚਰਦੇ ਹੋਏ ਮਹਿਸੂਸ ਕੀਤਾ। ਫਰਿਜ਼ਨੋ ਦਾ ਰੋਇਡਿੰਗ ਪਾਰਕ ਸਾਰਾ ਦਿਨ ਵਿਰਾਸਤੀ ਖੇਡਾਂ ਦੇ ਰੰਗ ਵਿਚ ਰੰਗਿਆ ਰਿਹਾ। ਇਸ ਮੇਲੇ ਦਾ ਮੁੱਖ ਉਦੇਸ਼ ਇੱਥੇ ਜਨਮੀ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਨਾਲ ਨਾਲ ਆਪਣੇ ਬਹੁਮੁੱਲੇ ਵਿਰਾਸਤੀ ਸਭਿਆਾਰ ਤੋਂ ਵਾਕਫ ਰੱਖਣਾ ਹੈ। ਇਸ ਯੁਵਕ ਮੇਲੇ ਵਿਚ ਪੁਰਾਤਨ ਪੰਜਾਬੀ ਵਿਰਾਸਤੀ ਖੇਡਾਂ ਗੁੱਲੀ ਡੰਡਾ, ਬੰਟੇ, ਪਿੱਠੂ, ਗੀਟੇ, ਬਾਂਦਰ ਕੀਲਾ, ਕੋਟਲਾ ਛਪਾਕੀ, ਚਾਟੀ ਰੇਸ, ਰੱਸਾਕਸ਼ੀ, ਘੋੜਾ ਕਬੱਡੀ, ਕਬੱਡੀ ਅਤੇ ਵੱਖ ਵੱਖ ਕਿਸਮ ਦੀਆਂ ਖੇਡਾਂ ਦਾ ਹਾਜ਼ਰ ਦਰਸ਼ਕਾਂ ਨੇ ਆਨੰਦ ਮਾਣਿਆ।



ਇਸ ਵਿਰਾਸਤੀ ਖੇਡ ਮੇਲ ਦੀ ਆਰੰਭਤਾ ਸ. ਕੁਲਵੰਤ ਸਿੰਘ ਖਹਿਰਾ ਨੇ ਅਰਦਾਸ ਕਰਕੇ ਅਤੇ ਅਮਰੀਕਾ ਦੇ ਨੈਸ਼ਨਲ ਐਂਥਮ ਨਾਲ ਕੀਤੀ ਗਈ। ਸਟੇਜ ਦੀ ਜ਼ਿੰਮੇਵਾਰੀ ਸ. ਗੁਰਦੀਪ ਸਿੰਘ ਸ਼ੇਰਗਿੱਲ ਅਤੇ ਜਸਪ੍ਰੀਤ ਸਿੰਘ ਸਿੱਧੂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।

ਇਸ ਮੇਲੇ ਵਿਚ ਭਾਗ ਲੈ ਰਹੇ ਨੌਜਵਾਨ ਖਿਡਾਰੀਆਂ ਨੇ ਆਪਣੀਆਂ ਆਪਣੀਆਂ ਖੇਡਾਂ ਦਾ ਪ੍ਰਦਰਸ਼ਨ ਕਰਕੇ ਦਰਸ਼ਕਾਂ ਨੂੰ ਅੰਤ ਤੱਕ ਮੰਤਰ ਮੁਗਧ ਕਰੀ ਰੱਖਿਆ। ਕੈਲੇਫੋਰਨੀਆ ਗੱਤਕਾ ਦਲ ਦੀ ਟੀਮ ਨੇ ਆਪਣੇ ਜੌਹਰ ਦਿਖਾਉਂਦਿਆਂ ਸਮੁੱਚੀ ਹਾਜ਼ਰੀਨ ਤੋਂ ਵਾਹ ਵਾਹ ਖੱਟੀ।

ਘੋੜਾ ਕਬੱਡੀ ਦੇ ਮੁਕਾਬਲਿਆਂ ਵਿਚ ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਗਾਸ ਦੇ ਬੱਚਿਆਂ ਦੀ ਸੀਨੀਅਰ ਖਾਲਸਾ ਟੀਮ ਨੇ ਪਹਿਲਾ ਲੰਗਰ ਵਿਚ ਗਰਮ ਜਲੇਬੀਆਂ, ਪਕੌੜੇ, ਛੋਲੇ-ਭਟੂਰੇ, ਚਾਹ ਅਤੇ ਹੋਰ ਮਠਿਆਈਆਂ ਦੀ ਸਾਰਾ ਦਿਨ ਤੋਟ ਨਹੀਂ ਆਈ।

ਅਤੇ ਜੀ. ਐਚ. ਜੀ. ਅਕੈਡਮੀ ਦੀ ਟੀਮ ਦੂਜੇ ਨੰਬਰ ਤੇ ਰਹੀ ਪਰ ਜੂ-ਨੀਅਰ ਮੁਕਾਬਲੇ ਦੌਰਾਨ ਜੀ. ਐਚ. ਜੀ. ਦੇ ਬੱਚੇ ਬਾਜੀ ਮਾਰ ਗਏ ਅਤੇ ਖਾਲਸਾ ਟੀਮ ਦੂਜੇ ਸਥਾਨ ਤੇ ਰਹੀ। ਰੱਸੀਕਸ਼ੀ ਵਿਚ ਬੁਲਡੌਗ ਟਰੱਕਿੰਗ ਦੇ ਗੱਭਰੂ ਪਹਿਲੇ ਅਤੇ ਫਰਿਜ਼ਨੋ ਟਰ-ਕਿੰਗ ਟੀਮ ਦੇ ਨੌਜਵਾਨ ਦੂਜੇ ਨੰਬਰ ਤੇ ਆਏ। ਲੋਕਲ ਖੇਡ ਪ੍ਰਮੋਟਰ ਪ੍ਰੀਤਮ ਸਿੰਘ ਅਤੇ ਕੁਲਵੰਤ ਸਿੰਘ ਖਹਿਰਾ ਵੱਲੋਂ ਤਿਆਰ ਕੀਤੇ ਬੱਚਿਆਂ ਨੇ ਕਬੱਡੀ ਦਾ ਪ੍ਰਦਰਸ਼ਨ ਕਰਕੇ ਸਾਰਾ ਮੇਲਾ ਲੁੱਟ ਲਿਆ।

ਲੜਕੀਆਂ ਦੇ ਖੇਡ ਮੈਦਾਨ ਵਿਚ ਬੀਬੀ ਤਰਨਜੀਤ ਕੌਰ ਕਲੇਰ ਅਤੇ ਸ਼ਗਨਦੀਪ ਕੌਰ ਵੜੈਚ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਸਾਰਾ ਦਿਨ ਬੱਚੀਆਂ ਨੂੰ ਪੁਰਾਤਨ ਖੇਡਾਂ ਨਾਲ ਜੋੜੀ ਰੱਖਿਆ। ਸਮਾਰੋਹ ਨੂੰ ਕਾਮਯਾਬ ਕਰਨ ਲਈ ਪਰਮਜੀਤ ਧਾਲੀਵਾਲ, ਸਰਬਜੀਤ ਸਿੱਧੂ, ਉਦੈਦੀਪ ਸਿੱਧੂ, ਜਗਰੂਪ ਧਾਲੀਵਾਲ, ਰਾਜਿੰਦਰ ਧਾਲੀਵਾਲ, ਜਵਿੰਦਰਪਾਲ ਸਿੰਘ, ਅਮਨਦੀਪ ਖਹਿਰਾ, ਦਵਿੰਦਰ ਨਾਗੀ, ਸਤਿੰਦਰ ਲੰਗੂ, ਗੁਰਪ੍ਰੀਤ ਬੱਧਨੀ, ਬਸੰਤ ਧਾਲੀਵਾਲ, ਸੁਖਦੇਵ ਚੀਮਾ, ਹਰਦੀਪ ਕਲੇਰ, ਹਰਬਿਦਰ ਸਰਾਂ, ਸ਼ੀਤਲ ਮਾਹਲ, ਅਰਵਿੰਦਰ ਕਾਹਲੋਂ, ਜਗਜੀਤ ਧਾਲੀਵਾਲ, ਗੁਰਦੀਪ ਸ਼ੇਰਗਿੱਲ, ਤਰਨਜੀਤ ਕੌਰ ਕਲੇਰ, ਸ਼ਗਨਦੀਪ ਕੌਰ ਵੜੈਚ, ਕੁਲਦੀਪ ਕੌਰ ਨਾਗਰਾ, ਸ਼ੈਲੀ ਧਾਲੀਵਾਲ ਨੇ ਖੂਬ ਸੇਵਾ ਨਿਭਾਈ।

ਦੇਸ਼ ਦੁਆਬਾ

# ਇਕ ਵਿਚਾਰਧਾਰਾ ਦਾ ਨਾਂ ਡਾ. ਅੰਬੇਡਕਰ

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ 125ਵਾਂ ਜਨਮ ਦਿਹਾੜਾ ਮਨਾਉਂਦਿਆਂ ਅੱਜ ਅਸੀਂ ਇਸ ਮਹਾਨ ਸ਼ਖਸੀਅਤ ਬਾਰੇ ਤਾਂ ਬਹੁਤ ਕੁਝ ਕਹਿੰਦੇ ਹਾਂ, ਉਹਨਾਂ ਨੂੰ ਮਹਾਨ ਵਿਦਵਾਨ ਕਹਿੰਦੇ ਹਾਂ, ਮਨੁੱਖੀ ਅਧਿਕਾਰ ਚੈਂਪੀਅਨ, ਭਾਰਤੀ ਸੰਵਿਧਾਨ ਦਾ ਨਿਰਮਾਤਾ ਕਹਿੰਦੇ ਹਾਂ ਅਤੇ ਦੱਬੇ-ਕੁਚਲੇ ਸਮਾਜ ਲਈ ਲੜਨ ਵਾਲਾ ਯੋਧਾ ਵੀ ਕਹਿੰਦੇ ਹਾਂ। ਆਮ ਲੋਕੀ ਵੀ ਡਾ. ਅੰਬੇਡਕਰ ਦੀ ਵਿਦਵਤਾ ਦੇ ਕਾਇਲ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਅਤੇ ਵਿਚਾਰ ਬਹੁਤ ਘੱਟ ਹੁੰਦਾ ਹੈ। ਅਸੀਂ ਬਾਬਾ ਸਾਹਿਬ ਜਾਂ ਬਹੁਜਨ ਸਮਾਜ ਦੇ ਹੋਰ ਮਹਾਂਪੁਰਖਾਂ ਦਾ ਗੁਣਗਾਣ ਬਹੁਤ ਕਰਦੇ ਹਾਂ, ਉਹਨਾਂ ਨੂੰ ਮੰਨਦੇ ਵੀ ਹਾਂ ਪਰ ਉਹਨਾਂ ਦੇ ਦਰਸਾਏ ਮਾਰਗ 'ਤੇ ਨਹੀਂ ਚੱਲਦੇ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਡਾ. ਅੰਬੇਡਕਰ ਨੂੰ ਮਹਾਨ ਵਿਦਵਾਨ ਮੰਨਦੇ ਹਨ ਪਰ ਉਹਨਾਂ ਨੂੰ ਪੜ੍ਹਨ, ਉਹਨਾਂ ਦੀ ਵਿਦਵਤਾ ਨੂੰ ਗਹਿਰਾਈ ਨਾਲ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਭਾਰਤ ਦੀਆਂ ਸਰਕਾਰਾਂ- ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ 'ਚ ਜੁਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਦਲਿਤ ਸਮਾਜ ਅਤੇ ਔਰਤ ਵਰਗ ਦੇ ਨਾਲ-ਨਾਲ ਸਾਰੇ ਮੁਲਕ ਦਾ ਭਲਾ ਚਾਹੁੰਦੇ ਸਨ, ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਡਾ. ਅੰਬੇਡਕਰ ਨੇ ਆਪਣਾ ਬਹੁਤਾ ਸਮਾਂ ਦਲਿਤ ਅਤੇ ਦੱਬੇ ਕੁਚਲੇ ਵਰਗ ਨੂੰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਲਈ ਲਗਾਇਆ ਪਰ ਅੱਜ ਸਿਆਸੀ ਪਾਰਟੀਆਂ ਇਸ ਵਰਗ ਨੂੰ ਵੋਟ ਬੈਂਕ ਹੀ ਮੰਨਦੀਆਂ ਹਨ।

ਭਾਰਤ ਵਿਚ ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਸੰਵਿਧਾਨਕ ਰਿਜ਼ਰਵੇਸ਼ਨ ਦੀ ਮੰਗ ਦਿਨੋ ਦਿਨ ਪ੍ਰਬੱਲ ਹੁੰਦੀ ਜਾ ਰਹੀ ਹੈ। ਭਾਰਤ ਵਿਚ ਇਸ ਨੂੰ ਲੈ ਕੇ ਨਫਰਤ ਦੀ ਰਾਜਨੀਤੀ ਵੀ ਹੁੰਦੀ ਹੈ ਅਤੇ ਸਮਾਜਿਕ ਤੌਰ ਤੇ ਵੀ ਵਿਰੋਧੀਆਂ ਵੱਲੋਂ ਨਫਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਭਾਰਤ ਵਿਚ ਰਿਜ਼ਰਵੇਸ਼ਨ ਦੇ ਹੱਕਦਾਰ ਲੋਕ ਜਦੋਂ ਵਿਦੇਸ਼ ਵਿਚ ਜਾਂਦੇ ਹਨ ਅਤੇ ਰਹਿੰਦੇ ਹਨ ਪਰ ਉਹ ਵਿਦੇਸ਼ਾਂ ਵਿਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਨਹੀਂ ਕਰਦੇ। ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਤੀਵਾਦ ਹੈ ਹੀ ਨਹੀਂ ਅਤੇ ਨਾ ਹੀ ਵਿਤਕਰਾ ਕੀਤਾ ਜਾਂਦਾ। ਪੱਛਮੀ ਮੁਲਕਾਂ ਨੇ ਆਪਣਾ ਸਿਸਟਮ ਹੀ ਅਜਿਹਾ ਵਧੀਆ ਬਣਾਇਆ ਹੈ ਕਿ ਉਥੇ ਹਰੇਕ ਨਾਗਰਿਕ ਦੇ ਕਲਿਆਣ ਲਈ ਪੂਰਾ ਸਿਸਟਮ ਕੰਮ ਕਰਦਾ ਹੈ। ਭਾਰਤ ਵਿਚ ਅਸਮਾਨਤਾ ਹੋਣ ਦੇ ਕਾਰਨ ਹੀ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਪਈ ਅਤੇ ਅੱਜ ਇਹ ਸਿਆਸੀ ਅਤੇ ਸਮਾਜਿਕ ਨਫਰਤ ਦਾ ਸ਼ਿਕਾਰ ਵੀ ਹੋ ਰਹੀ ਹੈ। ਕਿਉਂ ਨਾ ਭਾਰਤ ਸਰਕਾਰ ਇਕ ਅਜਿਹਾ ਹੀ ਸਿਸਟਮ ਅਖਤਿਆਰ ਕਰੇ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰੀ ਮਿਲੇ ਅਤੇ ਬਰਾਬਰ ਆਪਣੀ ਤਰੱਕੀ ਦਾ ਮੌਕਾ ਮਿਲੇ, ਫਿਰ ਭਾਰਤ ਵਿਚ ਵੀ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 46



**ਮੇਘ ਰਾਜ ਮਿੱਤਰ**
**+91-98887-87440**

? ਚੁੰਬਕ ਕਿਵੇਂ ਬਣਾਇਆ ਜਾਂਦਾ ਹੈ?

* ਲੋਹੇ ਨੂੰ ਉੱਤਰ ਤੇ ਦੱਖਣ ਦੀ ਦਿਸ਼ਾ ਵਿਚ ਜ਼ਮੀਨ ਵਿਚ ਦੱਬ ਕੇ ਚੁੰਬਕ ਬਣਾਇਆ ਜਾਂਦਾ ਹੈ। ਅੱਜ ਕੱਲ੍ਹ ਬਣਾਵਟੀ ਢੰਗਾਂ ਨਾਲ ਵੀ ਚੁੰਬਕ ਬਣਾਏ ਹਨ।

? ਚੁੰਬਕ ਦੇ ਦੋ ਧਰੁਵ ਹੀ ਕਿਉਂ ਹੁੰਦੇ ਹਨ?

* ਅਸਲ ਵਿਚ ਚੁੰਬਕ ਲੋਹੇ ਦੇ ਪ੍ਰਮਾਣੂਆਂ ਉੱਪਰ ਇਲੈਕਟ੍ਰਾਨਾਂ ਅਤੇ ਪ੍ਰੋਟਾਨਾਂ ਦੀ ਤਰਤੀਬ ਹੁੰਦੀ ਹੈ। ਜੇ ਇੱਕ ਪਾਸੇ ਇਲੈਕਟ੍ਰਾਨ ਇਕੱਠੇ ਹੋਣਗੇ ਅਤੇ ਦੂਜੇ ਪਾਸੇ ਪ੍ਰੋਟਾਨਾਂ ਦਾ ਇਕੱਠੇ ਹੋਣਾ ਲਾਜ਼ਮੀ ਹੈ।

? ਜੇ ਅਸੀਂ ਰੂੰ ਦਾ ਗੋਲਾ ਅਤੇ ਲੋਹੇ ਦਾ ਗੋਲਾ ਉੱਪਰੋਂ ਸੁੱਟੀਏ ਤਾਂ ਪਹਿਲਾਂ ਲੋਹੇ ਦਾ ਗੋਲਾ ਧਰਤੀ ਤੇ ਪੁੱਜਦਾ ਹੈ। ਅਜਿਹਾ ਕਿਉਂ।

* ਰੂੰ ਦਾ ਗੋਲਾ ਅਤੇ ਲੋਹੇ ਦਾ ਗੋਲਾ ਇੱਕੋ ਉਚਾਈ ਤੋਂ ਇਕੋ ਸਮੇਂ ਛੱਡੇ ਜਾਣ ਤਾਂ ਇਨ੍ਹਾਂ ਨੂੰ ਇਕੋ ਸਮੇਂ ਧਰਤੀ ਨਾਲ ਟਕਰਾਉਣਾ ਚਾਹੀਦਾ ਹੈ ਪਰ ਰੂੰ ਦਾ ਘਣਫਲ ਜ਼ਿਆਦਾ ਹੁੰਦਾ ਹੈ। ਇਸ ਲਈ ਉਸਨੂੰ ਜ਼ਿਆਦਾ ਹਵਾ ਪਾਸੇ ਹਟਾਉਣੀ ਪੈਂਦੀ ਹੈ। ਇਸ ਲਈ ਲੋਹਾ ਧਰਤੀ ਨਾਲ ਪਹਿਲਾਂ ਟਕਰਾਉਂਦਾ ਹੈ। ਜੇਕਰ ਇਹੀ ਪ੍ਰਯੋਗ ਹਵਾ ਦੀ ਗੈਰ ਹਾਜ਼ਰੀ ਵਿਚ ਕੀਤਾ ਜਾਵੇ ਤਾਂ ਰੂੰ ਅਤੇ ਲੋਹਾ ਇਕੋ ਸਮੇਂ ਧਰਤੀ ਨਾਲ ਟਕਰਾਉਣਗੇ।

? ਰਬੜ ਅਤੇ ਪਲਾਸਟਿਕ ਕਿਸ ਤਰ੍ਹਾਂ ਤਿਆਰ ਕੀਤੀ ਜਾਂਦੀ ਹੈ?

* ਰਬੜ ਇਕ ਦਰਖ਼ਤ ਦੇ ਰਸ ਨੂੰ ਇਕੱਠਾ ਕਰਕੇ ਅਤੇ ਬਹੁਤ ਸਾਰੀਆਂ ਭੌਤਿਕ ਅਤੇ ਰਸਾਇਣਕ ਕਿਰਿਆਵਾਂ ਵਿਚ ਲੰਘਾ ਕੇ ਤਿਆਰ ਕੀਤੀ ਜਾਂਦੀ ਹੈ। ਜਦੋਂਕਿ ਪਲਾਸਟਿਕ ਸੰਥੈਟਿਕ ਰਬੜ ਹੁੰਦਾ ਹੈ। ਇਹ ਇਕ ਰਸਾਇਣਕ ਯੋਗਿਕ ਹੁੰਦਾ ਹੈ।

? ਮੋਮਬੱਤੀ 'ਤੇ ਫੂਕ ਮਾਰਨ ਨਾਲ ਇਹ ਬੁਝ ਜਾਂਦੀ ਹੈ ਪਰ ਸੁਲਗਦੀ ਲੱਕੜੀ ਜਾਂ ਗੋਹੇ 'ਤੇ ਫੂਕ ਮਾਰਨ ਨਾਲ ਇਹ ਬਲ ਪੈਂਦਾ ਹੈ। ਅਜਿਹਾ ਕਿਉਂ।

* ਜਿਵੇਂ ਹਨੇਰੀ ਵਿਚ ਮੋਮਬੱਤੀ ਬੁਝ ਜਾਂਦੀ ਹੈ, ਉਸੇ ਤਰ੍ਹਾਂ ਫੂਕ ਦੁਆਰਾ ਛੱਡੀ ਗਈ ਤੇਜ਼ ਹਵਾ ਮੋਮਬੱਤੀ ਬੁਝਾ ਦਿੰਦੀ ਹੈ ਪਰ ਲੱਕੜ 'ਤੇ ਜਦੋਂ ਫੂਕ ਮਾਰੀ ਜਾਂਦੀ ਹੈ ਤਾਂ ਉਸਨੂੰ ਆਕਸੀਜਨ ਵਧੇਰੇ ਮਾਤਰਾ ਵਿਚ ਪ੍ਰਾਪਤ ਹੋ ਜਾਂਦੀ ਹੈ। ਇਸ ਲਈ ਉਹ ਧੁਖਣਾ ਸ਼ੁਰੂ ਕਰ ਦਿੰਦੀ ਹੈ।

? ਕ੍ਰਿਪਾ ਕਰਕੇ ਹਵਾਈ ਜਹਾਜ਼ ਬਾਰੇ ਦੱਸਿਆ ਜਾਵੇ। ਇਹ ਕਿਵੇਂ ਉਡਦਾ ਹੈ। ਕਿਉਂਕਿ ਪੰਛੀ ਖੰਭ ਹਿਲਾਉਂਦੇ ਹਨ। ਪਰ ਹਵਾਈ ਜਹਾਜ਼ ਖੰਭ ਨਹੀਂ ਹਿਲਾਉਂਦਾ। ਕਿਉਂ?

* ਹਵਾਈ ਜਹਾਜ਼ ਬਹੁਤ ਸਾਰੇ ਨਿਯਮਾਂ ਦੀ ਵਰਤੋਂ ਕਰਕੇ ਉਡਦਾ ਹੈ। ਇਨ੍ਹਾਂ ਵਿਚੋਂ ਇਕ ਨਿਯਮ ਬਰਨੌਲੀ ਦਾ ਸਿਧਾਂਤ ਹੁੰਦਾ ਹੈ। ਜਿਸ ਕਰਕੇ ਜਹਾਜ਼ ਨੂੰ ਹੇਠਲੇ ਪਾਸੇ ਤੋਂ ਲਗਭਗ ਸਮਤਲ ਬਣਾਇਆ ਜਾਂਦਾ ਹੈ। ਉਪਰਲਾ ਆਕਾਰ ਗੋਲਾਈ ਵਿਚ ਕੀਤਾ ਜਾਂਦਾ ਹੈ। ਜਿਸ ਕਾਰਨ ਜਹਾਜ਼ ਦੇ ਉਪਰਲੇ ਪਾਸੇ ਨੂੰ ਹਵਾ ਨੂੰ ਵੱਧ ਦੂਰੀ ਤਹਿ ਕਰਨੀ ਪੈਂਦੀ ਹੈ।

ਇਸ ਲਈ ਉਸ ਸਥਾਨ ਤੋਂ ਹਵਾ ਦੀ ਰਫ਼ਤਾਰ ਵਧ ਜਾਂਦੀ ਹੈ। ਇਸ ਲਈ ਹਵਾ ਦੀ ਵਧੇਰੇ ਗਤੀ ਕਾਰਨ ਉੱਪਰ ਦਬਾ* ਘੱਟ ਹੋ ਜਾਂਦਾ ਹੈ। ਜਿਸ ਨਾਲ ਜਹਾਜ਼ ਉੱਪਰ ਉੱਠ ਪੈਂਦਾ ਹੈ।

? ਕੱਚ ਕਿੰਨਾਂ ਤੱਤਾਂ ਤੋਂ ਅਤੇ ਕਿਵੇਂ ਬਣਾਇਆ ਜਾਂਦਾ ਹੈ।

* ਕੱਚ ਆਮ ਤੌਰ 'ਤੇ ਰੇਤ ਤੇ ਸੋਡੇ ਨੂੰ ਮਿਲਾ ਕੇ ਬਣਾਇਆ ਜਾਂਦਾ ਹੈ।

? ਮਨੁੱਖ ਦਾ ਜਨਮ ਕਦੋਂ ਹੋਇਆ?

* ਮਨੁੱਖ ਦਾ ਜਨਮ ਅੱਜ ਤੋਂ ਇੱਕ ਕਰੋੜ 60 ਲੱਖ ਸਾਲ ਪਹਿਲਾਂ ਅਫ਼ਰੀਕਾ ਦੇ ਜੰਗਲਾਂ ਵਿਚ ਇੱਕ ਬਾਂਦਰ ਤੋਂ ਹੋਣਾ ਸ਼ੁਰੂ ਹੋਇਆ।

? ਐਲ. ਪੀ. ਜੀ. (ਲਿਕੁਅਡ ਪੈਟਰੋਲੀਅਮ ਗੈਸ) ਕਿਹੜੇ ਰਸਾਇਣਾਂ ਤੋਂ ਬਣਾਈ ਜਾਂਦੀ ਹੈ ਅਤੇ ਇਹ 'ਗੋਬਰ ਗੈਸ' ਤੋਂ ਕਿਸ ਤਰ੍ਹਾਂ ਭਿੰਨ ਹੈ (ਗੁਣਾਤਮਕ ਪੱਖੋਂ)

* ਐਲ. ਪੀ. ਜੀ. ਧਰਤੀ ਵਿਚੋਂ ਹੀ ਮਿਲਦੀ ਹੈ। ਇਹ ਪੈਟਰੋਲੀਅਮ ਪਦਾਰਥਾਂ ਦੇ ਕਸੀਦਣ ਕਰਨ ਸਮੇਂ ਪੈਦਾ ਹੁੰਦੀ ਹੈ। ਗੋਬਰ ਗੈਸ ਘਰ ਹੀ ਗੋਬਰ ਦੇ ਗਲਣ ਸੜਨ ਰਾਹੀਂ ਪੈਦਾ ਹੁੰਦੀ ਹੈ।

? ਵਿਗਿਆਨ ਦਾ ਨਿਯਮ ਹੈ ਕਿ ਬੋਰਾਨ ਅਤੇ ਕੈਡਮੀਅਮ ਦੀਆਂ ਛੜਾਂ ਨਾਲ ਨਿਊਟ੍ਰਾਨਾਂ ਨੂੰ ਸੋਖਿਆ ਜਾ ਸਕਦਾ ਹੈ। ਕੀ ਪਰਮਾਣੂ ਬੰਬ ਤੋਂ ਬਚਣ ਲਈ ਇਹ ਉਪਾ* ਨਹੀਂ ਕੀਤਾ ਜਾ ਸਕਦਾ।

* ਪ੍ਰਮਾਣੂ ਬੰਬ ਦੇ ਵਿਸਫੋਟ ਸਮੇਂ ਬੋਰਾਨ ਤੇ ਕੈਡਮੀਅਮ ਦੀਆਂ ਛੜਾਂ ਕੋਈ ਬਚਾ* ਨਹੀਂ ਕਰ ਸਕਦੀਆਂ ਕਿਉਂਕਿ ਇਹ ਛੜਾਂ ਤਾਂ ਯੂਰੇਨੀਅਮ ਦੀਆਂ ਛੜਾਂ ਨੂੰ ਇੱਕ-ਦੂਜੀ ਤੋਂ ਅਲੱਗ ਕਰਨ ਲਈ ਉਨ੍ਹਾਂ ਦੇ ਵਿਚਕਾਰ ਰੱਖੀਆਂ ਜਾਂਦੀਆਂ ਹਨ ਤਾਂ ਜੋ ਲੋੜ ਅਨੁਸਾਰ ਉਹਨਾਂ ਦੀ ਵਰਤੋਂ ਹੋ ਸਕੇ।

? ਸਮੁੰ-ਦਰੀ ਪਾਣੀ ਤੋਂ ਬਿਜਲੀ ਕਿਉਂ ਨਹੀਂ ਪੈਦਾ ਕੀਤੀ ਜਾਂਦੀ।

* ਸਮੁੰਦਰ ਦੇ ਪਾਣੀ ਦੀ ਸਥਿਤੀ ਅਜਿਹੀ ਨਹੀਂ ਹੈ ਕਿ ਇਸ ਨੂੰ ਉੱਚੀ ਥਾਂ ਤੋਂ ਨੀਵੀਂ ਥਾਂ ਤੇ ਡੇਗਿਆ ਜਾ ਸਕੇ। ਇਸ ਲਈ ਇਸ ਪਾਣੀ ਤੋਂ ਬਿਜਲੀ ਇਕੱਠੀ ਨਹੀਂ ਕੀਤੀ ਜਾ ਸਕਦੀ। ਭਾਵੇਂ ਪਾਣੀ ਦਾ ਰਸਾਇਣਿਕ ਵਿਸ਼ਲੇਸਣ ਕਰਕੇ ਬਿਜਲੀ ਤਾਂ ਪੈਦਾ ਕੀਤੀ ਜਾ ਸਕਦੀ ਹੈ। ਪਰ ਇਸ ਤੇ ਆਉਣ ਵਾਲਾ ਖਰਚ ਪੈਦਾ ਕੀਤੀ ਗਈ ਬਿਜਲੀ ਦੀ ਆਮਦਨ ਤੋਂ ਕਿਤੇ ਵਧੇਰੇ ਹੋਵੇਗਾ। ਇਸ ਲਈ ਸਮੁੰਦਰੀ ਪਾਣੀ ਤੋਂ ਬਿਜਲੀ ਪੈਦਾ ਕਰਨਾ ਲਾਹੇਵੰਦ ਨਹੀਂ ਹੈ।

? ਟੈਲੀਵਿਜ਼ਨ ਜ਼ਿਆਦਾ ਚਿਰ ਚੱਲਣ ਤੋਂ ਬਾਅਦ ਬੰਦ ਕਰਨ ਤੇ ਉਸਦੀ ਸਕਰੀਨ ਤੇ ਹੱਥ ਲਾਇਆਂ ਵਾਲ ਕਿਉਂ ਖੜੇ ਹੋ ਜਾਂਦੇ ਹਨ ਅਤੇ ਕਰ-ਕਰ ਦੀ ਆਵਾਜ਼ ਕਿਉਂ ਆਉਂਦੀ ਹੈ।

* ਟੈਲੀਵਿਜ਼ਨ ਦਾ ਸ਼ੀਸ਼ਾ ਕੁਚਾਲਕ ਹੁੰਦਾ ਹੈ ਪਰ ਬਿਜਲੀ ਪ੍ਰੇਰਨ ਰਾਹੀਂ ਉਸ ਉੱਤੇ ਥੋੜ੍ਹਾ ਬਹੁਤ ਆਵੇਸ਼ ਆ ਜਾਂਦਾ ਹੈ ਜਿਸ ਕਾਰਨ ਇਹ ਵਾਲਾਂ ਨੂੰ ਆਪਣੇ ਵੱਲ ਖਿੱਚਦਾ ਹੈ ਤੇ ਇਸ ਸਪਾਰਕਿੰਗ ਨਾਲ ਆਵਾਜ਼ ਵੀ ਪੈਦਾ ਹੁੰਦੀ ਹੈ।

? ਕੀ ਕੰਪਿਊਟਰ ਦੀ ਸਕਰੀਨ ਅੱਖਾਂ ਤੇ ਅਸਰ ਪਾਉਂਦੀ ਹੈ।

* ਨਹੀਂ, ਕੰਪਿਊਟਰ ਦੀ ਸਕਰੀਨ ਦਾ ਅੱਖਾਂ ਉੱਪਰ ਕੋਈ ਨੁਕਸਾਨਦਾਇਕ ਪ੍ਰਭਾਵ ਨਹੀਂ ਪੈਂਦਾ।

? ਕੀ ਹਰ ਤਰ੍ਹਾਂ ਦੀ ਲੱਕੜੀ ਪਾਣੀ ਉੱਪਰ ਤੈਰ ਸਕਦੀ ਹੈ।

* ਜੀ ਹਾਂ, ਅਜਿਹੀ ਹਰ ਲਕੜੀ ਜਿਸਦੀ ਘਣਤਾ ਪਾਣੀ ਨਾਲੋਂ ਘੱਟ ਹੋਵਗੀ ਪਾਣੀ ਉੱਤੇ ਤੈਰ ਸਕਦੀ ਹੈ।

? ਕੀ ਪਾਣੀ ਦੇ ਵਿੱਚੋਂ ਦੀ ਆਵਾਜ਼ ਪਾਰ ਹੋ ਸਕਦੀ ਹੈ।

* ਜੀ ਹਾਂ, ਪਾਣੀ ਵਿੱਚੋਂ ਆਵਾਜ਼ ਵੱਧ ਤੇਜ਼ੀ ਨਾਲ ਪਾਰ ਹੁੰਦੀ ਹੈ।



# ਪੁਣਛਾਣ



**ਪੰਮੀ ਲਾਲੋ ਮਜਾਰਾ**
**91-95011-43755**

### ਬੇਗਮਪੁਰਾ ਵਸਾਉਣਾ ਆਂ

4-5 ਸਾਲ ਪਹਿਲਾਂ ਮਿਸ ਪੂਜਾ ਦੇ ਗਾਏ ਗੀਤ 'ਸਾਰੇ ਕਰ ਲਓ ਏਕਾ, ਬੇਗਮਪੁਰਾ ਵਸਾਉਣਾ ਆਂ, ਨੇ ਜਿੱਥੇ ਧਾਰਮਿਕ ਟੇਪਾਂ ਦੇ ਹੁਣ ਤੱਕ ਦੇ ਸਾਰੇ ਰਿਕਾਰਡ ਤੋੜ ਦਿੱਤੇ ਸੀ, ਉਥ ਇਸ ਗੀਤ ਦਾ ਦੂਸਰਾ ਵਿਵਾਦਮਈ ਪੱਖ ਬਹੁਤਿਆਂ ਨੂੰ ਪਤਾ ਹੀ ਨਹੀਂ। ਇਸ ਗੀਤ ਵਿਚ ਇਕ ਕਰਾਸ ਲਾਈਨ ਸੀ ਕਿ ਵੱਖਰਾ ਪੰਥ ਵਸਾਉਣਾ ਆਂ, ਇਸ ਲਾਈਨ ਤੇ ਕੁਝ ਜਥੇਬੰਦੀਆਂ ਨੂੰ ਬੜਾ ਇਤਰਾਜ਼ ਸੀ, ਸੋ ਫਿਰ ਸ਼ੁਰੂ ਹੋਇਆ। ਇਸ ਗੀਤ ਨਾਲ ਜੁੜੇ ਕਲਾਕਾਰਾਂ ਨੂੰ ਧਮਕੀਆਂ ਦੇਣ ਦਾ ਸਿਲਸਿਲਾ। ਗੀਤ ਦਾ ਗੀਤਕਾਰ ਪਿੰਡ ਮੌ ਸਾਹਿਬ (ਨੇੜ ਫਿਲੌਰ) ਦਾ ਜੰਮਪਲ, ਜੋ ਇਕ ਮੰਨਿਆ ਪ੍ਰਮੰਨਿਆ ਪੱਤਰਕਾਰ ਤੇ ਪ੍ਰਮੋਟਰ ਬਲਵਿੰਦਰ ਭੌਰਾ ਜੋ ਕਿ ਅਮਰੀਕਾ ਵਿਚ ਰਹਿੰਦਾ ਹੈ, ਉਹ ਵੀ ਇਸ ਸੇਕ ਤੋਂ ਨਾ ਬਚ ਸਕਿਆ। ਮਿਸ ਪੂਜਾ ਵਿਵਾਦ ਤੋਂ ਬਚਣ ਲਈ ਕੈਨੇਡਾ ਚਲੀ ਗਈ ਤੇ ਪਿੱਛੇ ਪੰਜਾਬ 'ਚ ਇਕੱਲਾ ਰਹਿ ਗਿਆ ਇਸ ਗੀਤ ਦਾ ਵੀਡੀਓ ਡਾਇਰੈਕਟਰ ਬਾਬਾ ਕਮਲ। ਬਾਬੇ ਕਮਲ ਨੂੰ ਐਨੀਆਂ ਧਮਕੀਆਂ ਮਿਲੀਆਂ ਕਿ ਉਹ ਹਰ ਵਕਤ ਆਪਣਾ ਚਿਹਰਾ ਢੱਕ ਕੇ ਰੱਖਣ ਲਈ ਮਜਬੂਰ ਹੋ ਗਿਆ ਤੇ ਮਾਨਸਿਕ ਤੇ ਸਰੀਰਕ ਤੌਰ ਤੇ ਐਨਾ ਟਾਰਚਰ ਹੋ ਗਿਆ ਕਿ ਉਹਨੂੰ ਆਪਣੇ ਸਾਹਮਣੇ ਖੜ੍ਹਾ ਹਰ ਸ਼ਖਸ ਸ਼ੱਕੀ ਜਿਹਾ ਲੱਗਣ ਲੱਗ ਪਿਆ। ਹਾਰ ਕੇ ਬਾਬਾ ਕਮਲ ਦੋ-ਤਿੰਨ ਮਹੀਨੇ ਲਈ ਦਿੱਲੀ ਦੌੜ ਗਿਆ ਤੇ ਜਦ ਕੁਝ ਮਾਮਲਾ ਠੰਡਾ ਪਿਆ ਤੇ ਫਿਰ ਪੰਜਾਬ ਪਰਤਿਆ।

### ਇਸ ਗੀਤ ਬਾਰੇ ਕੁਝ ਹੋਰ ਜਾਣਕਾਰੀ

ਇਸ ਗੀਤ ਤੋਂ ਖੁਸ਼ ਹੋ ਕੇ ਬੂਟਾ ਮੰਡੀ ਦੇ ਸੇਠ ਸਤਪਾਲ ਮੱਲ ਹੁਣੀ ਪੂਜਾ ਨੂੰ ਗੱਡੀ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਸੀ। ਪੂਜਾ ਤੱਕ ਸਨਮਾਨਿਤ ਕਰਨ ਦਾ ਸੁਨੇਹਾ ਇਕ ਮੰਨੇ-ਪ੍ਰਮੰਨੇ ਆਰਟਿਸਟ ਰਾਹੀਂ ਪਹੁੰਚਾ ਵੀ ਦਿੱਤਾ ਗਿਆ ਸੀ, ਪਰ ਪੂਜਾ ਇਸ ਵਿਵਾਦ ਤੋਂ ਬਚਣ ਲਈ ਸਨਮਾਨਿਤ ਹੋਣ ਤੋਂ ਕਿਨਾਰਾ ਹੀ ਕਰ ਗਈ। ਇਸ ਗੀਤ ਕਰਕੇ ਟੇਪ ਐਨੀ ਜ਼ਿਆਦਾ ਵਿਕ ਰਹੀ ਸੀ ਕਿ ਟੀ-ਸੀਰੀਜ਼ ਦ ਮਾਲਕ ਦਰਸ਼ਨ ਕੁਮਾਰ ਮੂਹਰੇ ਟੇਪ ਤਿਆਰ ਕਰਨ ਵਾਲੀ ਸਾਰੀ ਲੇਬਰ ਹੱਥ ਖੜ੍ਹੇ ਕਰ ਗਈ ਸੀ ਕਿ ਸਾਡੇ ਤੋਂ ਹੋਰ ਟੇਪ ਤਿਆਰ ਨਹੀਂ ਹੋਣੀ।

### ਮਿਸ-ਪੂਜਾ ਤੇ ਟੀ-ਸੀਰੀਜ਼

ਇਸ ਗੀਤ ਤੋਂ ਬਾਅਦ ਮਿਸ ਪੂਜਾ ਨੇ ਏਦਾਂ ਦੇ ਗੀਤ ਗਾਉਣ ਤੋਂ ਮਨ੍ਹਾ ਕਰ ਦਿੱਤਾ। 4-5 ਸਾਲ ਬੀਤਣ ਤੋਂ ਬਾਅਦ ਤਾਹੀਂ ਤਾਂ ਉਹਦਾ ਕੋਈ ਮਿਸ਼ਨਰੀ ਗੀਤ ਮਾਰਕੀਟ ਵਿਚ ਨਹੀਂ ਸੁਣਨ ਨੂੰ ਮਿਲਿਆ। ਤੇ ਟੀ-ਸੀਰੀਜ਼ ਨੇ ਏਦਾਂ ਦੇ ਗੀਤਾਂ ਨੂੰ ਵਿਵਾਦ ਤੋਂ ਬਚਣ ਲਈ ਰਿਲੀਜ਼ ਕਰਨ ਤੋਂ ਸੰਕੋਚ ਵਰਤਣਾ ਸ਼ੁਰੂ ਕਰ ਦਿੱਤਾ। ਬਾਬਾ ਕਮਲ ਨੇ ਵੀ ਪਾਸਾ ਵੱਟ ਲਿਆ। ਉਹ ਵੀ ਮਹਿਸੂਸ ਕਰਦਾ ਕਿ ਇਸ ਦੁੱਖ ਦੀ ਘੜੀ 'ਚ ਕਿਸੇ ਨੇ ਉਸਦਾ ਸਾਥ ਨਹੀਂ ਦਿੱਤਾ।

### ਕਿੰਨਾ-ਕਿੰਨਾ ਮਿਹਨਤਾਨਾ ਲਿਆ

ਇਸ ਟੇਪ ਵਿਚ ਕੁੱਲ 10 ਗੀਤ ਸਨ। ਜਿਹਨਾਂ ਨੂੰ ਸੰਗੀਤਬੱਧ ਕਰਨ ਦਾ ਜੱਸੀ ਬ੍ਰਦਰਜ਼ ਨੇ 3 ਲੱਖ ਰੁਪਇਆ, ਵੀਡੀਓ ਡਾਇਰੈਕਟਰ ਬਾਬਾ ਕਮਲ ਨੇ 4 ਲੱਖ ਰੁਪਇਆ ਤੇ ਮਿਸ ਪੂਜਾ ਨੇ 10 ਗੀਤ ਗਾਉਣ ਦਾ 5 ਲੱਖ ਰੁਪਿਆ ਮਿਹਨਤਾਨੇ ਵਜੋਂ ਲਿਆ।

### ਕਲਾਕਾਰਾਂ ਦੇ ਸ਼ੰਕੇ

ਜਿੱਥੇ ਇਸ ਗੀਤ ਨੇ ਸਮੁੱਚੀ ਟੀਮ ਨੂੰ ਟੀਸੀ ਦੇ ਬੇਰ ਵਰਗੀ ਪ੍ਰਸਿੱਧੀ ਬਖਸ਼ੀ, ਉਥੇ ਇਸ ਗੀਤ ਨਾਲ ਜੁੜੇ ਕਲਾਕਾਰਾਂ 'ਚ ਕਈ ਆਪਸੀ ਮਤਭੇਦ ਵੀ ਪੈਦਾ ਕੀਤੇ। 5-6 ਸਾਲ ਦੇ ਵਕਫੇ ਮਗਰੋਂ ਮਿਸ ਪੂਜਾ ਤੇ ਬਾਬਾ ਕਮਲ ਨੇ ਇਕੱਠਿਆਂ ਇਕ ਪ੍ਰਾਜੈਕਟ ਦੇ ਗੀਤ ਸ਼ੂਟ ਕੀਤੇ। ਤ ਨਾ ਬਾਬਾ ਕਮਲ ਨੇ ਮਿਸ ਪੂਜਾ ਨੂੰ ਬੁਲਾਇਆ ਤੇ ਨਾ ਮਿਸ ਪੂਜਾ ਨੇ ਬਾਬਾ ਕਮਲ ਨੂੰ। ਬਾਬਾ ਕਮਲ ਸੋਚਦਾ ਕਿ ਪੂਜਾ ਮੈਨੂੰ ਇਕੱਲੇ ਨੂੰ ਛੱਡ ਕੇ ਆਪ ਕਨੇਡਾ ਚਲੀ ਗਈ ਤੇ ਪੂਜਾ ਸੋਚਦੀ ਆ ਕਿ ਬਾਬਾ ਕਮਲ ਮੈਨੂੰ ਛੱਡ ਕੇ ਆਪ ਦਿੱਲੀ ਦੌੜ ਗਿਆ ਸੀ।

### ਕਿੱਥੇ ਸ਼ੂਟ ਹੋਏ ਸੀ ਗੀਤ

ਬੇਗਮਪੁਰਾ ਵਸਾਉਣਾ ਆ ਟੈਪ ਦੇ ਸਾਰੇ ਗੀਤ ਚੰਡੀਗੜ੍ਹ ਦੀਆਂ ਵੱਖ-ਵੱਖ ਲੋਕੇਸ਼ਨਾਂ ਤੇ ਦੋ ਦਿਨ ਦੀ ਸਖਤ ਮਿਹਨਤ ਤੋਂ ਬਾਅਦ ਸ਼ੂਟ ਹੋਏ ਸੀ। ਮੌਕੇ ਤੇ ਕਈ ਲੋਕਾਂ ਨੇ ਗੀਤ ਵਿਚ ਘੋੜਿਆਂ ਦੀ ਵਰਤੋਂ ਵੇਖ ਕੇ ਹੀ ਅੰਦਾਜ਼ਾ ਲਾ ਲਿਆ ਸੀ ਕਿ ਗੀਤ ਤੇ ਵਿਵਾਦ ਛਿੜ ਸਕਦਾ ਹੈ।

### ਏਦਾਂ ਪਹਿਲਾਂ ਵੀ ਹੋ ਚੁੱਕਿਐ

ਇਹ ਗੀਤ 'ਬੇਗਮਪੁਰਾ ਵਸਾਉਣਾ ਆਂ' ਕੋਈ ਪਹਿਲਾ ਗੀਤ ਨਹੀਂ ਜੋ ਵਿਵਾਦ ਦਾ ਕਾਰਨ ਬਣਿਆ ਹੋਵੇ, 1980-82 'ਚ ਨਰਿੰਦਰ ਬੀਬਾ ਦੀ ਆਵਾਜ਼ 'ਚ ਤੇ ਸੰਗੀਤਕਾਰ ਕੇ. ਐਸ. ਨਰੂਲਾ ਸਾਹਿਬ ਤੇ ਐਚ. ਐਮ. ਵੀ. ਕੰਪਨੀ 'ਚ ਰਿਲੀਜ਼ ਹੋਏ ਐਲ. ਪੀ. ਰਿਕਾਰਡ ਪੱਥਰ ਤਾਰੇ ਜੀ ਰਵਿਦਾਸ ਗੁਰੂ ਨੇ' ਗੀਤ ਤੇ ਵੀ ਸ਼੍ਰੋਮਣੀ ਕਮੇਟੀ ਨੂੰ ਇਤਰਾਜ਼ ਹੋ ਗਿਆ ਸੀ। ਤੇ ਸ਼੍ਰੋਮਣੀ ਕਮੇਟੀ ਨੇ ਰਾਜ ਗੀਤਕਾਰ, ਚੰਨ ਗੁਰਾਇਆਂ ਵਾਲੇ ਨੂੰ ਸ੍ਰੀ ਅੰਮ੍ਰਿਤਸਰ ਸੱਦ ਲਿਆ ਸੀ। ਇਤਰਾਜ ਇਸ ਗੱਲ ਦਾ ਸੀ ਕਿ ਇਕ ਭਗਤ ਨੂੰ ਚੰਨ ਗੁਰਾਇਆਂ ਵਾਲੇ ਨੇ ਗੁਰੂ ਕਿਵੇਂ ਲਿਖ ਦਿੱਤਾ। ਚੰਨ ਦੀਆਂ

(ਬਾਕੀ ਸਫਾ 20 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇੰਡੀਅਨ ਜਨਰਲ ਕੌਂਸਲੇਟ ਵੈਨਕੂਵਰ ਕੈਨੇਡਾ ਨੇ ਮਨਾਇਆ ਬਾਬਾ ਸਾਹਿਬ ਦਾ 125ਵਾਂ ਜਨਮ ਦਿਹਾੜਾ

**ਵੈਨਕੂਵਰ (ਕੈਨੇਡਾ)–** ਭਾਰਤੀ ਸੰਵਿਧਾਨ ਦੇ ਨਿਰਮਾਤਾ, ਮਾਨਵਤਾ ਦੇ ਹੱਕਾਂ ਦੇ ਮਹਾਂ ਨਾਇਕ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 125ਵਾਂ ਜਨਮ ਦਿਹਾੜਾ ਇੰਡੀਅਨ ਜਨਰਲ ਕੌਂਸਲੇਟ ਮੁੱਖ ਦਫ਼ਤਰ ਡਾਊਨ ਟਾਊਨ ਵੈਨਕੂਵਰ ਵਿਖੇ ਸੰਖੇਪ ਪਰ ਪ੍ਰਭਾਵਸ਼ਾਲੀ ਢੰਗ ਨਾਲ ਕੈਨੇਡਾ ਵੈਨਕੂਵਰ ਦੇ ਇਤਿਹਾਸ ਵਿਚ ਪਹਿਲੀ ਵਾਰ ਧੂਮਧਾਮ ਨਾਲ ਇੰਡੀਅਨ ਕੌਂਸਲੇਟ ਸ੍ਰੀ ਰਾਜੀਵ ਕੇ ਚੰਦੜ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਸ੍ਰੀ ਰਾਜੀਵ ਕੇ ਚੰਦੜ ਨੇ ਆਏ ਸਾਰੇ ਬੁਲਾਰਿਆਂ ਪਤਵੰਤਿਆਂ, ਬੁੱਧੀਜੀਵੀਆਂ ਅਤੇ ਮਹਿਮਾਨਾਂ ਦਾ ਰਸਮੀਂ ਅੰਦਾਜ਼ ਵਿਚ ਜੀ ਆਇਆਂ ਕੀਤਾ ਅਤੇ ਸਾਰਿਆਂ ਨੂੰ ਬਾਬਾ ਸਾਹਿਬ ਜੀ ਦੇ 125ਵੇਂ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸਮਾਗਮ ਨੂੰ ਸ੍ਰੀ ਡੇਵ ਹੇਅਰ ਸਾਬਕਾ ਐਮ ਐਲ ਏ ਬੀ ਸੀ , ਸ੍ਰੀ ਜ਼ਿਲ੍ਹੇ ਸਿੰਘ ਸਾਬਕਾ ਡਿਪਟੀ ਕੌਂਸਲੇਟ, ਡਾ. ਸਮੀਰ ਗੰਢੇਸਾ ਡਾਇਰੈਕਟਰ ਇੰਸਟੀਚਿਊਟ ਫ਼ਾਰ ਹਿਊਮੈਨਟੀਜ਼ ਐਟ ਸਾਈਮਨ ਫਰੈਜ਼ਰ ਯੂਨੀਵਰਸਿਟੀ, ਮੈਡਮ ਮੋਨਿੰਦਰ ਲਾਲੀ ਲਾਇਬਰ੍ਰੇਰੀਅਨ (ਐਸ. ਐਫ. ਯੂ), ਡਾ. ਪ੍ਰਮੋਦ ਪੁਆਰ ਯੂਨੀਵਰਸਿਟੀ ਵੈਲੀ, ਡਾ. ਮੰਦਾ ਦਰਾਰਾਂ ਬੋਸ ਯੂਨੀਵਰਸਿਟੀ (ਬੀ. ਸੀ) ਅਮਰੈਸ਼ਰ ਸਾਰਾ, ਜੈ ਵਿਰਦੀ ਚੇਤਨਾ ਸੁਸਾਇਟੀ (ਸੈਕਟਰੀ), ਸ੍ਰੀ ਬਿੱਲ ਬਸਰਾ ਚੇਅਰਮੈਨ ਰਵਿਦਾਸੀਆ ਕਮਿਉਨਟੀਜ਼ ਵੈਨਕੂਵਰ, ਸ੍ਰੀ ਪਰਮਜੀਤ ਕੈਂਥ,



(ਅੰਬੇਡਕਰ ਕੋ ਨੇਸ਼ਨ ਇੰਟਰ ਨੈਸ਼ਨਲ ਸੁਸਾਇਟੀ), ਸ੍ਰੀ ਸੁਰਜੀਤ ਬੈਂਸ (ਚੇਤਨਾ ਐਸੋਸੀਏਸ਼ਨ ਆਫ਼ ਕਨੇਡਾ, ਸੁਤੈ ਪ੍ਰਕਾਸ਼ ਆਹੀਰ (ਪ੍ਰਧਾਨ ਇੰਡੀਅਨ ਬੁੱਧਇਸ਼ਟ ਸੁਸਾਇਟੀ) , ਸ੍ਰੀ ਸੁਰਿੰਦਰ ਰੰਗਾ (ਚੇਤਨਾ ਸੁਸਾਇਟੀ ਦੇ ਪ੍ਰਧਾਨ), ਸ੍ਰੀ ਵਰਿੰਦਰ ਬੰਗੜ (ਚੇਅਰਮੈਨ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ), ਜੈ. ਸੀ. ਕੌਰ, ਮਿਸ਼ਨਰੀ ਕਲਾਕਾਰ ਕੁਲਦੀਪ ਚੁੰਬਰ, ਹਰਭਜਨ ਤਾਜ਼ਪੁਰੀ, ਵਿੱਕੀ ਮੋਰਾਂਵਾਲੀਆਂ, ਰਾਜ ਦਦਰਾਲ, ਮਿਸ਼ਨਰੀ ਗੀਤਕਾਰ ਪੰਮੀ ਲਾਲੋਮਜਾਰੀਆ, ਪੈਰੀ ਜੇ, ਹੈਰੀ ਬੱਲ, ਸ਼੍ਰੀਮਤੀ ਬਲਦੀਸ਼ ਕੌਰ ਬਸਰਾ, ਮੋਹਣ ਲਾਲ ਕਰੀਮਪੁਰੀ, ਅਨਮੋਲ ਹੀਰ, ਡਾ. ਪ੍ਰਭਜੋਤ ਕੁਮਾਰ, ਗੁਰਦੀਪ ਵਿਰਦੀ, ਸੁਰਿੰਦਰ ਵਿਰਦੀ, ਬਲਵੀਰ ਹੀਰ, ਪਰਮਿੰਦਰ ਚੋਪੜਾ, ਬਿੱਟੂ ਭਰੋਮਾਜਰੀਆ, ਧਰਮਵੀਰ ਬੰਗੜ, ਰਜਿੰਦਰ ਚੁੰਬਰ, ਵਿਰਕਾਂ, ਹੈਰੀ ਬਸਰਾ ਅਤੇ ਨਰਿੰਦਰ ਹੈਪੀ ਸਮੇਤ ਕਈ ਹੋਰ ਪ੍ਰਭਾਵਸ਼ਾਲੀ ਸਖ਼ਸ਼ੀਅਤਾਂ ਪ੍ਰੋਗਰਾਮ ਵਿਚ ਹਾਜ਼ਰ ਸਨ। ਸਟੇਜ ਦਾ ਸੰਚਾਲਨ ਲਿੰਗੀ ਚੈਟੀ ਕੌਂਸਲ ਅਫ਼ਸਰ ਨੇ ਬਾਖੂਬੀ ਕੀਤਾ। ਇਸ ਤੋਂ ਵੀ ਪਹਿਲਾ ਸਾਇਮਨ ਫਰੈਜ਼ਰ ਯੂਨੀਵਰਸਿਟੀ ਵਿਚ ਉਪਰੋਤਕ ਸਖ਼ਸ਼ੀਅਤਾਂ ਨੇ ਬਾਬਾ ਸਾਹਿਬ ਦੇ ਦੋ ਲੱਗੇ ਅਕਾਦਮਿਕ ਬੁੱਤ ਤੇ ਜਾਕੇ ਫੁੱਲ ਮਲਾਵਾਂ ਭੇਂਟ ਕੀਤੀਆਂ ਜ਼ਿਕਰਯੋਗ ਹੈ ਕਿ ਐਸ. ਐਫ. ਯੂ. ਦੀ ਲਾਇਬਰੇਰੀਅਨ ਮੋਨਿੰਦਰ ਲਾਲੀ ਵਲੋਂ ਦਲਿਤ ਇਤਿਹਾਸ ਨਾਲ ਸਬੰਧਿਤ ਬਾਬਾ ਸਾਹਿਬ ਦੀਆਂ ਅਨੇਕਾਂ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਦਿਲਕਸ਼ ਅੰਦਾਜ਼ ਵਿਚ ਲਗਾਈ ਸੀ। ਜਿਸ ਦੀ ਪੁੱਜੀਆਂ ਸ਼ਖਸ਼ੀਅਤਾਂ ਨੇ ਬਹੱਦ ਸ਼ਲਾਘਾ ਕੀਤੀ। ਇੰਡੀਆਂ ਤੋਂ ਪੁੱਜੀ ਮਿਸ਼ਨਰੀ ਕਲਾਕਾਰਾਂ ਦੀ ਟੋਲੀ ਗਾਇਕ ਕੁਲਦੀਪ ਚੁੰਬਰ, ਹਰਭਜਨ ਤਾਜ਼ਪੁਰੀ, ਪੰਮੀ ਲਾਲੋਮਾਜਰਾ, ਵਿੱਕੀ ਮੋਰਾਂਵਾਲੀ, ਪੈਰੀ ਜੇ, ਹੈਰੀ ਬੱਲ, ਰਾਜ ਦਦਰਾਲ ਦਾ ਪਰਮੋਟਰ ਬਿੱਲ ਬਸਰਾ ਦੀ ਹਾਜ਼ਰੀ ਵਿਚ ਇੰਡੀਅਨ ਜਨਰਲ ਕੌਂਸਲੇਟ ਸ੍ਰੀ ਰਾਜੀਵ ਕੇ ਚੰਦੜ ਵਲੋਂ ਸਨਮਾਨ ਕੀਤਾ ਗਿਆ।

# ਜੁੱਤੇ ਸਾਫ ਕਰਨ ਵਾਲੇ ਸਿਰ ਤੇ ਬੈਠ ਕੇ ਰਾਜ ਕਰ ਰਹੇ ਹਨ- ਮਧੂ ਮਿਸ਼ਰਾ

**ਅਲੀਗੜ੍ਹ–** ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਔਰਤ ਮੋਰਚੇ ਦੀ ਪ੍ਰਧਾਨ ਮਧੂ ਮਿਸ਼ਰਾ ਨੇ ਇਕ ਸਮਾਰੋਹ ਵਿਚ ਲਗਾਤਾਰ ਚੌਕਸ ਅਤੇ ਸਿੱਖਿਅਤ ਹੁੰਦੇ ਦਲਿਤ ਸਮਾਜ ਦੇ ਅੱਗੇ ਵਧਣ ਤੇ ਆਪਣੀ ਪੀੜ ਜ਼ਾਹਿਰ ਕੀਤੀ। ਬ੍ਰਾਹਮਣਾਂ ਦੇ ਪ੍ਰੋਗਰਾਮ ਵਿਚ ਉਹਨਾਂ ਨੇ ਦਲਿਤਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਜੋ ਕਦੀ ਤੁਹਾਡੇ ਜੁੱਤੇ ਸਾਫ ਕਰਦੇ ਸਨ ਉਹ ਅੱਜ ਸੰਵਿਧਾਨ ਦੇ ਸਹਾਰੇ ਤੁਹਾਡੇ ਹੀ ਸਿਰ ਤੇ ਬੈਠ ਕੇ ਰਾਜ ਕਰ ਰਹੇ ਹਨ। ਇਹ ਬਿਆਨ ਉਹਨਾਂ ਨੇ ਅਲੀਗੜ੍ਹ ਦੇ ਰਾਮਲੀਲਾ ਮੈਦਾਨ ਵਿਚ ਆਯੋਜਿਤ ਸਮਾਰੋਹ ਵਿਚ ਦਿੱਤਾ। ਉਹਨਾਂ ਨੇ ਕਿਹਾ ਸੀ, ਸਾਥੀਓ ਤੁਸੀਂ ਸਭ ਇੱਥੇ ਬੈਠੇ ਹੋ। ਇੱਥੇ ਕੁਝ ਵਿਸ਼ਵ ਹਿੰਦੂ ਪ੍ਰੀਸ਼ਦ ਭਰਾਵਾਂ ਤੋਂ ਇਲਾਵਾ ਵੀ ਲੋਕ ਬੈਠੇ ਹਨ, ਮੈਂ ਉਹਨਾਂ ਤੋਂ ਮੁਆਫੀ ਚਾਹੁੰਦੀ ਹਾਂ। ਅੱਜ ਤੁਹਾਡੇ ਸਿਰ ਤੇ ਬੈਠ ਕੇ ਸੰਵਿਧਾਨ ਦੇ ਸਹਾਰੇ ਜੋ ਰਾਜ ਕਰ ਰਹੇ ਹਨ। ਯਾਦ ਕਰੋ, ਉਹ ਕਦੀ ਤੁਹਾਡੇ ਜੁੱਤੇ ਸਾਫ ਕਰਿਆ ਕਰਦੇ ਸਨ। ਅੱਜ ਤੁਹਾਡੇ ਹਜ਼ੂਰ ਹੋ ਗਏ ਹਨ। ਕਿਉਂ? ਕਿਉਂਕਿ ਅਸੀਂ ਵੰਡੇ ਗਏ, ਅਸੀਂ ਟੁੱਟ ਗਏ ਹਾਂ।

**ਵਿਵਾਦ ਵਧਣ ਤੇ ਮੰਗੀ ਮੁਆਫੀ**

ਉਹਨਾਂ ਨੇ ਕਿਹਾ, ਮੇਰੇ ਛੋਟੇ ਭਰਾ ਸਤੀਸ਼ ਗੌਤਮ ਨੂੰ ਸ਼ਾਇਦ ਅੱਜ ਤੋਂ 40 ਸਾਲ ਬਾਅਦ ਦਾ ਭਾਰਤ ਦਿੱਸ ਰਿਹਾ ਹੈ ਕਿ ਤੁਹਾਡੇ ਬੱਚੇ ਫਿਰ ਗੁਲਾਮ ਨਾ ਹੋ ਜਾਣ। ਕਿਤੇ ਫਿਰ ਤੋਂ ਹਜ਼ੂਰ ਨਾ ਕਹਿਣ ਲੱਗਣ ਉਹਨਾਂ ਨੂੰ, ਜਿਹਨਾਂ ਨੂੰ ਤੁਸੀਂ ਆਪਣੇ ਬਰਾਬਰ ਬਿਠਾਉਣਾ ਵੀ ਪਸੰਦ ਨਹੀਂ ਕਰਦੇ।

ਉਠੋ ਜਾਗੋ ਅਤੇ ਜਦੋਂ ਤੱਕ ਆਪਣੇ ਅਧਿਕਾਰ ਲੈ ਨਾ ਲਓ, ਉਦੋਂ ਤੱਕ ਸਤੀਸ਼ ਗੌਤਮ ਵਾਂਗ ਯੁੱਧ ਕਰਦੇ ਰਹੋ। ਹਾਲਾਂਕਿ ਬਾਅਦ ਵਿਚ ਹੰਗਾਮਾ ਵਧਦਾ ਦੇਖ ਕੇ ਉਹਨਾਂ ਨੇ ਸਫਾਈ ਦਿੰਦੇ ਹੋਏ ਕਿਹਾ ਕਿ ਜੇਕਰ ਉਹਨਾਂ ਦੇ ਬਿਆਨ ਤੋਂ ਕਿਸੇ ਨੂੰ ਠੇਸ ਪਹੁੰਚੀ ਹੋਵੇ ਤਾਂ ਉਹ ਮੁਆਫੀ ਮੰਗਦੀ ਹੈ। ਉਹਨਾਂ ਕਿਹਾ, ਮੈਂ ਆਪਣੇ ਸਮਾਜ ਦੇ ਪ੍ਰੋਗਰਾਮ ਵਿਚ ਬੋਲ ਰਹੀ ਸੀ। ਸਮਾਜ ਦੀ ਬੇਟ ਅਤੇ ਬਹੂ ਹਾਂ।

ਮੇਰਾ ਇਰਾਦਾ ਕਿਸੇ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਕਿਸੇ ਨੂੰ ਦੁੱਖ ਹੋਇਆ ਤਾਂ ਮੈਂ ਉਸ ਲਈ ਮੁਆਫੀ ਮੰਗਦੀ ਹਾਂ। ਮੇਰੇ ਕਹਿਣ ਦਾ ਭਾਵ ਇਹ ਸੀ ਕਿ ਸਾਡੇ ਸਮਾਜ ਦੇ ਬੱਚਿਆਂ ਨੂੰ ਵੀ ਸਰਕਾਰੀ ਨੌਕਰੀ ਮਿਲੇ। ਸੰਵਿਧਾਨ ਵਿਚ ਰਿਜ਼ਰਵੇਸ਼ਨ ਦੀ ਵਿਵਸਥਾ ਨਾ ਹੁੰਦੀ ਤਾਂ ਸਾਡੇ ਬੱਚੇ ਵੀ ਅਧਿਕਾਰੀ ਬਣਦੇ।

# ਕੈਪਟਨ ਅਮਰਿੰਦਰ ਸਿੰਘ ਦੀ ਅਮਰੀਕਾ ਫੇਰੀ ਸਮੇਂ ਸ਼੍ਰੋਮਣੀ ਅਕਾਲੀ ਦਲ (ਅ) 'ਤੇ ਹੋਰ ਜਥੇਬੰਦੀਆਂ ਵੱਲੋਂ ਘੇਰਾਬੰਦੀ ਦੀਆਂ ਤਿਆਰੀਆਂ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀਆਂ ਸਿੱਖ ਵਿਰੋਧੀ ਨੀਤੀਆਂ ਅਤੇ ਦਰਬਾਰ ਸਾਹਿਬ 'ਤੇ ਕਾਂਗਰਸ ਵੱਲੋਂ ਕੀਤੇ ਗਏ ਹਮਲੇ ਨੂੰ ਭੁੱਲਣ ਦੀਆਂ ਨਸੀਹਤਾਂ ਦੇਣ ਅਤੇ ਅੰਮ੍ਰਿਤਸਰ ਐਲਾਨੇ ਜਾਣ ਤੋਂ ਭਗੌੜੇ ਸਿੱਖ ਨੌਜਵਾਨਾਂ, ਦੇਸ਼ ਕਾਤਲ ਐਸ.ਐਸ.ਸਰਵਿਸ ਨੂੰ ਪੰਜਾਬ ਦਾ ਡੀ.ਜੀ.ਪੀ ਲਾਉਣ ਵਾਲੇ ਪੰਜਾਬ ਦੇ ਪਾਣੀਆਂ ਪ੍ਰਤੀ ਦੂਹਰੀ ਨੀਤੀ ਅਪਣਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਇਨ੍ਹਾਂ ਮੁੱਦਿਆਂ ਨੂੰ ਘੇਰਣ ਦੀ ਤਿਆਰੀ ਵਿੱਚ ਹਨ। ਇਥੋਂ ਤੱਕ ਕਾਨੂੰਨੀ ਸ਼ਿਕੰਜੇ ਵਿੱਚ ਫਸਾਉਣ ਦੀਆਂ ਵੀ ਤਿਆਰੀਆਂ ਹੋ ਰਹੀਆਂ ਹਨ। ਪੰਥਕ ਜਥੇਬੰਦੀਆਂ ਵੱਲੋਂ ਵਿਦੇਸ਼ੀ ਵਸਦੇ ਸਿੱਖਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਣ ਦੀ ਅਪੀਲ ਕੀਤੀ ਗਈ ਹੈ।

# ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ ਸਿੱਖ ਪੰਥ ਦੇ ਮਹਾਨ ਵਿਦਵਾਨ ਪ੍ਰੋ.ਸਰਬਜੀਤ ਸਿੰਘ ਧੂੰਦਾ ਦੇ ਦੀਵਾਨ ਸੁਣਨ ਲਈ ਸੰਗਤਾਂ ਵਹੀਰਾ ਘੱਤਕੇ ਪਹੁੰਚੀਆਂ

**ਫਰਿਜਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸਥਾਨਿਕ ਗੁਰਦਵਾਰਾ ਸਿੰਘ ਸਭਾ ਵਿਖੇ ਪੰਜਾਬੀ ਕਲਚਰਲ ਐਸੋਸ਼ੀਏਸ਼ਨ (ਪੀਸੀਏ) ਦੇ ਸਹਿਯੋਗ ਨਾਲ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਕੇ ਲੰਘੇ ਐਤਵਾਰ ਤੋਂ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ। ਐਤਵਾਰ ਦੁਪਿਹਰ ਦੇ ਦੀਵਾਨ ਵਿੱਚ ਨਿਧੜਕ ਕਥਾਵਾਚਕ ਪ੍ਰੋ. ਸਰਬਜੀਤ ਸਿੰਘ ਧੂੰਦਾ ਜੋ ਬੜੀ ਬੇਬਾਕੀ ਨਾਲ ਸੰਗਤਾਂ ਨੂੰ ਵਹਿਮਾਂ-ਭਰਮਾਂ ਅਤੇ ਪਖੰਡੀ ਸਾਧਾਂ ਦੇ ਝਾਂਸੇ ਚੋਂ ਕੱਢਕੇ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਹਿਬ ਨਾਲ ਜੋੜ ਰਹੇ ਹਨ, ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਪ੍ਰੋ. ਧੂੰਦਾ ਦੇ ਵਿਚਾਰ ਸੁਣਨ ਲਈ ਵਹੀਰਾਂ ਘੱਤਕੇ ਪਹੁੰਚੀਆਂ ਹੋਈਆਂ ਸਨ। ਗੁਰੂ ਘਰ ਦੇ ਅੰਦਰ ਕਈ ਏਕੜਾ ਵਿੱਚ ਬਣੀ ਕਾਰ ਪਾਰਕਿੰਗ ਨੱਕੋ ਨੱਕ ਭਰਨ ਕਰਕੇ ਬਹੁਤ ਸਾਰੀਆਂ ਸੰਗਤਾਂ ਨੂੰ ਗੱਡੀਆਂ ਗੁਰਦਵਾਰਾ ਸਹਿਬ ਦੇ ਬਾਹਰ ਚਾਰਦਵਾਰੀ ਨਾਲ ਪਾਰਕ ਕਰਨੀਆਂ ਪਈਆਂ। ਗੁਰਦਵਾਰਾ ਸਹਿਬ ਅੰਦਰ ਜਿੱਧਰ ਵੀ ਨਜ਼ਰ ਦੌੜਦੀ ਸੀ ਹਰ ਪਾਸੇ ਹਰੀਆਂ, ਲਾਲ, ਕੇਸਰੀ, ਨੀਲੀਆਂ ਚੁੰਨੀਆਂ ਅਤੇ ਦਸਤਾਰਾਂ ਨਾਲ ਪੂਰਾ ਪੰਡਾਲ ਖਾਲਸਾਈ ਰੰਗ ਵਿੱਚ ਰੰਗਿਆ ਮਹਿਸੂਸ ਹੋ ਰਹਿਆ ਸੀ। ਗੁਰੂ ਗ੍ਰੰਥ ਸਹਿਬ ਅੱਗੇ ਨਤਮਸਤਿਕ ਹੋਣ ਲਈ ਸੰਗਤਾਂ ਦੀਆਂ ਲੰਮੀਆਂ ਕਤਾਰਾਂ ਪੰਜਾਬ ਦੇ ਕਿਸੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੀਆਂ ਸਨ। ਦੀਵਾਨ ਦੀ ਸੁਰੂਆਤ ਗੁਰੂ ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਗੁਰੂ ਫਤਿਹ ਸਾਂਝੀ ਕਰਨ ਉਪਰੰਤ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ, ਉਹਨਾਂ ਚਿਤਾਵਨੀ ਦਿੰਦਿਆ ਕਿਹਾ ਕਿ ਜਿਵੇਂ ਕੁਝ ਦਿਨ ਪਹਿਲਾਂ ਪ੍ਰੋ. ਧੂੰਦਾ ਦੇ ਦੀਵਾਨਾ ਅੰਦਰ ਕੁਝ ਕੁ ਅਨਸਰਾਂ ਨੇ ਵਿਘਨ ਪਾਉਣ ਦੀ ਅਸਫਲ ਕੋਸ਼ਿਸ਼ ਕੀਤੀ ਸੀ, ਅਸੀਂ ਇਹੋ ਜਿਹੀ ਕੋਈ ਵੀ ਕੋਝੀ ਹਰਕਤ ਬਰਦਾਸ਼ਤ ਨਹੀਂ ਕਰਾਗੇ ਅਗਰ ਕਿਸੇ ਵੀਰ ਕੋਲ ਸੁਆਲ ਹਨ ਤਾਂ ਜਰੂਰ ਜੁਆਬ ਦਿੱਤੇ ਜਾਣਗੇ, ਉਹਨਾਂ ਕਿਹਾ ਕਿ ਅਗਰ ਚਲਦੇ ਦੀਵਾਨ ਵਿੱਚ ਕਿਸੇ ਸੱਜਣ ਨੇ ਖੱਲੜ ਪਾਉਣ ਦੀ ਕੋਸ਼ਿਸ਼ ਕੀਤਾ ਤਾਂ ਉਹਨਾਂ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ। ਉਹਨਾਂ ਕਿਹਾ ਕਿ ਹਰ ਕਿਸੇ ਨੂੰ ਬੋਲਣ ਦੀ ਅਜਾਦੀ ਹੈ, ਲੇਕਿਨ ਇਸ ਦਾ ਇਹ ਮਤਬਲ ਨਹੀਂ ਕਿ ਅਸੀਂ ਦੂਸਰਿਆਂ ਨੂੰ ਵੀ ਸੁਣਨ ਤੋਂ ਰੋਕੀਏ। ਇਸ ਪਿਛੋਂ ਪ੍ਰੋ. ਸਰਬਜੀਤ ਸਿੰਘ ਧੂੰਦਾ ਸਟੇਜ਼ ਤੇ ਆਏ ਉਹਨਾਂ ਇੱਕ ਘੰਟਾ ਕਥਾ ਦੁਆਰਾ ਸੰਗਤਾ ਨੂੰ ਗੁਰੂ ਸ਼ਬਦ ਨਾਲ ਜੋੜਿਆ ਅਤੇ ਸੰਗਤਾਂ ਨੇ ਸਾਹ ਰੋਕਕੇ ਗੁਰੂ ਦੀ ਮਹਿਮਾਂ ਸੁਣੀ। ਉਹਨਾਂ ਡੇਰਾਵਾਦ ਅਤੇ ਸੰ- ਪਰਦਾਵਾ ਨੂੰ ਸਿੱਖ ਪੰਥ ਨੂੰ ਲੱਗੀ ਸਿਉਂਕ ਦੱਸਦਿਆਂ ਪਖੰਡਬਾਜੀ ਤੋਂ ਉਪਰ ਉਠਕੇ ਦੇਹਧਾਰੀ ਪਖੰਡੀਆਂ ਤੋਂ ਸਾਵਧਾਨ ਹੋਕੇ ਗੁਰੂ ਗ੍ਰੰਥ ਦੇ ਲੜ ਲੱਗਣ ਦੀ ਸੰਗਤਾਂ ਨੂੰ ਬੇਨਤੀ ਕੀਤੀ। ਪ੍ਰੋ. ਧੂੰਦਾ ਚੋਂ ਇਲਾਵਾ ਗੁਰੂ ਘਰ ਦੇ ਹਜ਼ੂਰੀ ਰਾਗੀ ਡਾ. ਭਾਈ ਸਰਬਜੀਤ ਸਿੰਘ ਜੀ ਸੁੰਦਰ ਨਗਰ ਵਾਲਿਆ ਦੇ ਜਥੇ ਨੇ ਸੰਗਤਾ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਭਾਈ ਮਲਕੀਤ ਸਿੰਘ ਨੇ ਹੁਕਮਨਾਵਾਂ ਸਹਿਬ ਦੀ ਵਿਆਖਿਆ ਕੀਤੀ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤੀ, ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਦੀਵਾਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਪ੍ਰੋ. ਧੂੰਦਾ ਸਿੱਖ ਪੰਥ ਦਾ ਉਹ ਯੋਧਾ ਜਿਹੜਾ ਠੋਕ ਵਜਾਕੇ ਗੁਰਬਾਣੀ ਨੂੰ ਅਧਾਰ ਬਣਾਕੇ ਵਿਪਰੀਤ ਹੋ ਰਹੀ ਸਿੱਖੀ ਨੂੰ ਬਚਾਉਣ ਲਈ ਗੁਰੂ ਸ਼ਬਦ ਨਾਲ ਜੋੜਨ ਲਈ ਦਰ ਦਰ ਜਾਕੇ ਸੁਤੀ ਕੌਮ ਨੂੰ ਜਗਾਉਣ ਲਈ ਹੋਕਰੇ ਮਾਰ ਰਿਹਾ ਹੈ, ਲੇਕਿਨ ਅਫ਼ਸੋਸ ਕਿ ਚੰਦ ਕੁ ਗੁੰਮਰਾਹ ਹੋ ਚੁਕੇ ਵੀਰ ਸਾਰੀ ਕੌਮ ਨੂੰ ਵੰਡਣ ਤੇ ਤੁਰੇ ਹੋਏ ਨੇ, ਉਹਨਾਂ ਕਿਹਾ ਕਿ ਅਗਰ ਕਿਸੇ ਵੀਰ ਨੂੰ ਪ੍ਰੋ. ਧੂੰਦੇ ਦੇ ਵਿਚਾਰ ਨਹੀਂ ਚੰਗੇ ਲਗਦੇ ਤਾਂ ਨਾਂ ਸੁਣੇ, ਪਰ ਅਗਰ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਅੱਜ ਆਪ ਮੁਹਾਰੇ ਵਹੀਰਾਂ ਘੱਤਕੇ ਪ੍ਰੋ. ਸਹਿਬ ਦੇ ਵਿਚਾਰ ਸੁਣਨ ਪਹੁੰਚੀਆਂ ਤਾਂ ਇਹਨਾਂ ਨੂੰ ਗੁੰਮਰਾਹ ਕਰਨ ਦਾ ਉਹਨਾਂ ਨੂੰ ਕੋਈ ਹੱਕ ਨਹੀਂ ਹੈ। ਉਹਨਾਂ ਅਫ਼ਸੋਸ ਜਿਤਾਇਆ ਕਿ ਸਿਮਰਨ ਨੂੰ ਢਾਲ੍ਹ ਬਣਾਕੇ ਕਿਸੇ ਨੂੰ ਚੁਪ ਕਰਵਾਉਣਾ ਕਿਹੜੀ ਰਹਿਤ ਮਰਿਆਦਾ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਪਹਿਲਾਂ ਅਸੀਂ ਗੁਰੂ ਦੇ ਸਿਧੰਤ ਨੂੰ ਸਮਝੀਏ ਕੀ ਗੁਰੂ ਸਾਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਪੱਗਾਂ ਲਾਉਣ ਦੀ ਇਜਾਜਤ ਦਿੰਦਾ, ਫੇਰ ਅਸੀਂ ਰੌਲ੍ਹਾ ਪਾਉਂਦੇ ਹਾਂ ਪੁਲਿਸ ਨੰਗੇ ਸਿਰ ਸਣੇ ਬੂਟ ਅੰਦਰ ਆ ਗਈ, ਅਸੀਂ ਉਹਨਾਂ ਨੂੰ ਸੱਦਦੇ ਹਾਂ ਅਗਲੇ ਕੋਈ ਚਾਅ ਨੂੰ ਨਹੀਂ ਆਉਦੇ। ਅਗਰ ਕੋਈ ਮੱਤਭੇਦ ਨੇ ਸਾਨੂੰ ਰਲ ਬੈਠਕੇ ਹੱਲ ਕੱਢਣਾ ਚਾਹੀਦਾ ਹੈ ਲੜਾਈ ਨਾਲ ਕਦੇ ਕੁਝ ਹਾਸਲ ਨਹੀਂ ਹੁੰਦਾ। ਅਖੀਰ ਵਿੱਚ ਉਹਨਾਂ ਸਮੂੰਹ ਸੰਗਤਾਂ ਦਾ ਜਿਨ੍ਹਾਂ ਨੇ ਦੀਵਾਨਾ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਇੱਕਜੁਟਤਾ ਵਿਖਾਈ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ। **(ਸਬੰਧਿਤ ਤਸਵੀਰਾਂ ਦੇਖੋ ਸਫਾ 14 ਤੇ)**

# ਪਦਮ ਸ੍ਰੀ ਅਤੇ ਪਦਮ ਵਿਭੂਸ਼ਣ ਵਰਗੇ ਪੁਰਸਕਾਰਾਂ ਦੀ ਵੰਡ ਤਰਕ ਸੰਗਤ ਨਹੀਂ: ਚੌਹਾਨ

**ਹੁਸ਼ਿਆਰਪੁਰ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਸਾਬਕਾ ਕੋ-ਆਰਡੀਨੇਟਰ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਸ੍ਰੀ ਭਗਵਾਨ ਸਿੰਘ ਚੌਹਾਨ ਨੇ ਵਿਸ਼ੇਸ਼ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ 2016 ਵਿਚ ਦੇਸ਼ ਦੇ ਰਾਸ਼ਟਰਪਤੀ ਨੇ ਜਿਹੜੇ ਪਦਮ ਸ੍ਰੀ ਅਤੇ ਪਦਮ ਵਿਭੂਸ਼ਣ ਵਰਗੇ ਐਵਾਰਡ ਦੇਸ਼ ਦੀਆਂ ਅਖੌਤੀ ਨਾਮਵਰ ਸ਼ਖਸੀਅਤਾਂ ਨੂੰ ਵੰਡੇ ਉਹਨਾਂ ਦੀ ਵੰਡ ਤੋਂ ਬਾਅਦ ਪੁਰਾਣਾ ਮੁਹਾਵਰਾ ਸੱਚ ਹੋ ਗਿਆ ਹੈ ਕਿ 'ਅੰਨ੍ਹਾ ਵੰਡੇ ਰਿਓੜੀਆਂ ਮੁੜ ਮੁੜ ਆਪਣਿਆਂ ਨੂੰ ਦੇਵੇ।' ਭਾਰਤ ਦੇਸ਼ ਬਹੁਜਾਤੀ ਅਤੇ ਬਹੁਤ ਧਰਮਾਂ ਵਿਚ ਵੰਡਿਆ ਹੋਇਆ ਦੇਸ਼ ਹੈ, ਜਿਸਦੀ ਆਬਾਦੀ ਲੱਗਭੱਗ ਇਕ ਅਰਬ ਤੀਹ ਕਰੋੜ ਦੇ ਕਰੀਬ ਹੋ ਚੁੱਕੀ ਹੈ ਅਤੇ ਜਦੋਂ ਪਦਮ ਸ੍ਰੀ ਅਤੇ ਪਦਮ ਵਿਭੂਸ਼ਣਾਂ ਦੀ ਲਿਸਟ ਦੇਖੀ ਗਈ ਤਾਂ ਇਹਨਾਂ ਵਿਚੋਂ ਇਕ ਵੀ ਦਲਿਤ ਜਾਂ ਮੁਸਲਮਾਨ ਨਹੀਂ ਹੈ।

ਜਿਹਨਾਂ ਦੀ ਆਬਾਦੀ ਕੁੱਲ ਮਿਲਾ ਕੇ ਲੱਗਭੱਗ 50 ਕਰੋੜ ਤੋਂ ਵੱਧ ਹੋਵੇਗੀ। ਬੜੀ ਹੈਰਾਨੀ ਦੀ ਗੱਲ ਹੈ ਕਿ ਇੰਨੀ ਸੰਖਿਆ ਵਿਚੋਂ ਇਕ ਵੀ ਬੰਦਾ ਇਹਨਾਂ ਐਵਾਰਡਾਂ ਦੇ ਯੋਗ ਨਹੀਂ ਮਿਲਿਆ।

ਸ੍ਰੀ ਚੌਹਾਨ ਨੇ ਕਿਹਾ ਕਿ ਇਹਨਾਂ ਪਦਮ ਸ੍ਰੀ ਅਤੇ ਪਦਮ ਵਿਭੂਸ਼ਣ ਪ੍ਰਾਪਤ ਕਰਨ ਵਾਲੇ ਐਵਾਰਡੀਆਂ ਵਿਚ ਕਈ ਤਾਂ ਪ੍ਰਧਾਨ ਮੰਤਰੀ ਮੋਦੀ ਦੀ ਹਰ ਚੰਗੇ ਮਾੜੇ ਕੰਮ ਦੀ ਪਿੱਠ ਠੋਕਦੇ ਹਨ। ਇੱਥੋਂ ਇਹ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਜ਼ਾਦੀ ਦੇ 69 ਸਾਲਾਂ ਵਿਚ ਹਰ ਸਾਲ ਜਿਹੜੇ ਐਵਾਰਡਾਂ ਦੀ ਵੰਡ ਹੋਈ ਉਸ ਵਿਚ ਕਿਸ ਤਰ੍ਹਾਂ ਅੰਨਿਆਂ ਨੇ ਆਪਣਿਆਂ ਨੂੰ ਰੇਵੜੀਆਂ ਵੰਡੀਆਂ ਹੋਣਗੀਆਂ।

ਸ੍ਰੀ ਚੌਹਾਨ ਨੇ ਕਿਹਾ ਕਿ ਇਹ ਵੀ ਜ਼ਿਕਰਯੋਗ ਹੈ ਕਿ ਭਾਰਤ ਰਤਨ ਐਵਾਰਡ ਦੁਨੀਆਂ ਦੇ ਸਭ ਤੋਂ ਗਿਆਨਵਾਨ ਮਹਾਂਪੁਰਸ਼ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਮਰਨ ਤੋਂ 34 ਸਾਲ ਬਾਅਦ ਦਿੱਤਾ ਗਿਆ, ਜਦਕਿ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ, ਲਤਾ ਮੰਗੇਸ਼ਕਰ, ਸਚਿਨ ਤੇਂਦੂਲਕਰ, ਅਟਲ ਬਿਹਾਰੀ ਵਾਜਪਾਈ, ਸੱਤਿਆਜੀਤ ਰੇਅ, ਸੀ. ਵੀ. ਰਮਨ, ਅਬਦੁੱਲ ਕਲਾਮ ਵਰਗਿਆਂ ਨੂੰ ਜਿਉਂਦੇ ਜੀਅ ਹੀ ਦੇ ਦਿੱਤਾ ਗਿਆ ਸੀ।

ਉਹਨਾਂ ਕਿਹਾ ਕਿ ਦਲਿਤਾਂ, ਪੱਛੜਿਆਂ ਅਤੇ ਮੁਸਲਮਾਨਾਂ ਨਾਲ ਭੇਦ ਭਾਵ ਲਗਾਤਾਰ ਇਸ ਕਦਰ ਚੱਲ ਰਿਹਾ ਹੈ ਕਿ 2016 ਦੇ ਪਦਮ ਸ੍ਰੀ ਅਤੇ ਪਦਮ ਵਿਭੂਸ਼ਣ ਐਵਾਰਡ ਪ੍ਰਾਪਤ ਕਰਨ ਵਾਲਿਆਂ ਵਿਚ ਇਕ ਵੀ ਮੁਸਲਮਾਨ ਤੇ ਦਲਿਤ ਨਹੀਂ ਹੈ। ਉਹਨਾਂ ਕਿਹਾ ਕਿ ਜਿਸ ਤਰ੍ਹਾਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਭਾਰਤ ਰਤਨ ਦੇਣ ਵਿਚ ਦੇਰੀ ਕੀਤੀ ਗਈ, ਇਸੇ ਤਰ੍ਹਾਂ ਵੀਹਵੀਂ ਸਦੀ ਦੇ ਮਹਾਨ ਦਲਿਤ ਚਿੰਤਕ ਸ੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣ ਵਿਚ ਦੇਰੀ ਕੀਤੀ ਜਾ ਰਹੀ ਹੈ।

# ਦੱਖਣੀ ਏਸ਼ੀਆ ਵਿੱਚ ਪਰਮਾਣੂ ਹਥਿਆਰਾਂ ਸਬੰਧੀ ਆਪਣੇ ਵਿਚਾਰਾਂ 'ਤੇ ਓਬਾਮਾ ਕਾਇਮ

ਵਾਸ਼ਿੰਗਟਨ– ਵਾਈਟ ਹਾਊਸ ਨੇ ਅੱਜ ਇਕ ਬਿਆਨ ਵਿੱਚ ਕਿਹਾ ਹੈ ਕਿ ਅਮਰੀਕੀ ਸਦਰ ਬਰਾਕ ਓਬਾਮਾ ਦੱਖਣੀ ਏਸ਼ੀਆ ਵਿੱਚ ਪਰਮਾਣੂ ਹਥਿਆਰਾਂ ਤੇ ਮਿਜ਼ਾਈਲਾਂ ਦੀ ਦੌੜ ਸਬੰਧੀ ਜ਼ਾਹਰ ਕੀਤੀਆਂ ਚਿੰਤਾਵਾਂ ਸਬੰਧੀ ਆਪਣੇ ਰੁਖ਼ ਉਤੇ ਕਾਇਮ ਹਨ। ਇਹ ਗੱਲ ਸ੍ਰੀ ਓਬਾਮਾ ਵੱਲੋਂ ਭਾਰਤ ਨੂੰ ਆਪਣਾ ਪਰਮਾਣੂ ਅਸਲਾ ਘਟਾਉਣ ਲਈ ਆਖੇ ਜਾਣ ਦੀ ਭਾਰਤ ਵੱਲੋਂ ਨਿਖੇਧੀ ਕੀਤੀ ਗਈ ਨਿਖੇਧੀ ਤੋਂ ਬਾਅਦ ਆਖੀ ਗਈ ਹੈ।

ਵਾਈਟ ਹਾਊਸ ਦੇ ਪ੍ਰੈਸ ਸਕੱਤਰ ਜੌਸ਼ ਅਰਨੈਸਟ ਨੇ ਕਿਹਾ, "ਰਾਸ਼ਟਰਪਤੀ ਦੀਆਂ ਟਿੱਪਣੀਆਂ ਉਨ੍ਹਾਂ ਚਿੰਤਾਵਾਂ ਕਾਰਨ ਉਪਜੀਆਂ ਹਨ, ਜੋ ਅਸੀਂ ਦੱਖਣੀ ਏਸ਼ੀਆ ਵਿੱਚ ਪਰਮਾਣੂ ਹਥਿਆਰਾਂ ਤੇ ਮਿਜ਼ਾਈਲਾਂ ਦੇ ਵਿਕਾਸ ਸਬੰਧੀ ਰੱਖਦੇ ਹਾਂ। ਅਸੀਂ ਖ਼ਾਸਕਰ ਰਣਨੀਤਕ ਪਰਮਾਣੂ ਹਥਿਆਰਾਂ ਦੇ ਵਧ ਰਹੇ ਭੰਡਾਰ ਕਾਰਨ ਫ਼ਿਕਰਮੰਦ ਹਾਂ, ਜਿਨ੍ਹਾਂ ਤੋਂ ਸੁਰੱਖਿਆ ਲਈ ਖ਼ਤਰੇ ਵਧਦੇ ਹਨ।'' ਉਨ੍ਹਾਂ ਕਿਹਾ, ''ਇਨ੍ਹਾਂ ਸਿਸਟਮਾਂ ਦੇ ਆਪਣੇ ਆਕਾਰ ਤੇ ਵਜ਼ਨ ਕਾਰਨ ਚੋਰੀ ਹੋਣ ਦਾ ਡਰ ਜ਼ਿਆਦਾ ਹੋਣਾ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ।'' ਉਨ੍ਹਾਂ ਕਿਹਾ ਕਿ ਛੋਟੇ ਆਕਾਰ ਤੇ ਘੱਟ ਵਜ਼ਨ ਵਾਲੇ ਹਥਿਆਰਾਂ ਨੂੰ ਵਰਤਣਾ ਆਸਾਨ ਹੋ ਜਾਂਦਾ ਹੈ ਅਤੇ 'ਭਾਰਤ ਤੇ ਪਾਕਿਸਤਾਨ ਦਰਮਿਆਨ ਰਵਾਇਤੀ ਲੜਾਈ ਵਿੱਚ ਇਨ੍ਹਾਂ ਦੀ ਵਰਤੋਂ ਦਾ ਖ਼ਤਰਾ' ਵਧ ਸਕਦਾ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਹੋਏ ਪਰਮਾਣੂ ਸੁਰੱਖਿਆ ਸਿਖਰ ਸੰਮੇਲਨ ਦਾ ਮਕਸਦ ਆਖ਼ਰ ਪਰਮਾਣੂ ਹਥਿਆਰਾਂ ਤੋਂ ਰਹਿਤ ਸੰਸਾਰ ਸਿਰਜਣਾ ਹੈ। ਇਸ ਕਾਰਨ ਓਬਾਮਾ ਪ੍ਰਸ਼ਾਸਨ ਲਗਾਤਾਰ ਰਣਨੀਤਕ ਪਰਮਾਣੂ ਹਥਿਆਰਾਂ ਨੂੰ ਲੈ ਕੇ ਚਿੰਤਾ ਜ਼ਾਹਰ ਕਰਦਾ ਰਹਿੰਦਾ ਹੈ।

# ਗੁਰੂਆਂ ਦੀ ਸੋਚ ਵਾਲੀ ਸਰਕਾਰ ਬਨਾਉਣ ਹਿਤ ਬਸਪਾ ਦਾ ਸਾਥ ਦੇਣ ਪੰਜਾਬੀ - ਚੌ. ਗੁਰਨਾਮ

## ਸਰਦੂਲਗੜ੍ਹ ਦੀ ਪਰਿਵਰਤਨ ਰੈਲੀ ਲਈ ਫਗਵਾੜਾ ਤੋਂ ਪਹੁੰਚੇਗਾ 10 ਬੱਸਾਂ ਦਾ ਕਾਫਿਲਾ - ਬਲਾਲੋਂ, ਰਚਨਾ ਦੇਵੀ

**ਫਗਵਾੜਾ (ਬੀ. ਕੇ. ਰੱਤੂ)–** ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ 125ਵੇਂ ਜਨਮ ਦਿਵਸ ਮੌਕੇ ਬਸਪਾ ਵਲੋਂ ਮਾਲਵਾ ਦੇ ਸਰਦੂਲਗੜ੍ਹ ਵਿਖੇ ਕੀਤੀ ਜਾ ਰਹੀ ਵਿਵਸਥਾ ਪਰਿਵਰਤਨ ਰੈਲੀ ਦੀਆਂ ਤਿਆਰੀਆਂ ਦਾ ਜਾਇਜਾ ਲੈਣ ਦੇ ਮਕਸਦ ਨਾਲ ਜਿਲ੍ਹਾ ਕਪੂਰਥਲਾ ਦੇ ਅਹੁਦੇਦਾਰਾਂ ਦੀ ਇਕ ਭਰਵੀਂ ਮੀਟਿੰਗ ਜਿਲ੍ਹਾ ਪ੍ਰਧਾਨ ਤਰਸੇਮ ਸਿੰਘ ਡੌਲਾ ਦੀ ਅਗਵਾਈ ਹੇਠ ਸੰਘ ਮਿਤਰਾ ਬੁੱਧ ਵਿਹਾਰ ਸਤਨਾਮਪੁਰਾ ਫਗਵਾੜਾ ਵਿਖੇ ਹੋਈ। ਜਿਸ ਵਿਚ ਮੁੱਖ ਮਹਿਮਾਨ ਵਜੋਂ ਸੂਬਾ ਕੋਆਰਡੀਨੇਟਰ ਰਛਪਾਲ ਰਾਜੂ ਤੇ ਚੌਧਰੀ ਗੁਰਨਾਮ ਸਿੰਘ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾ ਵਜੋਂ ਮੰਡਲ ਕੋਆਰਡੀਨੇਟਰ ਮਾਸਟਰ ਹਰਭਜਨ ਸਿੰਘ ਬਲਾਲੋਂ ਤੇ ਬੀਬੀ ਰਚਨਾ ਦੇਵੀ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਰਸ਼ਪਾਲ ਰਾਜੂ ਨੇ ਕਿਹਾ ਕਿ 14 ਅਪ੍ਰੈਲ ਦੀ ਸਰਦੂਲਗੜ੍ਹ ਰੈਲੀ ਬਸਪਾ ਨੂੰ ਮਾਲਵਾ ਖੇਤਰ ਵਿਚ ਹੋਰ ਮਜਬੂਤੀ ਪ੍ਰਦਾਨ ਕਰੇਗੀ ਅਤੇ ਅਕਾਲੀ-ਭਾਜਪਾ ਸਰਕਾਰ ਦੇ ਪਤਨ ਦਾ ਮੁਢ ਬਣੇਗੀ। ਉਹਨਾਂ ਹਦਾਇਤ ਕੀਤੀ ਕਿ ਹਰ ਵਿਧਾਨਸਭਾ ਹਲਕੇ ਤੋਂ 5 ਬੱਸਾਂ ਦਾ ਕਾਫਿਲਾ ਉਕਤ ਰੈਲੀ ਵਿਚ ਜਰੂਰ ਪਹੁੰਚਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਸਪਾ ਦੇ ਵੱਧਦੇ ਅਧਾਰ ਅਤੇ ਅਗਲੀਆਂ ਚੋਣਾਂ ਵਿਚ ਸੰਭਾਵੀ ਜਿੱਤ ਨੂੰ ਦੇਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਵਲੋਂ ਗੁਮਰਾਹ ਕਰਨ ਵਾਲੀ ਬਿਆਨਬਾਜੀ ਕੀਤੀ ਜਾ ਰਹੀ ਹੈ ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਚੌਧਰੀ ਗੁਰਨਾਮ ਸਿੰਘ ਨੇ ਆਪਣੇ ਸੰਬੋਧਨ ਵਿਚ



ਕਿਹਾ ਕਿ ਪੰਜਾਬ ਦੇ ਲੋਕ ਅਕਾਲੀ-ਭਾਜਪਾ ਗਠਜੋੜ ਸਰਕਾਰ, ਕਾਂਗਰਸ ਪਾਰਟੀ ਅਤੇ 'ਆਪ' ਦੀਆਂ ਦੋਗਲੀਆਂ ਨੀਤੀਆਂ ਤੋਂ ਤੰਗ ਹੋ ਚੁੱਕੇ ਹਨ ਅਤੇ ਬਦਲ ਦੇ ਰੂਪ ਵਿਚ ਬਸਪਾ ਤੋਂ ਸੁੱਚਜੀ ਸਰਕਾਰ ਦੀ ਉਮੀਦ ਰੱਖਦੇ ਹਨ। ਉਹਨਾਂ ਸਮੂਹ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨਾਂ ਦੀ ਸੋਚ ਵਾਲੀ ਸਰਕਾਰ ਬਨਾਉਣ ਲਈ ਬਸਪਾ ਦੀ ਸਰਕਾਰ ਬਨਾਉਣ ਵਿਚ ਸਹਿਯੋਗ ਦੇਣ ਤਾਂ ਜੋ ਪੰਜਾਬ ਨੂੰ ਨਸ਼ਾ ਅਤੇ ਭ੍ਰਿਸ਼ਟਾਚਾਰ ਮੁਕਤ ਬਣਾ ਕੇ ਖੁਸ਼ਹਾਲ ਸੂਬਾ ਬਣਾਇਆ ਜਾ ਸਕੇ। ਇਸ ਮੌਕੇ ਮਾਸਟਰ ਹਰਭਜਨ ਸਿੰਘ ਬਲਾਲੋਂ ਅਤੇ ਬੀਬੀ ਰਚਨਾ ਦੇਵੀ ਨੇ ਭਰੋਸਾ ਦਿੱਤਾ ਕਿ 14 ਅਪ੍ਰੈਲ ਦੀ ਸਰਦੂਲਗੜ੍ਹ ਰੈਲੀ ਵਿਚ ਫਗਵਾੜਾ ਤੋਂ 10 ਬੱਸਾਂ ਦਾ ਕਾਫਿਲਾ ਲੈ ਕੇ ਸ਼ਾਮਲ ਹੋਣਗੇ। ਮੀਟਿੰਗ ਵਿਚ ਜਿਲ੍ਹਾ ਜਨਰਲ ਸਕੱਤਰ ਪਰਮਜੀਤ ਖਲਵਾੜਾ, ਜਿਲ੍ਹਾ ਕੈਸ਼ੀਅਰ ਗੁਰਮੇਲ ਸਿੰਘ ਮੱਟੂ, ਡਾ. ਜਸਵੰਤ ਸਿੰਘ ਪ੍ਰਧਾਨ ਸੁਲਤਾਨਪੁਰ ਲੋਧੀ, ਹਰਭਜਨ ਖਲਵਾੜਾ ਮੈਂਬਰ ਜਿਲ੍ਹਾ ਪਰੀਸ਼ਦ, ਲੇਖਰਾਜ ਜਮਾਲਪੁਰ ਮੈਂਬਰ ਜਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ, ਸੀਨੀਅਰ ਆਗੂ ਚਰਨਦਾਸ ਜੱਸਲ, ਰਾਮ ਮੂਰਤੀ ਖੇੜਾ, ਸਿਟੀ ਇੰਚਾਰਜ ਕਾਲਾ ਪ੍ਰਭਾਕਰ, ਤੇਜਪਾਲ ਬਸਰਾ, ਬਲਦੇਵ ਚੌਧਰੀ, ਦੇਸਰਾਜ ਬਲਾਕ ਸੰਮਤੀ ਮੈਂਬਰ, ਸੁਰਜੀਤ ਭੁੱਲਾਰਾਈ, ਮਨੋਜ ਚਾਚੋਕੀ, ਚਿਰੰਜੀ ਲਾਲ ਕਾਲਾ, ਜੋਗਿੰਦਰ ਪਾਲ ਪੰਚ, ਸਾਲਿਗ ਰਾਮ ਜੱਸੀ, ਪ੍ਰਨੀਸ਼ ਬੰਗਾ, ਲਹਿੰਬਰ ਬਲਾਲੋਂ, ਮੋਹਨ ਲਾਲ ਬੇਗਮਪੁਰਾ, ਬਿਸ਼ੰਭਰ ਭਬਿਆਣਾ, ਮਨਜੀਤ ਵਾਹਦ, ਡਾ. ਜਸਵਿੰਦਰ ਪਲਾਹੀ, ਚਰਨਜੀਤ ਜੱਖੂ, ਨਿਰਮਲ ਸਿੰਘ ਮਲਕਪੁਰ, ਰਾਮ ਲੁਭਾਇਆ ਪੰਡੋਰੀ, ਸਰਵਣ ਸਿੰਘ ਦਾਨੀ, ਰਾਮ ਪ੍ਰਕਾਸ਼ ਮਾਣਕਾਂ, ਬਿੰਦਰ ਮਾਣਕਾ, ਕੁਲਵਿੰਦਰ ਕੁਮਾਰ ਅਮਰੀਕ ਨਗਰੀ, ਰੇਸ਼ਮ ਲਾਲ ਭੁੱਲਾਰਾਈ, ਅਮਰਜੀਤ, ਪਾਲੀ ਮੋਠਾਂਵਾਲਾ, ਸੁਰਿੰਦਰ ਪਾਲ ਬੰਗੜ, ਮੰਗਤ ਰਾਮ ਕਲੇਰ, ਮੁਖਤਿਆਰ ਮਹਿਮੀ ਤੋਂ ਇਲਾਵਾ ਹੋਰ ਵਰਕਰ ਅਤੇ ਆਗੂ ਵੀ ਹਾਜਰ ਸਨ।

# ਪੰਜਾਬ ਵਿਚ ਤੀਸਰੀ ਵਾਰ ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਗਠਨ 'ਚ ਐਸ.ਸੀ. ਸੈਲ ਦਾ ਰਹੇਗਾ ਅਹਿਮ ਰੋਲ - ਵਾਹਦ

## ਸ਼੍ਰੋਮਣੀ ਅਕਾਲੀ ਦਲ ਐਸ.ਸੀ. ਵਿੰਗ ਹਲਕਾ ਫਗਵਾੜਾ ਦੀ ਮੀਟਿੰਗ, ਐਸ.ਸੀ. ਯੂਥ ਵਿੰਗ ਦੇ ਪ੍ਰਧਾਨ ਬਣਨ ਤੇ ਬਲਬੀਰ ਬਿੱਟੂ ਦਾ ਕੀਤਾ ਸਨਮਾਨ

**ਫਗਵਾੜਾ (ਬੀ. ਕੇ. ਰੱਤੂ)–** ਸ਼੍ਰੋਮਣੀ ਅਕਾਲੀ ਦਲ ਐਸ.ਸੀ. ਵਿੰਗ ਵਿਧਾਨਸਭਾ ਹਲਕਾ ਫਗਵਾੜਾ ਦੀ ਇਕ ਮੀਟਿੰਗ ਦਿਹਾਤੀ ਸਰਕਲ ਪ੍ਰਧਾਨ ਮੋਹਨ ਸਿੰਘ ਵਾਹਦ ਦੇ ਦਫਤਰ ਪਲਾਹੀ ਰੋਡ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਵਿਚ ਐਸ.ਸੀ. ਵਿੰਗ ਫਗਵਾੜਾ ਨੂੰ ਮਜਬੂਤ ਕਰਨ ਸਬੰਧੀ ਅਤੇ ਸ਼ਹਿਰ ਦੇ ਸਮੂਹ 50 ਵਾਰਡਾਂ ਅਤੇ ਸਾਰੇ ਪਿੰਡਾਂ ਦੇ ਪ੍ਰਧਾਨ ਨਿ-ਯੁਕਤ ਕਰਨ ਸਬੰਧੀ ਅਹਿਮ ਵਿਚਾਰਾਂ ਕੀਤੀਆਂ ਗਈਆਂ। ਵੱਖ ਵੱਖ ਆਗੂਆਂ ਨੇ ਕਿਹਾ ਕਿ ਪੰਜਾਬ ਵਿਚ ਲਗਾਤਾਰ ਤੀਸਰੀ ਵਾਰ ਅਕਾਲੀ-ਭਾਜਪਾ ਗਠਜੋੜ ਬਨਾਉਣ ਦਾ ਇਤਹਾਸ ਸਿਰਜਣ ਲਈ ਐਸ.ਸੀ. ਵਿੰਗ ਅਹਿਮ ਰੋਲ ਅਦਾ ਕਰੇਗਾ। ਉਹਨਾਂ ਕਿਹਾ ਕਿ ਸਰਕਾਰ ਵਲੋਂ ਐਸ.ਸੀ. ਭਾਈਚਾਰੇ ਨੂੰ ਦਿੱਤੀਆਂ ਸਾਰੀਆਂ ਸਹੂਲਤਾਂ ਅਤੇ ਭਲਾਈ ਸਕੀਮਾ ਦਾ ਘਰ



ਘਰ ਜਾ ਕੇ ਪ੍ਰਚਾਰ ਕੀਤਾ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਮੋਹਨ ਸਿੰਘ ਵਾਹਦ ਨੇ ਦੱਸਿਆ ਕਿ ਮੀਟਿੰਗ ਵਿਚ ਅਹਿਮ ਫੈਸਲਾ ਕੀਤਾ ਗਿਆ ਕਿ ਸ਼ਹਿਰ ਵਿਚ ਵਾਰਡ ਪੱਧਰ ਅਤੇ ਪਿੰਡਾਂ ਵਿਚ ਮੀਟਿੰਗਾਂ ਦਾ ਸਿਲਸਿਲਾ ਜਲਦੀ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਪ੍ਰਧਾਨ ਗੁਲਜਾਰ ਸਿੰਘ ਰਣੀਕੇ ਨਾਲ ਫਗਵਾੜਾ ਵਿਚ ਮੀਟਿੰਗ ਕਰਨ ਦਾ ਫੈਸਲਾ ਵੀ ਲਿਆ ਗਿਆ। ਮੀਟਿੰਗ ਉਪਰੰਤ ਸ੍ਰੋ.ਅ.ਦ. ਐਸ.ਸੀ. ਯੂਥ ਵਿੰਗ ਦਿਹਾਤੀ ਦੇ ਪ੍ਰਧਾਨ ਬਣਨ ਤੇ ਬਲਬੀਰ ਬਿੱਟੂ ਖਲਵਾੜਾ ਨੂੰ ਕੌਂਸਲਰ ਬਲਜਿੰਦਰ ਸਿੰਘ ਠੇਕੇਦਾਰ ਜਨਰਲ ਸਕੱਤਰ ਰਾਮਦਾਸੀਆ ਸਿੱਖ ਬਿਰਾਦਰੀ ਪੰਜਾਬ ਦੇ ਗ੍ਰਹਿ ਵਿਖੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਅਤੇ ਕੌਂਸਲਰ ਬੀਬੀ ਸਰਬਜੀਤ ਕੌਰ, ਜੱਥੇਦਾਰ ਸਰੂਪ ਸਿੰਘ ਖਲਵਾੜਾ ਜੱਥੇਬੰਦਕ ਕਮੇਟੀ ਸਕੱਤਰ ਪੰਜਾਬ, ਰਜਿੰਦਰ ਘੇੜਾ ਸ਼ਹਿਰੀ ਪ੍ਰਧਾਨ, ਬਹਾਦਰ ਸਿੰਘ ਸੰਗਤਪੁਰ, ਬਲਵੀਰ ਚੰਦ ਖਲਵਾੜਾ, ਜਸਵਿੰਦਰ ਸਿੰਘ ਭਗਤਪੁਰਾ, ਜਸਵੀਰ ਸਿੰਘ ਸਮਰਾ ਆਦਿ ਵੀ ਹਾਜਰ ਸਨ।

# ਰੀਤਪ੍ਰੀਤ ਪਾਲ ਸਿੰਘ ਆਪਣੇ ਪਰਿਵਾਰ ਸਮੇਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਸ਼ਾਮਿਲ

**ਫਗਵਾੜਾ (ਬੀ. ਕੇ. ਰੱਤੂ)–** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਉਸ ਵੇਲੇ ਭਾਰੀ ਬਲ ਮਿਲਿਆ ਜਦੋਂ ਉਘੇ ਸਮਾਜ ਸੇਵੀ ਅਤੇ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰ ਸੋਸਾਇਟੀ ਦੇ ਪ੍ਰਧਾਨ ਆਪਣੇ ਪਰਿਵਾਰ ਸਮੇਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਸ਼ਾਮਿਲ ਹੋਏ। ਇਸ ਮੌਕੇ ਪਿੰਡ ਰਾਮਗੜ ਦੇ ਗੁਰਦੁਆਰਾ ਸਾਹਿਬ ਵਿਖੇ ਰੱਖੇ



ਗਏ ਘਰ ਦੀ ਸੁੱਖ ਸ਼ਾਂਤੀ ਲਈ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਤੌਰ ਤੇ ਪਹੁੰਚੇ ਜਿਲਾ ਕਪੂਰਥਲਾ ਦੇ ਪ੍ਰਧਾਨ ਨਰਿੰਦਰ ਸਿੰਘ ਖੁਸਰੋਪੁਰ, ਕੇਂਦਰੀ ਕਾਰਜਕਾਰੀ ਕਮੇਟੀ ਦੇ ਮੈਂਬਰ ਰਜਿੰਦਰ ਸਿੰਘ ਫੌਜੀ, ਫਗਵਾੜਾ ਦਿਹਾਤੀ ਦੇ ਪ੍ਰਧਾਨ ਸੁੱਚਾ ਸਿੰਘ ਬਿਸ਼ਨਪੁਰ, ਯੂਥ ਵਿੰਗ ਦੇ ਪ੍ਰਧਾਨ ਨਰਿੰਦਰ ਸਿੰਘ, ਯੂਥ ਵਿੰਗ ਦੇ ਮੀਤ ਪ੍ਰਧਾਨ ਤਿਰਲੋਕ ਸਿੰਘ ਪੁਰੇਵਾਲ। ਇਸ ਮੌਕੇ ਨਰਿੰਦਰ ਸਿੰਘ ਖੁਸਰੋਪੁਰ ਨੇ ਖੁਸ਼ੀ ਦਾ ਇਜਹਾਰ ਕਰਦੇ ਹੋਏ ਕਿਹਾ ਕਿ ਰੀਤਪ੍ਰੀਤ ਪਾਲ ਸਿੰਘ ਪਹਿਲਾਂ ਹੀ ਪਾਰਟੀ ਵਿੱਚ ਕਾਫੀ ਸਮਾਂ ਕੰਮ ਕਰਦੇ ਰਹੇ ਹਨ ਅਤੇ ਹੁਣ ਘਰ ਵਾਪਸੀ ਹੋਣ ਤੇ ਪਾਰਟੀ ਨੂੰ ਕਾਫੀ ਮਜਬੂਤੀ ਮਿਲੇਗੀ ਕਿਉਂਕਿ ਰੀਤਪ੍ਰੀਤ ਪਾਲ ਸਿੰਘ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਜਨਰਲ ਸਕੱਤਰ ਰਹਿ ਚੁਕੇ ਹਨ ਅਤੇ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਬਰੀਕੀ ਨਾਲ ਜਾਣਦੇ ਹਨ। ਇਸ ਮੌਕੇ ਰੀਤਪ੍ਰੀਤ ਪਾਲ ਸਿੰਘ ਨੇ ਉਪਰੋਕਤ ਸਮੂਹ ਪਾਰਟੀ ਦੇ ਅਹੁਦੇਦਾਰਾਂ ਅਤੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨਾਂ ਨੇ ਨਿਮਾਣੇ ਜਿਹੇ ਪਰਿਵਾਰ ਨੂੰ ਪਾਰਟੀ ਵਿੱਚ ਸ਼ਾਮਿਲ ਕਰਕੇ ਮਾਣ ਦਿੱਤਾ। ਇਸ ਮੌਕੇ ਅਮੋਲਕ ਸਿੰਘ, ਰਣਜੀਤ ਸਿੰਘ, ਬਲਵੀਰ ਸਿੰਘ, ਗੁਰਪ੍ਰੀਤ ਸਿੰਘ, ਜਰਨੈਲ ਸਿੰਘ, ਗੁਰਸ਼ਿੰਦਰ ਕੌਰ, ਸੰਦੀਪ ਕੌਰ, ਮਨਦੀਪ ਕੌਰ, ਜਸਪਾਲ ਸਿੰਘ, ਗੁਰਮੁਖ ਸਿੰਘ, ਜੁਗਰਾਜ ਸਿੰਘ ਤੋਂ ਇਲਾਵਾ ਪਿੰਡ ਵਾਸੀ ਤੇ ਹੋਰ ਪਤਵੰਤੇ ਸੱਜਣ ਹਾਜਿਰ ਸਨ। ਇਸ ਮੌਕੇ ਰੀਤਪ੍ਰੀਤ ਪਾਲ ਸਿੰਘ ਦੇ ਪਰਿਵਾਰ ਵਲੋਂ ਸਮੂਹ ਪਾਰਟੀ ਅਹੁਦੇਦਾਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

# ਗੁਰਮਾਤਾ ਚੰਦ ਕੌਰ ਦਾ ਕਤਲ ਸੂਬੇ ਵਿਚ ਔਰਤਾਂ ਦੇ ਸੁਰੱਖਿਅਤ ਨਾ ਹੋਣ ਦਾ ਸਬੂਤ - ਰਾਣੀ ਸੋਢੀ

**ਫਗਵਾੜਾ (ਬੀ. ਕੇ. ਰੱਤੂ)–** ਮਹਿਲਾ ਕਾਂਗਰਸ ਪੰਜਾਬ ਦੀ ਸੂਬਾ ਮੀਤ ਪ੍ਰਧਾਨ ਬਲਵੀਰ ਰਾਣੀ ਸੋਢੀ ਨੇ ਅੱਜ ਜਾਰੀ ਇਕ ਬਿਆਨ ਵਿਚ ਕਿਹਾ ਕਿ ਨਾਮਧਾਰੀ ਗੁਰਮਾਤਾ ਚੰਦ ਕੌਰ ਜੀ ਦੇ ਦਿਨ ਦਿਹਾੜੇ ਹੋਏ ਕਤਲ ਨਾਲ ਇਕ ਵਾਰ ਫਿਰ ਸਾਬਿਤ ਹੋਇਆ ਹੈ ਕਿ ਪੰਜਾਬ ਵਿਚ ਕਾਨੂੰਨ ਦਾ ਨਹੀਂ ਬਲਕਿ ਗੁੰਡਾ



ਅਨਸਰਾਂ ਦਾ ਰਾਜ ਚਲ ਰਿਹਾ ਹੈ ਜੋ ਕਿ ਕਦੇ ਵਿਚ ਲੁੱਟਪਾਟ, ਚੋਰੀ, ਡਕੈਤੀ ਜਾਂ ਕਤਲ ਵਰਗੀਆਂ ਘਟਨਾਵਾਂ ਨੂੰ ਸਰੇਆਮ ਅੰਜਾਮ ਦੇ ਕੇ ਨਿਕਲ ਜਾਂਦੇ ਹਨ ਅਤੇ ਕੋਈ ਵੀ ਉਹਨਾਂ ਦਾ ਕੁਝ ਵਿਗਾੜ ਨਹੀਂ ਸਕਦਾ। ਖਾਸ ਤੌਰ ਤੇ ਔਰਤਾਂ ਦੀ ਸੁਰੱਖਿਆ ਸਵਾਲਾਂ ਦੇ ਘੇਰੇ ਵਿਚ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੂਬੇ ਵਿਚ ਰਾਜ ਨਹੀਂ ਸੇਵਾ ਦੀ ਦੁਹਾਈ ਦੇ ਰਹੇ ਹਨ ਅਤੇ ਸੁਖਬੀਰ ਬਾਦਲ ਤੀਸਰੀ ਵਾਰ ਸੱਤਾ ਵਿਚ ਆਉਣ ਦੇ ਸ਼ੇਖ ਚਿੱਲੀ ਵਾਲੇ ਸੁਪਨੇ ਦੇਖ ਰਿਹਾ ਹੈ ਜਦਕਿ ਸੂਬੇ ਦੇ ਲੋਕ ਇਹਨਾਂ ਦੇ ਰਾਜ ਵਿਚ ਸਹਿਮ ਦੇ ਮਾਹੌਲ 'ਚ ਜੀਉਣ ਲਈ ਮਜਬੂਰ ਹੋ ਗਏ ਹਨ। ਉਹਨਾਂ ਘਟਨਾ ਲਈ ਜਿੰਮੇਵਾਰ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗਿਰਫਤਾਰ ਕਰਕੇ ਸਖਤ ਸਜਾਵਾਂ ਦੇਣ ਦੀ ਮੰਗ ਵੀ ਕੀਤੀ। ਇਸ ਮੌਕੇ ਮਹਿਲਾ ਕਾਂਗਰਸ ਬਲਾਕ ਫਗਵਾੜਾ ਦੀ ਪ੍ਰਧਾਨ ਪ੍ਰੇਮ ਕੌਰ ਚਾਨਾ, ਮੀਤ ਪ੍ਰਧਾਨ ਮਲਕੀਤ ਕੌਰ, ਜਨਰਲ ਸਕੱਤਰ ਵੰਦਨਾ ਸ਼ਰਮਾ, ਅੰਜੂ ਖਲਵਾੜਾ ਸਕੱਤਰ ਤੋਂ ਇਲਾਵਾ ਸਾਬਕਾ ਕੌਂਸਲਰ ਤ੍ਰਿਪਤਾ ਧੀਰ, ਪ੍ਰਭਾ ਦੇਵੀ, ਸੁਰਿੰਦਰ ਕੌਰ, ਅਨੀਤਾ ਸੇਠ, ਬਿਮਲਾ ਸੋਢੀ, ਪ੍ਰੇਮ ਚੱਗਰ ਅਤੇ ਨਰਿੰਦਰ ਕੌਰ ਵੀ ਉਹਨਾਂ ਦੇ ਨਾਲ ਸਨ।

# ਰਜਨੀਕਾਂਤ, ਸਾਨੀਆ ਤੇ ਪ੍ਰਿਯੰਕਾ ਚੋਪੜਾ ਨੂੰ ਪਦਮ ਪੁਰਸਕਾਰ

**ਨਵੀਂ ਦਿੱਲੀ–** ਸੁਪਰ ਸਟਾਰ ਰਜਨੀਕਾਂਤ, ਟੈਨਿਸ ਸਟਾਰ ਸਾਨੀਆ ਮਿਰਜ਼ਾ, ਅਮਰੀਕਾ ਦੇ ਸਾਬਕਾ ਰਾਜਦੂਤ ਰਾਬਰਟ ਡੀ. ਬਲੈਕਵਿਲ ਅਤੇ ਅਦਾਕਾਰਾ ਪ੍ਰਿਯੰਕਾ ਚੋਪੜਾ ਉਨ੍ਹਾਂ 56 ਹਸਤੀਆਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੂੰ ਅੱਜ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਡੀਆਰਡੀਓ ਦੇ ਸਾਬਕਾ ਪ੍ਰਮੁੱਖ ਵੀਕੇ ਅਤਰੇ, ਤੇਲਗੂ ਦੈਨਿਕ ਇਨਾਇਡੂ ਦੇ ਮੁੱਖ



ਸੰਪਾਦਕ ਰਾਮਾਜੀਰਾਓ, ਸਿੱਖਿਆ ਸ਼ਾਸਤਰੀ ਇੰਦੂ ਜੈਨ, ਮਸ਼ਹੂਰ ਵਕੀਲ ਉਜੱਵਲ ਨਿਕਮ, ਮਾਰੂਤੀ ਸੁਜ਼ੂਕੀ ਇੰਡੀਆ ਦੇ ਪ੍ਰਧਾਨ ਆਰਸੀ ਭਾਰਗਵ ਤੇ ਗਾਇਕ ਉਦਿਤ ਨਰਾਇਣ ਵੀ ਇਥੇ ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੋਂ ਪਦਮ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ ਸ਼ਾਮਲ ਸਨ।

# ਮਾਤਾ ਚੰਦ ਕੌਰ ਦੀ ਮੌਤ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਨਾਮਧਾਰੀ ਜਗਤ ਦੀ ਸਿਰਮੌਰ ਹਸਤੀ ਮਾਤਾ ਚੰਦ ਕੌਰ ਜੀ ਦੀ ਦੁਖਦਾਈ ਮੌਤ ਉੱਤੇ ਕਮੇਟੀ ਦੇ ਦਫ਼ਤਰ ਵਿੱਚ ਇਕ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ।

ਜਿਸ ਵਿੱਚ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਮੀਤ ਪ੍ਰਧਾਨ ਅਜਮੇਰ ਸਿੰਘ ਸਮਰਾ, ਖਜ਼ਾਨਚੀ ਸੀਤਲ ਸਿੰਘ ਸੰਘਾ, ਟਰੱਸਟੀ ਵਰਿਆਮ ਸਿੰਘ ਸੰਧੂ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਗੁਰਮੀਤ, ਕਮੇਟੀ ਮੈਂਬਰ ਗੁਰਮੀਤ ਸਿੰਘ ਢੱਡਾ, ਦੇਵਰਾਜ ਨਯੀਅਰ, ਕਾ. ਚਰੰਜੀ ਲਾਲ ਕੰਗਣੀਵਾਲ ਅਤੇ ਹੋਰ ਸਟਾਫ਼ ਮੈਂਬਰਾਂ ਨੇ ਮਾਤਾ ਜੀ ਦੀਆਂ ਸਮਾਜ ਪ੍ਰਤੀ ਸੇਵਾਵਾਂ ਦਾ ਵਰਣਨ ਕਰਦਿਆਂ ਉਨ੍ਹਾਂ ਦੇ ਵਿਛੋੜੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਕਿਹਾ।

ਉਨ੍ਹਾਂ ਨੇ ਕਿਹਾ ਕਿ ਨਾਮਧਾਰੀ ਦਰਬਾਰ ਭੈਣੀ ਸਾਹਿਬ ਦਾ ਦੇਸ਼ ਭਗਤ ਯਾਦਗਾਰ ਕਮੇਟੀ ਨਾਲ ਅਤੇ ਦੇਸ਼ ਭਗਤ ਪਰਿਵਾਰਾਂ ਨਾਲ ਨੇੜੇ ਦਾ ਸਬੰਧ ਰਿਹਾ ਹੈ। ਸਮੇਂ ਸਮੇਂ ਨਾਮਧਾਰੀ ਦਰਬਾਰ ਵੱਲੋਂ ਦੇਸ਼ ਭਗਤ ਯਾਦਗਾਰ ਨੂੰ ਸਹਿਯੋਗ ਮਿਲਦਾ ਰਿਹਾ ਹੈ। ਅਸੀਂ ਇਸ ਦੁੱਖ ਦੀ ਘੜੀ ਵਿੱਚ ਨਾਮਧਾਰੀ ਜਗਤ ਨਾਲ ਦਿਲੀ ਸੰਵੇਦਨਾ ਪ੍ਰਗਟ ਕਰਦੇ ਹਾਂ।

# ਪੰਜਾਬ ਸਰਕਾਰ ਸਿੱਖਿਆ ਦਾ ਮਿਆਰ ਉਚਾ ਚੁੱਕਣ ਲਈ ਵਚਨਬੱਧ-ਸਿੱਖਿਆ ਮੰਤਰੀ ਡਾ.ਚੀਮਾ

**ਗੁਰਦਾਸਪੁਰ (ਨਰਿੰਦਰ ਬਰਨਾਲ)–** ਡਾ ਬੀ.ਆਰ ਅੰਬੇਦਕਰ ਦੇ 125ਵੇਂ ਦਿਵਸ ਮੌਕੇ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੇ 10ਵੀਂ ਤੇ 12ਵੀਂ ਜਮਾਤ ਦੇ ਹੁਸ਼ਿਆਰ ਵਿਦਿਆਰਥੀਆਂ ਵਾਸਤੇ 'ਡਾ.ਬੀ.ਆਰ ਅੰਬੇਦਕਰ ਵਜ਼ੀਫਾ ਸਕੀਮ' ਸ਼ੁਰੂ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਡਾ. ਦਲਜੀਤ ਸਿੰਘ ਚੀਮਾ ਸਿੱਖਿਆ ਮੰਤਰੀ ਪੰਜਾਬ ਨੇ ਗੁਰਦੁਆਰਾ ਦਮਦਮਾ ਸਾਹਿਬ ਦੇ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਡਾ.ਚੀਮਾ ਅੱਜ ਇਥੇ ਆਪਣੀ ਚਾਚੀ ਸਵਰਗਵਾਸੀ ਸ੍ਰੀਮਤੀ ਗੁਰਬਚਨ ਕੌਰ ਨਮਿੱਤ ਸਰਧਾਂਜਲੀ ਸਮਾਗਮ ਵਿਚ ਸ਼ਿਰਕਤ ਕਰਨ ਲਈ ਪਹੁੰਚੇ ਹੋਏ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਚੀਮਾ ਨੇ ਕਿਹਾ ਕਿ 10ਵੀ ਜਮਾਤ ਦੇ ਟਾਪਰ 125 ਵਿਦਿਆਰਥੀਆਂ ਨੂੰ 1 ਕਰੋੜ 25 ਲੱਖ ਰੁਪਏ ਦਾ ਵਜ਼ੀਫਾ ਦਿੱਤਾ ਜਾਵੇਗਾ। ਇਕ ਵਿਦਿਆਰਥੀ ਨੂੰ 1 ਲੱਖ ਰੁਪਏ ਦਾ ਵਜ਼ੀਫਾ ਮਿਲੇਗਾ। ਇਸੇ ਤਰਾਂ 12ਵੀ ਜਮਾਤ ਦੇ ਟਾਪਰ 125 ਵਿਦਿਆਰਥੀਆਂ ਨੂੰ1 ਕਰੋੜ 87 ਲੱਖ 50 ਹਜਾਰ ਰੁਪਏ ਦਾ ਵਜ਼ੀਫਾ ਦਿੱਤਾ ਜਾਵੇਗਾ। ਇਕ ਵਿਦਿਆਰਥੀ ਨੂੰ ਡੇਢ ਲੱਖ ਰੁਪਏ ਦਾ ਵਜ਼ੀਫਾ ਮਿਲੇਗਾ। ਸਿੱਖਿਆ ਮੰਤਰੀ ਡਾ. ਚੀਮਾ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਤਿੰਨ ਨਵੇ ਮੈਰੀਟੋਰੀਅਸ ਸਕੂਲਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਗੁਰਦਾਸਪੁਰ, ਫਿਰੋਜਪੁਰ ਤੇ ਸੰਗਰੂਰ ਵਿਖੇ ਬਣ ਰਹੇ ਇਹ ਸਕੂਲ ਇਸੇ ਸਾਲ ਸ਼ੁਰੂ ਹੋ ਜਾਣਗੇ। ਇਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਹੁਸਿਆਰ ਵਿਦਿਆਰਥੀਆਂ ਲਈ 7 ਮੈਰੀਟੋਰੀਅਸ ਸਕੂਲ ਸਫਲਤਾਪੂਰਵਕ ਚਲਾਏ ਜਾ ਰਹੇ ਹਨ, ਜਿਨਾਂ ਵਿਚ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਪਟਿਅਲਾ, ਮੁਹਾਲੀ ਤੇ ਤਲਵਾੜਾ ਸ਼ਾਮਿਲ ਹਨ।

ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦੇਦਿੰਆਂ ਡਾ.



ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਰੈਗੂਲੇਟਰੀ ਅਥਾਰਟੀ ਦਾ ਗਠਨ ਕੀਤਾ ਜਾ ਰਿਹਾ ਹੈ, ਜੋ ਪ੍ਰਾਈਵੇਟ ਸਕੂਲਾਂ ਸਬੰਧੀ ਮਿਲਣ ਵਾਲੀ ਸ਼ਿਕਾਇਤ ਦਾ ਹੱਲ ਕਰੇਗੀ। ਉਨਾਂ ਨਾਲ ਹੀ ਦੱਸਿਆ ਕਿ ਮਾਣਯੋਗ ਹਾਈਕੋਰਟ ਵਲੋਂ ਪਹਿਲਾਂ ਹੀ ਪ੍ਰਾਈਵੇਟ ਸਕਲਾਂ ਵਿਰੁੱਧ ਸ਼ਿਕਾਇਤ ਸਬੰਧੀ ਕਮੇਟੀ ਗਠਿਤ ਕੀਤੀ ਹੋਈ ਹੈ। ਪ੍ਰਾਈਵੇਟ ਸਕੂਲਾਂ ਦੀ ਕਿਸੇ ਵੀ ਸ਼ਿਕਾਇਤ ਸਬੰਧੀ ਕਮੇਟੀ ਨੂੰ ਲਿਖਿਆ ਜਾ ਸਕਦਾ ਹੈ। ਉਨਾਂ ਦੱਸਿਆ ਕਿ ਸਿੱਖਿਆ ਵਿਭਾਗ ਵਲੋਂ ਬੋਰਡ ਦੀਆਂ ਲਈਆਂ ਪ੍ਰੀਖਿਆਵਾਂ ਦੇ ਨਤੀਜੇ ਵਧੀਆ ਰਹੇ ਹਨ। 5ਵੀਂ ਅਤੇ 8ਵੀਂ ਜਮਾਤ ਦੇ ਨਤੀਜੇ ਬਹੁਤ ਸ਼ਾਨਦਾਰ ਰਹੇ ਹਨ ਅਤੇ 8ਵੀਂ ਦੇ ਨਤੀਜਿਆਂ ਵਿਚੋਂ ਗੁਰਦਾਸਪੁਰ ਜਿਲਾ ਮੋਹਰੀ ਰਿਹਾ ਹੈ। ਇਕ ਸਵਾਲ ਦੇ ਜਵਾਬ ਉਨਾਂ ਦੱਸਿਆ ਕਿ ਸਕੂਲ ਦੀਆਂ ਖਾਲੀ ਪਈਆਂ ਅਸਾਮੀਆਂ ਸਬੰਧੀ ਭਰਤੀ ਪ੍ਰਕਿਰਿਆ ਚੱਲ ਰਹੀ ਹੈ ਅਤੇ 1500 ਅਧਿਆਪਕ ਭਰਤੀ ਮੁਕੰਮਲ ਹੋ ਗਈ ਹੈ ਅਤੇ ਇਸ ਤੋਂ ਇਲਾਵਾ ਸਰਕਾਰ ਵਲੋਂ ਹੋਰ ਭਰਤੀ ਸਬੰਧੀ ਵੀ ਪ੍ਰਕਿਰਿਆ ਸ਼ੁਰੂ ਹੈ। ਉਨਾਂ ਦੱਸਿਆ ਕਿ ਸਰਕਾਰ ਵਲੋਂ ਜੋ ਅਧਿਆਪਕ 2017 ਵਿਚ ਸੇਵਾਮੁਕਤ ਹੋਣ ਵਾਲੇ ਹਨ ਉਸ ਸਬੰਧੀ ਖਾਲੀ ਹੋਣ ਵਾਲੀਆਂ ਅਸਾਮੀਆਂ ਭਰਨ ਲਈ ਹੁਣ ਤੋਂ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਸਕੂਲ ਵਿਚ ਅਧਿਆਪਕ ਦੀ ਅਸਾਮੀ ਖਾਲੀ ਨਾ ਰਹੇ। ਇਕ ਸਵਾਲ ਦਾ ਜਵਾਬ ਦੇਦਿੰਆਂ ਡਾ. ਚੀਮਾ ਨੇ ਕਿਹਾ ਸ਼ਰੋਮਣੀ ਅਕਾਲੀ ਦਲ ਤੇ ਭਾਜਪਾ ਵਿਕਾਸ, ਅਮਨ , ਸ਼ਾਂਤੀ ਤੇ ਭਾਈਚਾਰਕ ਸਾਂਝ ਦੀ ਮੁੱਦਈ ਹੈ ਅਤੇ ਸੂਬੇ ਨੂੰ ਵਿਕਾਸ ਪੱਖੋ ਹੋਰ ਅਗਾਂਹ ਲਿਜਾਇਆ ਜਾਵੇਗਾ। ਉਨਾਂ ਦੱਸਿਆ ਕਿ ਆਪ ਪਾਰਟੀ ਦੀ ਦੋਹਰੀ ਨੀਤੀ ਜੱਗ ਜ਼ਾਹਰ ਹੋ ਗਈ ਹੈ ਅਤੇ ਪੰਜਾਬ ਦੇ ਪਾਣੀ ਦੇ ਮੁੱਦੇ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਚਿਹਰਾ ਨੰਗਾ ਹੋ ਗਿਆ ਹੈ। ਪਾਰਟੀ ਵਲੋਂ ਕੇਜਰੀਵਾਲ ਦੀਆਂ ਦੋਗਲੀ ਨੀਤੀਆਂ ਤੇ ਪੰਜਾਬ ਦੇ ਪਾਣੀਆਂ 'ਤੇ ਪੰਜਾਬ ਵਿਰੋਧੀ ਲਏ ਗਏ ਫੈਸਲੇ ਤੋ ਪੰਜਾਬੀਆਂ ਨੂੰ ਜਾਗਰੂਕ ਕਰਨ ਲਈ ਜਿਲਾ ਪੱਧਰ 'ਤੇ 12 ਅਪਰੈਲ ਨੂੰ ਧਰਨੇ ਦਿੱਤੇ ਜਾ ਰਹੀ ਹਨ। ਇਸ ਮੌਕੇ ਡਾ. ਚੀਮਾ ਨੇ ਹਲਕਾ ਵਾਸੀਆਂ ਵਲੋਂ ਸਥਾਨਕ ਲੜਕੀਆਂ ਦੇ 10ਵੀ ਸਕੂਲ ਨੂੰ ਅਪਗਰੇਡ ਕਰਕੇ 12ਵੀਂ ਕਰਨ ਤਕ ਦੀ ਮੰਗ ਕੀਤੀ ਜਿਸ ਉਪਰ ਡਾ. ਚੀਮਾ ਨੇ ਭਰੋਸਾ ਦਿੱਤਾ ਕਿ ਉਨਾਂ ਦੀ ਇਹ ਮੰਗ ਜਲਦ ਪੂਰੀ ਕਰ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਸਵਰਗਵਾਸੀ ਮਾਸਾ ਗੁਰਬਚਨ ਕੌਰ ਨਮਿੱਤ ਸਰਧਾਂਜਲੀ ਸਮਾਗਮ ਹੋਇਆ, ਜਿਸ ਵਿਚ ਵੱਖ-ਵੱਖ ਬੁਲਾਰਿਆਂ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਕੈਪਟਨ ਬਲਬੀਰ ਸਿੰਘ ਬਾਠ ਸਾਬਕਾ ਮੰਤਰੀ, ਸ੍ਰੀ ਰਜਿੰਦਰ ਸਿੰਘ ਮਹਿਤਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ, ਸ੍ਰੀ ਅਮਰਦੀਪ ਸਿੰਘ ਸੈਣੀ ਜਿਲਾ ਸਿੱਖਿਆ ਅਫਸਰ (ਸ), ਸ੍ਰੀ ਸਲਵਿੰਦਰ ਸਿੰਘ ਸਮਰਾ ਜਿਲਾ ਸਿੱਖਿਆ ਅਫਸਰ (ਪ), ਸ੍ਰੀ ਲਖਵਿੰਦਰ ਸਿੰਘ ਘੁੰਮਣ ਸਮਤਚ ਵੱਖ-ਵੱਖ ਸ਼ਖਸੀਅਤਾਂ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਡਾ. ਭੀਮ ਰਾਓ ਅੰਬੇਦਕਰ ਦੇ 125ਵੇਂ ਜਨਮ ਦਿਵਸ ਦੇ ਮੌਕੇ 'ਤੇ ਰਾਜ ਪੱਧਰੀ ਸਮਾਗਮ 14 ਅਪ੍ਰੈਲ ਨੂੰ ਫਗਵਾੜਾ ਵਿਖੇ-ਕੈਂਥ

**ਫਗਵਾੜਾ (ਰੱਤੂ)–** ਪੰਜਾਬ ਸਰਕਾਰ ਵੱਲੋਂ ਡਾ. ਭੀਮ ਰਾਓ ਅੰਬੇਦਕਰ ਦੇ 125ਵੇਂ ਜਨਮ ਦਿਵਸ ਦੇ ਮੌਕੇ 'ਤੇ ਰਾਜ ਪੱਧਰੀ ਸਮਾਗਮ 14 ਅਪ੍ਰੈਲ, 2016 ਨੂੰ ਫਗਵਾੜਾ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਮੁੱਖ ਸੰਸਦੀ ਸਕੱਤਰ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਦਿੱਤੀ। ਇਸ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਸ੍ਰੀ ਸੋਮ ਪ੍ਰਕਾਸ਼ ਕੈਂਥ ਮੁੱਖ ਸੰਸਦੀ ਸਕੱਤਰ ਨੇ ਫਗਵਾੜਾ ਵਿਖੇ ਜ਼ਿਲ੍ਹੇ ਦੇ ਅਧਿਕਾਰੀਆਂ ਅਤੇ ਸ਼੍ਰੋਮਣੀ ਅਕਾਲੀ ਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨਾਲ ਵਿਸ਼ੇਸ ਮੀਟਿੰਗ ਕੀਤੀ। ਮੀਟਿੰਗ ਦੌਰਾਨ ਸ੍ਰੀ ਸਰਵਣ ਸਿੰਘ ਕੁਲਾਰ ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ, ਐੱਸ. ਐੱਸ. ਪੀ. ਕਪੂਰਥਲਾ ਸ੍ਰੀ ਰਾਜਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਜਨਰਲ ਕਪੂਰਥਲਾ ਸ਼੍ਰੀਮਤੀ ਦੀਪਤੀ ਉੱਪਲ, ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਸ੍ਰੀ ਇਕਬਾਲ ਸਿੰਘ ਸੰਧੂ, ਸ੍ਰੀ ਅਰੁਣ ਖੋਸਲਾ ਮੇਅਰ ਨਗਰ ਨਿਗਮ ਫਗਵਾੜਾ, ਸ੍ਰੀ ਸੁਰਿੰਦਰ ਸਿੰਘ ਵਾਲੀਆਂ ਸੀਨੀਅਰ ਡਿਪਟੀ ਮੇਅਰ, ਸ੍ਰੀ ਰਣਜੀਤ ਸਿੰਘ ਖੁਰਾਣਾ ਡਿਪਟੀ ਮੇਅਰ, ਐੱਸ. ਡੀ. ਐੱਮ. ਫਗਵਾੜਾ ਸ੍ਰੀ ਬਲਬੀਰ ਰਾਜ ਸਿੰਘ, ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਸ੍ਰੀ ਕੰਵਲਜੀਤ ਸਿੰਘ, ਐੱਸ. ਪੀ. ਫਗਵਾੜਾ ਸ੍ਰੀ ਅਸ਼ਵਨੀ ਕੁਮਾਰ, ਜ਼ਿਲ੍ਹਾ



ਸਮਾਜਿਕ ਸੁਰੱਖਿਆ ਅਫ਼ਸਰ ਸ੍ਰੀ ਗੁਲਬਰਗ ਲਾਲ ਅਤੇ ਸ੍ਰੀ ਰਮੇਸ਼ ਸਚਦੇਵਾ ਮੰਡਲ ਪ੍ਰਧਾਨ, ਸ੍ਰੀ ਨਰੇਸ਼ ਕੋਟਰਾਣੀ, ਰਜਿੰਦਰ ਘੇੜਾ ਸ਼ਹਿਰੀ ਪ੍ਰਧਾਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਹੋਰ ਪਤਵੰਤੇ ਵੀ ਹਾਜ਼ਰ ਸਨ। ਇਸ ਮੌਕੇ ਸ੍ਰੀ ਕੈਂਥ ਨੇ ਦੱਸਿਆ ਕਿ ਇਹ ਰਾਜ ਪੱਧਰੀ ਸਮਾਗਮ ਗੁਰੂ ਹਰਗੋਬਿੰਦ ਨਗਰ ਮਾਰਕੀਟ ਫਗਵਾੜਾ ਵਿਖੇ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਮੌਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀ ਲੋਕ ਸ਼ਾਮਿਲ ਹੋਣਗੇ। ਉਹਨਾਂ ਦੱਸਿਆ ਕਿ ਬਾਹਰੋਂ ਆਉਣ ਵਾਲੇ ਲੋਕਾਂ ਲਈ ਬੱਸਾਂ ਅਤੇ ਲੰਗਰ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਕਪੂਰਥਲਾ ਸ਼੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ ਇਸ ਮੌਕੇ ਕਰਵਾਏ ਜਾ ਰਹੇ ਰਾਜ ਪੱਧਰੀ ਸਮਾਗਮ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਉਹਨਾਂ ਦੱਸਿਆ ਕਿ ਡਾ. ਬੀ. ਆਰ. ਅੰਬੇਦਕਰ ਦੇ ਜਨਮ ਦਿਹਾੜੇ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆ ਹਨ ਅਤੇ ਐੱਸ. ਡੀ. ਐੱਮ. ਫਗਵਾੜਾ ਸ੍ਰੀ ਬਲਬੀਰ ਰਾਜ ਸਿੰਘ ਨੂੰ ਨੋਡਲ ਅਫ਼ਸਰ ਲਗਾਇਆ ਗਿਆ ਹੈ।

# ਦਿੱਲੀ ਵਿਚ ਇਤਿਹਾਸਿਕ ਪਿਆਉ ਢਾਹ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ- ਕਰੀਮਪੁਰੀ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਭਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਦੇਸ਼ ਭਰ ਵਿਚ ਦਲਿਤ, ਪਛੜੇ ਵਰਗਾਂ ਤੇ ਧਾਰਮਿਕ ਘੱਟਗਿਣਤੀਆਂ 'ਤੇ ਅਤਿਆਚਾਰ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦਿੱਲੀ ਵਿਚ ਗੁਰੂਦੁਆਰਾ ਸ਼ੀਸ਼ਗੰਜ ਸਾਹਿਬ ਦੇ ਬਾਹਰ 350 ਸਾਲਾਂ ਪੁਰਾਣੇ ਪਿਆਉ ਨਾਲ ਢਾਹਿਆ ਗਿਆ ਹੈ, ਉਸ ਕਾਰਵਾਈ ਵਿਚ ਇਹ ਸੋਚ ਝਲਕਦੀ ਹੈ। ਉਨ੍ਹਾਂ ਕਿਹਾ ਕਿ ਜਿਸ ਖੇਤਰ ਵਿਚ ਇਸ ਕਾਰਵਾਈ ਕੀਤੀ ਗਈ ਹੈ ਉਸ ਖੇਤਰ ਦੀ ਨੁਮਾਇੰਦਗੀ ਆਮ ਆਦਮੀ ਪਾਰਟੀ ਦੀ ਵਿਧਾਇਕਾ ਅਲਕਾ ਲਾਂਬਾ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਦਿੱਲੀ ਨਗਰ ਨਿਗਮ ਵਲੋਂ ਕੀਤੀ ਗਈ ਹੈ, ਜਿਸ 'ਤੇ ਭਾਜਪਾ ਕਾਬਿਜ ਹੈ ਤੇ ਅਕਾਲੀ ਦਲ ਉਸਦਾ ਸਹਿਯੋਗੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਤੋਂ ਇਹ ਵੀ ਸਪਸ਼ਟ ਹੈ ਕਿ ਇਨ੍ਹਾਂ ਸਾਰਿਆਂ ਵਲੋਂ ਅਸਲ ਵਿਚ ਬਹੁਜਨ ਸਮਾਜ (ਦਲਿਤ, ਪਛੜੇ, ਘੱਟ ਗਿਣਤੀਆਂ) ਦੇ ਖਿਲਾਫ ਆਰ ਐਸ ਐਸ ਦੇ ਏਜੰਡੇ ਨੂੰ ਲਾਗੂ ਕੀਤਾ ਜਾ ਰਿਹਾ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਅਕਾਲੀ ਭਾਜਪਾ ਦੀ ਪੰਜਾਬ ਵਿਚ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਤੇ ਇਸ ਤਰ੍ਹਾਂ ਦੀ ਦਿੱਲੀ ਵਿਚ ਸਿੱਖ ਇਤਿਹਾਸ ਨਾਲ ਜੁੜੇ ਇਤਿਹਾਸਕ ਪਿਆਉ ਨੂੰ ਢਾਹ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਸਭ ਸੋਚੇ ਸਮਝੇ ਏਜੰਡੇ ਤਹਿਤ ਕੀਤਾ ਜਾ ਰਿਹਾ ਹੈ ਤੇ ਪੂਰੇ ਸ਼ੋਸ਼ਿਤ ਸਮਾਜ ਨੂੰ ਇਸ ਤਰ੍ਹਾਂ ਦੀਆਂ ਘਟਨਾਵਾਂ ਤੇ ਸੋਚ ਦੇ ਖਿਲਾਫ ਇਕਜੁਟ ਹੋਣ ਦੀ ਲੋੜ ਹੈ ਤੇ ਇਨ੍ਹਾਂ ਸੱਤ੍ਹਾਧਾਰੀ ਪਾਰਟੀਆਂ ਤੋਂ ਸੱਤ੍ਹਾ ਤੋਂ ਲਾਂਭੇ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ ਵਿਚ ਹਰਿਆਣਾ ਸੂਬੇ ਦੇ ਪੱਖ ਵਿਚ ਹਲਫੀਆ ਬਿਆਨ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਕੇਜਰੀਵਾਲ ਦੀ ਪੰਜਾਬ ਪ੍ਰਤੀ ਸੋਚ ਸਪਸ਼ਟ ਹੋ ਚੁੱਕੀ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਦੇਸ਼ ਵਿਚ ਸਿਰਫ ਬਸਪਾ ਹੀ ਇਕ ਅਜਿਹੀ ਪਾਰਟੀ ਹੈ ਜੋ ਕਿ ਦਲਿਤ ਪਛੜੇ ਵਰਗ ਤੇ ਧਾਰਮਿਕ ਘੱਟਗਿਣਤੀਆਂ ਦੇ ਹਿੱਤਾਂ ਦੀ ਸੁਰੱਖਿਆ ਕਰਦੀ ਹੈ ਤੇ ਬਹੁਜਨ ਸਮਾਜ ਦੇ ਹਿੱਤ ਬਸਪਾ ਨਾਲ ਹੀ ਸੁਰੱਖਿਅਤ ਹਨ। ਉਨ੍ਹਾਂ ਇਹ ਵੀ ਕਿਹਾ ਕਿ ਬਸਪਾ ਵਲੋਂ 14 ਅਪ੍ਰੈਲ ਨੂੰ ਸਰਦੂਲਗੜ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਦੇ ਮੌਕੇ 'ਤੇ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿਚ ਇਨ੍ਹਾਂ ਸਾਰੇ ਮੁੱਦਿਆਂ ਨੂੰ ਚੁੱਕਿਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੂੰ ਵਿਆਨਾਂ ਕਾਂਡ ਨਾਲ ਸਬੰਧਤ ਦਰਜ ਕੇਸਾਂ ਨੂੰ ਵੀ ਵਾਪਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਆਨਾ ਕਾਂਡ ਵਿਚ ਲੋਕਾਂ ਦੀ ਭਾਵਨਾਵਾਂ ਆਹਤ ਹੋਣ ਤੋਂ ਬਾਅਦ ਉਹ ਰੋਸ ਪ੍ਰਦਰਸ਼ਨਾਂ 'ਤੇ ਉਤਰੇ ਸਨ।

# ਵੈਲਫੇਅਰ ਸੁਸਾਇਟੀ ਵੱਲੋ ਡਾ.ਅੰਬੇਡਕਰ ਦੀ ਜੀਵਨੀ ਦੇ ਅਧਾਰਿਤ ਜਾਗਰੂਕ ਸਮਾਗਮ ਕਰਵਾਇਆ

**ਬਲਾਚੋਰ–** ਸਬ ਡਵੀਜਨ ਬਲਾਚੋਰ ਦੇ ਪਿੰਡ ਖਰੌੜ ਵਿਖੇ ਸਿੱਖਿਆ ਦੇ ਖੇਤਰ ਵਿਚ ਅਹਿੰਮ ਯੋਗਦਾਨ ਪਾਉਣ ਵਾਲੀ ਸ਼੍ਰੀ ਗੁਰੁ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ: ਸੜੋਆ ਵੱਲੋ ਸ਼੍ਰੀ ਗੁਰੂ ਰਵਿਦਾਸ ਸਭਾ ਪਿੰਡ ਖਰੌੜ ਦੇ ਸਹਿਯੋਗ ਨਾਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ.ਭੀਮ ਰਾਓ ਅੰਬੇਡਕਰ ਦੇ ਜੀਵਨ ਨਾਲ ਸਬੰਧਤ ਜਾਗਰੂਕ ਸਮਾਗਮ ਕਰਵਾਇਆ ਗਿਆ। ਜਿਸ ਦਾ ਸ਼ੁਭ ਆਰੰਭ ਸ਼੍ਰੀ ਬਲਵਿੰਦਰ ਕੁਮਾਰ ਯੂ.ਐਸ.ਏ. ਅਤੇ ਸੰਤ ਸੁਰਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੁ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਗੰਗਾ ਖੁਰਾਲਗੜ੍ਹ ਵਾਲਿਆ ਵੱਲੋ ਸਾਂਝੇ ਤੌਰ ਤੇ ਕੀਤਾ ਗਿਆ।ਇਸ ਮੌਕੇ ਤੇ ਉਹਨਾਂ ਕਿਹਾ ਕਿ ਸੁਸਾਇਟੀ ਵੱਲੋ ਕੀਤੇ ਜਾ ਰਹੇ ਉਪਰਾਲਿਆ ਲਈ ਸੁਸਾਇਟੀ ਦੇ ਮੈਂਬਰਾਂ ਨੂੰ ਵਧਾਈ ਦਿੰਦਿਆ ਕਿਹਾ ਕਿ ਡਾ. ਅੰਬੇਡਕਰ ਕਿਸੇ ਇਕ ਫਿਰਕੇ ਨਾਲ ਸਬੰਧਤ ਨਹੀ ਸਨ,ਸਗੋ ਉਹਨਾਂ ਨੇ ਹਰੇਕ ਵਰਗ ਨੂੰ ਇਕ ਸਮਾਨ ਲਿਆਉਣ ਲਈ ਸਾਰਾ ਜੀਵਨ ਲਗਾ ਦਿੱਤਾ। ਇਸ ਮੌਕੇ ਤੇ ਸ਼੍ਰੀ ਮੱਖਣ ਕ੍ਰਤੀ




ਅਤੇ ਸੋਢੀ ਰਾਣਾ ਦੀ ਨਿਰਦੇਸ਼ਨਾਂ ਤਹਿਤ ਪ੍ਰਗਤੀ ਕਲਾ ਕੇਂਦਰ ਲਾਂਦੜਾ ਵੱਲੋ ਭੀਮ ਮਹਾਨ,ਧੀ ਧਿਆਣੀ ਅਤੇ ਮਿੱਤੀ ਦਾ ਬੋਝ ਅਤੇ ਸਮਾਜਿਕ ਬੁਰਾਈਆ ਦੇ ਖਿਲਾਫ ਨਾਟਕ ਪੇਸ਼ ਕਰਕੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ।ਇਸ ਮੌਕੇ ਤੇ ਸੁਸਾਇਟੀ ਵੱਲੋ ਸ਼੍ਰੀ ਬਲਵਿੰਦਰ ਕੁਮਾਰ ਯੂ. ਐਸ. ਏ.,ਹਰਮੇਸ਼ ਲਾਲ ਝਿੰਗੜਾ ਯੂ.ਐਸ.ਏ., ਬਲਿਹਾਰ ਸਿੰਘ ਗਰੀਸ, ਪਰਮਜੀਤ ਸਿੰਘ ਚੱਕ ਸਿੰਘਾਂ, ਸਰਬਜੀਤ ਸਿੰਘ ਅਤੇ ਬਲਜਿੰਦਰ ਕੁਮਾਰ ਗਰੀਸ ਵਲੋ ਆਪਣੇ ਪਿਤਾ ਸ਼੍ਰੀ ਪ੍ਰਕਾਸ਼ ਰਾਮ ਦੀ ਨਿੱਘੀ ਯਾਦ ਵਿਚ ਸਕੂਲੀ ਵਿਦਿਆਰਥੀਆਂ ਨੂੰ ਪੜਨ ਸਮੱਗਰੀ ਵੀ ਵੰਡੀ ਗਈ। ਇਸ ਮੌਕੇ ਤੇ ਤੇ ਸੰਤ ਜਗਵਿੰਦਰ ਸਿੰਘ ਲਾਂਬਾ ਵਿਜੀਲੈਂਸ ਸੁਪਰਡੈਂਟ ਸੇਵਾਮੁਕਤ, ਨਰਿੰਦਰ ਬੇਗਮਪੁਰੀ ਪ੍ਰਧਾਨ, ਰਾਜ ਕੁਮਾਰ ਮਾਲੇਵਾਲ, ਨਰੰਜਣਜੋਤ ਚਾਂਦਪੁਰ ਰੁੜਕੀ, ਭਜਨ ਸਿੰਘ ਖਰੌੜ,ਦਲਜੀਤ ਬੈਂਸ, ਸੁਰਿੰਦਰ ਪਾਲ ਸਿੰਘ ਬਲਵਿੰਦਰ ਨਾਨੋਵਾਲ, ਮੋਹਣ ਲਾਲ ਬੰਗੜ੍ਹ, ਪਿਆਰਾ ਸਿੰਘ ਨੰਬਰਦਾਰ, ਹਵਾਲਦਾਰ ਜੋਗਿੰਦਰ ਪਾਲ, ਜੋਗਿੰਦਰ ਸਿੰਘ, ਰਜਿੰਦਰ ਕੁਮਾਰ ਸ਼ਿਵ ਕੁਮਾਰ, ਰਵਿੰਦਰ ਕੁਮਾਰ, ਸੋਮ ਨਾਥ, ਮਹਿੰਦਰ ਪਾਲ ਖੁਰਦਾ, ਰਾਕੇਸ਼ ਕੁਮਾਰ ਪੱਦੀ ਸੂਰਾ ਸਿੰਘ ਆਦਿ ਵੀ ਹਾਜਰ ਸਨ।

# ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ-ਮੰਗੂਪੁਰ

**ਸੜੋਆ–** ਸ਼੍ਰੀ ਦਿਨੇਸ਼ ਕੁਮਾਰ ਜਿਲਾ ਸਿਖਿਆ ਅਫਸਰ (ਸ਼ੈ.ਸਿ:)ਸ਼ਹੀਦ ਭਗਤ ਸਿੰਘ ਨਗਰ ਵੱਲੋ ਜਾਰੀ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂ.ਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦੇ ਮਨੋਰਥ ਨਾਲ ਬਲਾਕ ਸੜੋਆ ਦੇ ਸਰਕਾਰੀ ਪ੍ਰਾਇਮਰੀ ਅਤੇ ਸਰਕਾਰੀ ਮਿਡਲ ਸਕੂਲ ਮੰਗੂਪੁਰ ਵਿਖੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋ ਰੈਲੀ ਕੱਢੀ ਗਈ। ਇਸ ਮੌਕੇ ਚੌਧਰੀ ਦਰਸ਼ਨ ਲਾਲ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂ.ਲਾਂ ਵਿਚ ਦਾਖਲ ਕਰਵਾਉਣ ਦੀ ਅਪੀਲ ਕਰਦਿਆ ਅਧਿਆਪਕਾਂ ਵੱਲੋ ਕੀਤੇ ਜਾ ਰਹੇ ਯਤਨਾਂ ਦੀ ਸਲਾਘਾ ਕੀਤੀ। ਰੈਲੀ ਵਿਚ ਵਿਦਿਆਰਥੀਆਂ ਨੇ ਬੈਨਰ ਅਤੇ ਸਲੋਗਲ (ਨਾਹਰੇ) ਲਿਖਿਆ ਤਖਤੀਆ ਫੜੀਆ ਹੋਈਆ ਸਨ ਅਤੇ ਸਕੂਲੀ ਬੱਚੇ ਸਕੂਲ ਵਿਚ ਦਾਖਲਾ ਵਧਾਉਣ ਅਤੇ ਦੇਸ਼ ਦੀ ਏਕਤਾ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਲਈ ਨਾਹਰੇ ਲਗਾ ਰਹੇ ਸਨ।ਇਸ ਮੌਕੇ ਸਰਕਾਰੀ ਮਿਡਲ ਸਕੂ.ਲ ਦੇ ਇੰਚਾਰਜ ਸ਼੍ਰੀ ਬਲਵਿੰਦਰ ਸਿੰਘ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮੰਗੂਪੁਰ ਦੇ ਮੁੱਖੀ ਮੈਡਮ ਰਿੰਪੀ ਨੇ ਰਸਤੇ ਵਿਚ ਮਿਲਦੇ ਮਾਪਿਆ ਅਤੇ ਪਿੰਡ ਵਾਸੀਆ ਨੂੰ ਸਰਕਾਰੀ ਸਕੂਲ ਵਿਚ ਮਿਲਣ ਵਾਲੀਆ ਸਹੂਲਤਾਂ ਜਿਵੇ ਮੁਫਤ ਖਾਣਾ,ਮੁਫਤ ਵਰਦੀਆ, ਮੁਫਤ ਪੜਾਈ, ਮੁਫਤ ਡਾਕਟਰੀ ਸਹੂਲਤਾਂ, ਮੁਫਤ ਕਿਤਾਬਾਂ, ਲਾਈਬ੍ਰੇਰੀ ਸਹੂਲਤਾਂ ਅਤੇ ਵਜੀਫਾਂ ਸਹੂਲਤਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਬੱਚਿਆਂ ਵੱਲੋ ਕੱਢੀ ਰੈਲੀ ਦਾ ਪਿੰਡ ਮੰਗੂਪੁਰ ਅਤੇ ਚੰਦਿਆਣੀ ਕਲਾਂ ਵਿਖੇ ਲੋਕਾਂ ਵੱਲੋ ਥਾਂ-ਥਾਂ ਭਰਵਾ ਸਵਾਗਤ ਕੀਤਾ ਗਿਆ।

## 'ਪੰਥ-ਖਾਲਸਾ' ਦੇ ਸਥਾਪਨਾ ਦਿਵਸ 'ਤੇ

# 'ਪੰਜ-ਪਿਆਰੇ ਵਰਗ ਵਿਸ਼ੇਸ਼ ਨਹੀਂ, ਸਗੋਂ ਇਕ ਲੋਕ-ਰਾਜੀ ਸੰਸਥਾ'



ਵਿਸਾਖੀ ਵਾਲੇ ਦਿਨ 1699 ਈਸਵੀ ਨੂੰ ਪੰਜਾਬ ਦੀ ਧਰਤੀ 'ਤੇ ਖਾਸ ਕਰਕੇ ਸਿੱਖ ਇਤਿਹਾਸ 'ਚ 'ਪੰਜ ਪਿਆਰਿਆਂ' ਜਾਂ 'ਪੰਥ-ਖਾਲਸਾ' ਦੀ ਸਿਰਜਣਾ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਹੈ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਨੂੰ ਮੱਧਕਾਲੀ ਸੋਚ 'ਚੋਂ ਬਾਹਰ ਕੱਢ ਕੇ ਆਧੁਨਿਕ ਸੋਚ 'ਚ ਪ੍ਰਵੇਸ਼ ਕੀਤਾ। ਇਸ ਘਟਨਾ ਨੇ ਸੈਂਕੜੇ ਸਾਲ ਪੁਰਾਣੀ ਮੱਧਯੁੱਗੀ ਸੋਚ ਵਾਲੇ ਸਮਾਜਿਕ ਢਾਂਚੇ 'ਚ ਪਰਿਵਰਤਨ ਲਿਆਂਦਾ ਤੇ ਲੋਕਰਾਜੀ ਭਾਵਨਾ ਵਾਲੀ 'ਪੰਚਾਇਤੀ ਸੰਸਥਾ' ਨੂੰ ਜਨਮ ਦਿੱਤਾ। ਇਸ ਨਾਲ ਲੋਕਾਂ ਦੀ ਆਵਾਜ਼ ਵਾਲੀ ਜਾਂ ਸੰਗਤਾਂ ਦੇ ਸਮੂਹ ਵਾਲੀ ਤੇ ਲੋਕਾਂ ਨੂੰ ਅਗਵਾਈ ਕਰਨ ਵਾਲੀ ਪੰਜ ਜਾਂ ਇਕ ਵਿਅਕਤੀ ਤੋਂ ਵੱਧ ਵਿਅਕਤੀਆਂ ਦੀ 'ਸੰਸਥਾ' ਦਾ ਆਗਾਜ਼ ਹੁੰਦਾ ਹੈ। ਇਹ ਸੰਸਥਾ 'ਗੁਰੂ ਗ੍ਰੰਥ ਸਾਹਿਬ' ਦੀ ਅਗਵਾਈ 'ਚ ਸਰਬੱਤ ਖਾਲਸਾ ਬੁਲਾਅ ਕੇ ਜੀਵਨ ਦੇ ਮਹੱਤਵਪੂਰਨ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ 'ਗੁਰਮੱਤੇ' ਜਾਂ ਫੈਸਲੇ ਕਰਦੀ ਹੈ।

ਇਸ ਤੋਂ ਪਹਿਲਾਂ ਅਸੀਂ ਜਦੋਂ ਭਾਰਤ ਜਾਂ ਸੰਸਾਰ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਦੁਨੀਆਂ ਦੇ ਵੱਡੇ ਧਰਮਾਂ 'ਚ ਵੀ ਪੰਜ-ਪੰਜ ਵਿਅਕਤੀਆਂ ਦੇ ਸਮੂਹ ਦੀ ਧਾਰਨਾ ਨਜ਼ਰ ਆਉਂਦੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਇਸਾਈ ਧਰਮ ਦੇ ਬਾਨੀ ਈਸਾ ਮਸੀਹ ਜੀ ਨੂੰ ਜਦੋਂ ਪ੍ਰਮਾਤਮਾ ਦੀ ਸੋਝੀ ਹੋਈ ਤਾਂ ਉਹਨਾਂ ਨੇ ਪ੍ਰਮਾਤਮਾ ਪ੍ਰਤੀ ਜੋ ਗਿਆਨ ਹਾਸਲ ਕੀਤਾ, ਆਪਣੇ ਇਸ ਗਿਆਨ ਨੂੰ ਦੁਨੀਆਂ ਦੇ ਕੋਨੇ-ਕੋਨੇ 'ਚ ਪਹੁੰਚਾਉਣ ਲਈ ਸਭ ਤੋਂ ਪਹਿਲਾਂ ਆਪਣੇ 'ਪੰਜ ਚੇਲਿਆਂ' ਨੂੰ ਹੀ ਸਿੱਖਿਆ ਦਿੱਤੀ। ਇਸਲਾਮ ਧਰਮ 'ਚ ਵੀ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਇਲਹਾਮ ਹੋਇਆ ਤਾਂ ਉਹਨਾਂ ਨੇ ਵੀ ਇਸ ਰੱਬੀ ਇਲਹਾਮ ਨੂੰ ਆਮ ਜਨਤਾ ਤੱਕ ਪਹੁੰਚਾਉਣ ਲਈ ਆਪਣੇ ਪੰਜ ਚੇਲੇ ਭਾਵ 'ਪੰਜ ਪੀਰਾਂ' ਨੂੰ ਹੀ ਸਿੱਖਿਆ ਦਿੱਤੀ। ਬੁੱਧ ਧਰਮ ਦੇ ਬਾਨੀ ਮਹਾਤਮਾ ਬੁੱਧ ਜੀ ਨੂੰ ਵੀ ਜਦੋਂ ਗਯਾ ਦੇ ਸਥਾਨ 'ਤੇ ਬੋਧ ਗਿਆਨ ਹੋਇਆ ਤਾਂ ਉਹਨਾਂ ਨੇ ਵੀ ਸਭ ਤੋਂ ਪਹਿਲਾਂ ਆਪਣੇ 'ਪੰਜ ਭਿਖਸ਼ੂਆਂ' ਨੂੰ ਹੀ ਬੁੱਧ-ਧਰਮ ਦੇ ਫੈਲਾਅ ਲਈ ਗਿਆਨ ਦਿੱਤਾ। ਠੀਕ ਇਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪ ਅਤੇ ਆਪਣੇ ਪਰਵਰਤੀ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਆਮ ਜਨ-ਜੀਵਨ ਤੱਕ ਪਹੁੰਚਾਉਣ ਲਈ 'ਪੰਜ-ਪਿਆਰਿਆਂ' ਜਾਂ 'ਪੰਥ ਖਾਲਸਾ' ਦੀ ਸਿਰਜਣਾ ਕੀਤੀ।



ਪ੍ਰੋ: ਐਚ.ਐਲ.ਕਪੂਰ
01- 916- 587-4002

ਸਿੱਖ ਧਰਮ 'ਚ ਪੰਜ-ਪਿਆਰਿਆਂ ਦੀ ਸਥਾਪਨਾ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ 'ਪੰਜ-ਗੁਰਮੁਖਾਂ' ਦੀ ਪ੍ਰਧਾਨਤਾ ਚਲੀ ਆ ਰਹੀ ਸੀ। ਉਹ 'ਜਪੁ ਜੀ ਸਾਹਿਬ' 'ਚ 'ਪੰਚ ਪਰਵਾਣ ਪੰਚ ਪ੍ਰਧਾਨ, ਪੰਚਾਂ ਕਾ ਗੁਰ ਏਕ ਧਿਆਨ' ਦਾ ਵਰਣਨ ਕਰਦੇ ਹਨ। ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ 'ਚ 'ਪੰਚ-ਪ੍ਰਪੰਚ' ਦਾ ਜ਼ਿਕਰ ਇੰਝ ਕਰਦੇ ਹਨ:

ਪੰਚ ਮਿਲੇ ਪਰਪੰਚ ਤਜਿ...
ਸਾਧ ਸੰਗਤ ਸੋਹਨਿ ਗੁਰਭਾਈ।

ਇੱਥੇ 'ਪੰਚ' ਤੋਂ ਅਰਥ ਹੈ ਉਹ ਵਿਅਕਤੀ ਜਾਂ ਗੁਰਮੁਖ ਜਿਸ ਦਾ ਧਿਆਨ ਇਕ ਅਕਾਲ-ਪੁਰਖ ਭਾਵ ਇਕ ਪ੍ਰਮਾਤਮਾ 'ਚ ਲੱਗਾ ਹੋਇਆ ਹੈ, ਉਹ ਪੰਚ ਹਨ। ਉਹੀ ਪੰਚ ਪ੍ਰਮਾਤਮਾ ਦੀ ਦਰਗਾਹ 'ਚ ਮਾਣ ਪ੍ਰਾਪਤ ਕਰਦੇ ਹਨ ਭਾਵ ਅਧਿਆਤਮਕ ਪ੍ਰਾਪਤੀ ਵਾਲਾ ਵਿਅਕਤੀ ਹੀ ਲੱਗਦਾ ਹੈ।

ਪ੍ਰੋ: ਸਾਹਿਬ ਸਿੰਘ ਜੀ ਆਪਣੇ 'ਸ੍ਰੀ ਗੁਰੂ ਗ੍ਰੰਥ ਦਰਪਣ' 'ਚ ਪੰਚ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ- 'ਪੰਚ' ਉਹ ਮਨੁੱਖ ਹੈ ਜਿਹਨਾਂ ਨਾਮ ਸੁਣਿਆ ਹੈ ਅਤੇ ਮੰਨਿਆ ਹੈ, ਉਹ ਮਨੁੱਖ ਜਿਹਨਾਂ ਦੀ ਸੁਰਤੀ ਨਾਮ 'ਚ ਜੁੜੀ ਹੋਈ ਹੈ ਤੇ ਜਿਨ੍ਹਾਂ 'ਚ ਪ੍ਰਤੀਤ ਆ ਗਈ ਹੈ।'

ਇਸ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਇਹਨਾਂ ਟੂਕਾਂ 'ਚ ਪੰਜ-ਪਿਆਰਿਆਂ ਦੀ ਸੰਸਥਾ ਦਾ ਮੁਢਲਾ ਰੂਪ ਮਿਲਦਾ ਹੈ, ਜਿਸ 'ਚ ਅਧਿਆਤਮਕ ਉਪਾਸਨਾ ਉਪਰ ਬਲ ਪਾਇਆ ਗਿਆ ਹੈ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ ਪੰਜ ਅਧਿਆਤਮਕ-ਗਿਆਨੀ, ਭਾਈ ਪੈੜਾ ਜੀ, ਭਾਈ ਲੰਗਾਹ ਜੀ, ਭਾਈ ਜੇਠਾ ਜੀ, ਭਾਈ ਪਿਰਾਣਾ ਜੀ ਤੇ ਭਾਈ ਵਿਧੀ ਚੰਦ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਕ- ਗਿਆਨੀ ਭਾਵ ਪੰਜ-ਪਿਆਰੇ ਸਿੱਖ, ਭਾਈ ਜੈਤਾ ਜੀ, ਭਾਈ ਉਦਾ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਦੀਵਾਨ ਮਤੀ ਦਾਸ ਜੀ ਸਨ।

ਇਹ ਗੁਰੂ ਸਾਹਿਬਾਨ ਦੇ ਉਕਤ 'ਪੰਜ' ਜਾਂ 'ਪੰਜ-ਪਿਆਰਿਆਂ' ਦੀ ਸੰਸਥਾ ਦੇ ਮੁਢਲੇ ਰੂਪ 'ਤੇ ਇਕ ਤਰ੍ਹਾਂ ਦੀ ਗਵਾਹੀ ਆਖੀ ਜਾ ਸਕਦੀ ਹੈ। ਇਸ ਲਈ ਇਹ ਪਤਾ ਲੱਗਦਾ ਹੈ ਕਿ ਪੰਜ-ਪਿਆਰਿਆਂ ਦੀ ਸਿਰਜਣਾ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਤੋਂ ਬਾਅਦ ਵਾਲੇ ਨੌਵੇਂ ਗੁਰੂ ਸਾਹਿਬਾਨ ਤੱਕ ਦੀਆਂ ਰਚਨਾਵਾਂ 'ਚ ਕਿਸੇ ਨਾ ਕਿਸੇ ਰੂਪ 'ਚ ਮਿਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਵੀ ਇਸ ਦਾ ਮੁਢਲਾ ਰੂਪ ਝਲਕਦਾ ਹੈ। ਪਹਿਲਾਂ ਗੁਰੂ ਸਾਹਿਬਾਨ ਦੇ ਪੰਜ-ਪੰਜ ਅਧਿਆਤਮਕ ਗਿਆਨੀ ਭਾਵ ਪੰਜ ਗੁਰਸਿੱਖ ਸਾਹਿਬਾਨ ਇਸ ਸੰਸਥਾ ਦਾ ਮੁਢਲਾ ਰੂਪ ਹਨ। ਇਸ ਤੋਂ ਅੱਗੇ ਜਾ ਕੇ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ 'ਚ ਜਾ ਕੇ ਇਹ 'ਸੰਸਥਾ', 'ਪੰਜ-ਪਿਆਰਿਆਂ' ਦੇ ਰੂਪ 'ਚ ਪ੍ਰਵਾਨ ਚੜ੍ਹੀ।

ਪੰਜ-ਪਿਆਰਿਆਂ ਦੀ ਸੰਸਥਾ ਨੇ ਜਾਤ-ਪਾਤ ਦੀ ਪ੍ਰਥਾ ਤੇ ਕਰਾਰੀ ਚੋਟੀ ਮਾਰੀ। ਪੰਜ-ਪਿਆਰੇ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਵੱਖ-ਵੱਖ ਵਰਗਾਂ ਨਾਲ ਸਬੰਧ ਰੱਖਦੇ ਹਨ। ਉਹਨਾਂ 'ਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਵਰਗ ਦੇ ਲੋਕ ਸਨ। 'ਗੁਰੂ ਕੀਆਂ ਸਾਖੀਆਂ 'ਚ ਇਨ੍ਹਾਂ ਵਰਗਾਂ ਦੀ ਕੁਰਬਾਨੀ ਦੇਣ ਲਈ, ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਪੇਸ਼ ਹੋਣ ਦਾ ਜ਼ਿਕਰ ਇੰਝ ਲਿਖਿਆ ਮਿਲਦਾ ਹੈ:

"ਪ੍ਰਿਥਮੈ ਦੈਆ ਰਾਮ ਸੋਪਤੀ ਖੱਤਰੀ ਬਾਸੀ ਲਹੌਰ ਖਲਾ ਹੂਆ।। ਪਾਛੈ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ (ਜਫਰਾਵਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੋ-ਬਾਰੀ ਖਲੇ ਹੂਏ।" (ਹਵਾਲਾ ਗੁਰੂ ਕੀਆਂ ਸਾਖੀਆਂ)

ਖੱਤਰੀ ਜਾਤੀ ਨੂੰ ਛੱਡ ਕੇ ਬਾਕੀ ਚਾਰੇ ਵਰਗਾਂ ਦੇ ਲੋਕ ਪੱਛੜੇ ਵਰਗਾਂ ਨਾਲ ਸਬੰਧ ਰੱਖਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ ਪੰਜ-ਪਿਆਰਿਆਂ ਦੀ 'ਸੰਸਥਾ' 'ਤੇ ਨਾ ਤਾਂ ਕੋਈ ਉੱਚ ਜਾਤੀ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ ਜਾਤੀ ਜਾਂ ਵਰਗ ਦਾ ਕੋਈ ਏਕਾ-ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਉੱਚੇਰੀ ਸੂਝ-ਬੂਝ ਨਾਲ ਜਾਤੀ-ਪ੍ਰਥਾ ਨੂੰ ਮੁੱਢੋਂ ਨਾਕਾਰ ਦਿੱਤਾ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਰੱਦ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੀ ਪੰਜ-ਪਿਆਰਿਆਂ ਦੀ ਸੰਸਥਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਗਈ ਜਾਤ-ਪਾਤ ਵਿਰੁੱਧ ਲਹਿਰ ਦੀ ਪ੍ਰਤੀਨਿਧਤਾ ਵੀ ਕੀਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਦੇ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:-

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ।।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੇ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼।।

'ਗੁਰੂ ਗ੍ਰੰਥ ਸਾਹਿਬ' ਵਿਚੋਂ ਇਸੇ ਵਿਚਾਰਧਾਰਾ ਦੀ ਇਕ ਹੋਰ ਟੂਕ:

ਜਾਤੀ ਦੈ ਕਿਆ ਹਥਿ ਸਚ ਪਰਖੀਐ।।
ਫਕੜ ਜਾਤੀ ਫਕੜੁ ਨਾਉ।।
ਸਭਨਾ ਜੀਅ ਇਕਾ ਛਾਉ।।

ਇਸ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਗੁਰੂ ਜੀ ਨੇ ਸੰਗਤ ਤੇ ਲੰਗਰ ਦੀ ਸੰਸਥਾ ਸ਼ੁਰੂ ਕੀਤੀ। ਇਸ ਵਿਚ ਸਾਧਨਾ ਵਾਸਤੇ, ਬਿਨਾ ਜਾਤ-ਪਾਤ ਦੇ ਵਿਤਕਰੇ ਤੋਂ ਬੈਠਣਾ ਅਤੇ ਲੰਗਰ ਛਕਣਾ ਸੀ। ਇਹੋ ਵਿਚਾਰਧਾਰਾ ਅੱਗੇ ਜਾ ਕੇ ਦਸਵੇਂ ਗੁਰੂ ਸਾਹਿਬ ਦੇ ਸਮੇਂ ਵਿਚ ਜਾ ਕੇ ਪੰਜ ਪਿਆਰਿਆਂ ਦੀ ਸੰਸਥਾ ਦੇ ਰੂਪ ਵਿਚ ਪ੍ਰਵਾਨ ਚੜ੍ਹੀ। ਗੁਰੂ ਨਾਨਕ ਦੇਵ ਜੀ ਆਪ ਦਲਿਤ ਜਾਤਾਂ ਦੇ ਨਾਲ ਖੜ੍ਹੇ ਹੋਏ। ਇਹੋ ਵਿਚਾਰਧਾਰਾ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵੀ ਉਭਰਦੀ ਹੈ: "ਗਰੀਬੀ ਗਦਾ ਹਮਾਰੀ!" ਇਸ ਤਰ੍ਹਾਂ ਦੀਆਂ ਜਾਤਾਂ ਦੇ ਹੱਥ ਪੰਥ ਦੀ ਤਾਕਤ ਦੇਣੀ ਤੇ ਸੰਗਤ ਦੀ ਅਗਵਾਈ ਕਰਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਚੀ ਸ਼ਖਸੀਅਤ ਤੇ ਦਰ-ਅੰਦੇਸ਼ੀ ਦੀ ਲਖਾਇਕ ਹੈ। ਇਸ ਤਰ੍ਹਾਂ ਇਸ ਸੰਸਥਾ ਦੀ ਸਥਾਪਨਾ ਨਾਲ ਕਿਸੇ ਵਿਸ਼ੇਸ਼ ਇਲਾਕੇ ਨੂੰ ਵੀ ਅਹਿਮੀਅਤ ਨਹੀਂ ਮਿਲੀ। ਗੁਰੂ ਸਾਹਿਬਾਨ ਵੱਲੋਂ ਪੰਜਾਬ ਦੇ ਖਿੱਤੇ ਨੂੰ ਆਪਣਾ ਕਾਰਜ ਖੇਤਰ ਧਾਰਮਿਕ ਤੇ ਸਮਾਜਿਕ ਕੰਮਾਂ ਲਈ ਅਪਣਾਉਣ ਨਾਲ ਇਸ ਖਿੱਤੇ ਦੀ ਅਹਿਮੀਅਤ ਵੱਧ ਰਹੀ ਸੀ। ਬਾਬਰ ਦੇ ਹਮਲੇ ਦਾ ਗੁਰੂ ਨਾਨਕ ਦੇਵ ਜੀ ਨੇ ਰੱਜ ਕੇ ਵਿਰੋਧ ਕੀਤਾ। ਬਾਬਰ ਨੇ ਆਪਣੇ ਜ਼ੁਲਮ ਨਾਲ ਹਿੰਦੁਸਤਾਨ ਦੇ ਲੋਕਾਂ ਨੂੰ ਬਹੁਤ ਡਰਾਇਆ:

ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ।।
ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।
ਰਾਜੇ ਸੀਂਹ ਮੁਕਦਮ ਕੁਤੇ।। ਜਾਇ ਜਗਾਇਨ ਬੈਠੇ ਸੁਤੇ।।

ਰਾਜੇ ਤੇ ਮੁਕੱਦਮ ਨੂੰ ਕੁੱਤੇ ਤੱਕ ਆਖ ਦਿੱਤਾ। ਇਸ ਤਰ੍ਹਾਂ ਰਜਵਾੜਿਆਂ ਦੇ ਬਾਹਰੀ ਹਮਲਿਆਂ ਵਿਚ ਵੀ ਪੰਜ ਪਿਆਰਿਆਂ ਦੇ ਕਾਰਜ ਦੀ ਰੂਹ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਇਸ ਵਿਰੋਧ ਵਿਚ ਉਕਤ ਸੰਸਥਾ ਲਈ ਸਿਧਾਂਤਕ ਆਧਾਰ ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਇਸ ਸੰਸਥਾ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਧਰਮ ਦੇ ਪਿਛੋਕੜ ਵੱਲ ਝਾਤ ਮਾਰਨ 'ਤੇ ਉਸ ਵਿਚੋਂ ਸੇਧ ਲੈਣ ਬਾਅਦ, ਆਪਣਾ ਇਸ ਸੰਸਥਾ ਦੀ ਉਸਾਰੀ ਲਈ ਸੰਘਰਸ਼ ਜਾਰੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਮਨ ਨੂੰ, ਲੋਕ-ਹਿੱਤ ਕੰਮਾਂ ਵਿਚ ਲਾਵੇ। ਐਸੇ ਯੁੱਧਾਂ ਨੂੰ ਉਹਨਾਂ ਨੇ ਸਜਦਾ ਕੀਤਾ: 'ਨਮੋ ਜੁੱਧ ਜਦੋ'। ਔਰੰਗਜ਼ੇਬ ਨੂੰ 'ਜਫਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਉਸ ਸਮੇਂ ਵਿਦਿਆ ਦਾ ਅਧਿਕਾਰ ਸਿਰਫ ਉੱਚੀਆਂ ਜਾਤਾਂ ਨੂੰ ਹੀ ਸੀ। ਨੀਵੀਆਂ ਜਾਤਾਂ ਦੇ ਲੋਕ ਅਵਿਦਿਅਕ ਸਨ ਤੇ ਹਰ ਖੇਤਰ ਵਿਚ ਬਹੁਤ ਪੱਛੜੇ ਹੋਏ ਸਨ। ਗੁਰੂ ਜੀ ਨੇ ਬਾਣੀ ਤੇ ਸਾਹਿਤ ਦੀ ਰਚਨਾ ਵੀ ਲੋਕਾਂ ਦੀ ਆਮ ਬੋਲੀ ਵਿਚ ਕਰਵਾਈ ਤਾਂ ਕਿ ਲੋਕ ਪੜ੍ਹ-ਲਿਖ ਕੇ ਜਾਗ੍ਰਿਤ ਹੋ ਸਕਣ। ਪੰਜ ਪਿਆਰੇ ਜਿਹੜੇ ਕਥਿਤ ਦਲਿਤ ਜਾਤਾਂ ਵਿਚੋਂ ਇਸ ਸੰਸਥਾ ਵਿਚ ਆਏ ਸਨ ਨੂੰ ਸ਼ਿਖਸ਼ਤ ਕਰਨ ਲਈ ਪੰਜ ਬਾਣੀਆਂ ਦਾ ਪਾਠ ਰੋਜ਼ ਪੜ੍ਹਨਾ ਨਿਸ਼ਚਿਤ ਕੀਤਾ। ਇਸ ਤਰ੍ਹਾਂ ਇਸ ਸੰਸਥਾ ਵਿਚ ਇਹ ਇਕ ਮਹੱਤਵਪੂਰਨ ਕਦਮ ਸੀ। ਇਸ ਤਰ੍ਹਾਂ ਗੁਰੂ ਜੀ ਨੇ ਉੱਚੀਆਂ ਜਾਤਾਂ ਭਾਵ ਵਿਸ਼ੇਸ਼ ਵਰਗ ਦਾ ਜੋ ਵਿਦਿਆ ਪ੍ਰਾਪਤ ਕਰਨ ਦਾ ਏਕਾ-ਅਧਿਕਾਰ ਰੱਖੀ ਬੈਠਾ ਸੀ, ਨੂੰ ਸਮਾਪਤ ਕੀਤਾ।

ਇਕੋ ਪਾਰਬ੍ਰਹਮ ਵਿਚ ਵਿਸ਼ਵਾਸ ਤੇ ਉਸ ਦੀ ਪ੍ਰਾਪਤੀ ਦਾ ਮੰਤਵ ਵੀ ਸੰਸਥਾ ਵਾਸਤੇ ਜ਼ਰੂਰੀ ਸੀ। ਇਸ ਉਦੇਸ਼ ਨਾਲ, ਬ੍ਰਾਹਮਣਵਾਦ ਨੇ ਪੈਦਾ ਕੀਤੀ ਬਹੁ-ਮੂਰਤੀ ਪੂਜਾ ਦੀ ਦੁਚਿੱਤੀ ਵੀ ਸਮਾਪਤ ਕਰ ਦਿੱਤੀ। ਮਨੁੱਖ ਨੂੰ ਪੂਰੀ ਤਰ੍ਹਾਂ ਸਰਗੁਣ ਵਿਚਾਰਧਾਰਾ ਵਿਚੋਂ ਕੱਢ ਕੇ ਨਿਰਗੁਣਵਾਦ ਦੀ ਧਾਰਾ ਵਿਚ ਲੈ ਆਂਦਾ। ਮਨੁੱਖ ਦੀ ਇਸ ਵਿਚ ਆਸਥਾ ਵਧੀ ਤੇ ਇਸ ਦੇ ਨਾਲ ਹੀ ਇਸ ਸੰਸਥਾ ਨੇ ਉਸ ਜ਼ਮਾਨੇ ਦੇ ਜਰਵਾਣੇ ਹਾਕਮਾਂ ਨਾਲ ਟੱਕਰ ਲੈਣ ਲਈ, ਮਨਾਂ ਵਿਚੋਂ ਕਮਜ਼ੋਰੀ ਤੇ ਗੁਲਾਮੀ ਦੀ ਭਾਵਨਾ ਕੱਢ ਦਿੱਤੀ। ਇਸ ਤਰ੍ਹਾਂ ਇਸ ਸੰਸਥਾ ਨੂੰ ਅਧਿਕਾਰਾਂ ਦੀ ਪ੍ਰਾਪਤੀ ਤੇ ਰੱਖਿਆ ਲਈ, ਸ਼ਕਤੀਸ਼ਾਲੀ ਹੋਣ ਲਈ ਅਤੇ ਸੰਘਰਸ਼ ਕਰਨ ਲਈ ਆਧਾਰ ਪ੍ਰਾਪਤ ਹੋਇਆ।

ਗੁਰੂ ਸਾਹਿਬ ਨੇ ਫੋਕੇ ਕਰਮ-ਕਾਂਡਾਂ ਤੇ ਰਹੁ-ਰੀਤਾਂ ਤੇ ਕਰਾਰੀ ਸੱਟ ਮਾਰੀ ਤੇ ਇਹਨਾਂ ਨੂੰ ਮਨੁੱਖ ਲਈ ਬੇਅਰਥ ਦੱਸਿਆ। ਇਸ ਦੀ ਥਾਂ ਮਨੁੱਖ ਨੂੰ ਆਪਣੀ ਨੈਤਿਕਤਾ ਤੇ ਅਧਿਆਤਮਕ ਜੀਵਨ ਜਿਊਣ ਲਈ, ਇਸ ਸੰਸਥਾ ਰਾਹੀਂ ਪਰਪੱਕ ਕੀਤਾ। ਭਰਮਾਂ ਤੇ ਵਹਿਮਾਂ ਨੂੰ ਖਤਮ ਕੀਤਾ। ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਲਈ ਗਿਆਨਵਾਨ ਹੋਣ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਇਸ ਤਰ੍ਹਾਂ ਹਰ ਘਟਨਾ ਦੇ ਪਿੱਛੇ ਕੀ, ਕਿਉਂ ਤੇ ਕਿਵੇਂ ਜਾਨਣ ਦੀ ਸੂਝ ਵੀ ਸੰਸਥਾ ਦਾ ਆਧਾਰ ਬਣੀ।

ਉਸ ਸਮੇਂ ਦੀ ਅੰਧ-ਵਿਸ਼ਵਾਸੀ ਸੋਚ ਨੇ ਮਨੁੱਖ ਦੀ ਆਰਥਿਕ, ਸਮਾਜਿਕ, ਨੈਤਿਕ ਤੇ ਧਾਰਮਿਕ ਸੋਚ ਵੀ ਵਿਕਸਤ ਨਾ ਹੋਣ ਦਿੱਤੀ। ਇਸਤਰੀ ਨੂੰ ਨਾਗਣ, ਬਘਿਆੜਨ ਤੇ ਡੈਣ ਦੇ ਅਲੰਕਾਰਾਂ ਨਾਲ ਸੰਬੋਧਨ ਕੀਤਾ ਗਿਆ। ਔਰਤ ਨੂੰ ਮਨੁੱਖ ਦੇ ਧਾਰਮਿਕ ਜੀਵਨ ਵਿਚ ਰੁਕਾਵਟ ਦੱਸਿਆ ਗਿਆ। ਉਸ ਦੇ ਮਾਂ, ਭੈਣ, ਪਤਨੀ ਤੇ ਧੀ ਦੇ ਰੂਪਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਗੁਰੂ ਸਾਹਿਬਾਨ ਨੇ ਔਰਤ ਨੂੰ ਮਰਦ ਦੇ ਬਰਾਬਰ ਸਥਾਨ ਦਿੱਤਾ ਤੇ ਔਰਤ ਨੂੰ ਸੰਸਾਰ ਦੇ ਵੱਡੇ-ਵੱਡੇ ਯੋਧਿਆਂ ਤੇ ਸ਼ਖਸੀਅਤਾਂ ਦੀ ਜਨਨੀ ਦੱਸਿਆ। ਉਸ ਦੇ ਹੱਥ ਵਿਚ ਤਲਵਾਰ ਫੜਾ ਕੇ ਉਸ ਨੂੰ ਇਸ ਧਰਤੀ ਦੇ ਵੱਡੇ-ਵੱਡੇ ਰਾਕਸ਼ਾਂ ਤੇ ਯੋਧਿਆਂ ਨੂੰ ਜੋ ਲੋਕਾਈ 'ਤੇ ਜ਼ੁਲਮ ਤੇ ਅਤਿਆਚਾਰ ਕਰਦੇ ਸਨ, ਹਰਾਉਂਦਿਆਂ ਦਿਖਾਇਆ। ਉਸ ਦੇ ਬੀਰ-ਰਸੀ ਰੂਪ ਨੂੰ ਸਾਹਮਣੇ ਲਿਆਂਦਾ ਤੇ ਉਸ ਦੇ ਹੱਥੋਂ ਬਦੀ ਤੇ ਜ਼ਾਲਮ ਸ਼ਕਤੀਆਂ ਦਾ ਨਾਸ ਕਰਵਾਇਆ। ਗੁਰੂ ਸਾਹਿਬ ਦੀ ਲਿਖੀ ਹੋਈ 'ਚੰਡੀ ਦੀ ਵਾਰ' ਵਿਚ ਦੁਰਗਾ ਦੇ ਪਾਤਰ ਤੋਂ, ਮਨੁੱਖ ਵੀ ਜ਼ੁਲਮ ਦੀ ਜੜ੍ਹ ਪੁੱਟਣ ਤੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਪ੍ਰੇਰਿਤ ਹੋਇਆ। ਸਤੀ ਦੀ ਰਸਮ ਦੇ ਖਿਲਾਫ ਵੀ ਆਵਾਜ਼ ਉਠਾਈ ਤੇ ਇਸ ਨੂੰ ਸਮਾਜ ਵਿਚੋਂ ਖਤਮ ਕਰਵਾਇਆ। ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਮਨੁੱਖ ਨੂੰ ਭਗਤੀ ਕਰਨ ਲਈ ਜੰਗਲਾਂ ਵਿਚ ਜਾਣ ਤੋਂ ਰੋਕਿਆ। ਇਸ ਦੇ ਨਾਲ ਮਨੁੱਖ ਨੂੰ ਸਮਝਾਇਆ ਕਿ ਗ੍ਰਹਿਸਥ ਵਿਚ ਹੀ ਰਹਿ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਇਸ ਸੰਸਾਰ ਨੂੰ ਉਸ ਅਕਾਲ-ਪੁਰਖ ਦੀ ਰਚਨਾ ਦੱਸਿਆ ਤੇ ਗ੍ਰਹਿਸਥ ਦੀ ਮਹਾਨਤਾ ਨੂੰ ਸਮਝਾਇਆ: 'ਇਹੁ ਜਗੁ ਸਚੈ ਕੀ ਹੈ ਕੋਠੜੀ, ਸੱਚੇ ਕਾ ਵਿਚ ਵਾਸ' ਨੇ ਵੀ ਮਨੁੱਖ ਨੂੰ ਸੰਘਰਸ਼ ਕਰਨ ਲਈ ਤਕੜਾ ਆਧਾਰ ਦਿੱਤਾ।

ਉਸ ਸਮੇਂ ਦੇ ਬ੍ਰਾਹਮਣੀ ਤੇ ਪ੍ਰੋਹਿਤ ਵਰਗ ਨੇ ਸਮਾਜ ਵਿਚ, ਆਪਣੇ ਹਿੱਤਾਂ ਲਈ ਸਮਾਜਿਕ ਬਰਾਬਰੀ ਨਹੀਂ ਆਉਣ ਦਿੱਤੀ। ਆਪਣੇ ਸੌੜੇ ਹਿੱਤਾਂ ਲਈ ਲੋਕਾਂ ਦਾ ਸਮਾਜਿਕ, ਆਰਥਿਕ ਤੇ ਧਾਰਮਿਕ ਸ਼ੋਸ਼ਣ ਕੀਤਾ। ਲੋਕਾਂ ਦੀ ਆਰਥਿਕ ਲੁੱਟ ਰੱਜ ਕੇ ਕੀਤੀ। ਲੋਕਾਂ ਨੂੰ ਆਪੇ ਕਰਮਾਂ-ਕਾਂਡਾਂ, ਅੰਧ-ਵਿਸ਼ਵਾਸਾਂ ਵਿਚ ਫਸਾ ਕੇ ਫਿਰ ਇਹਨਾਂ ਵਿਚੋਂ ਬਾਹਰ ਕੱਢਣ ਲਈ ਆਰਥਿਕ ਪੱਖੋਂ ਲੁੱਟਿਆ। ਰਿਗਵੇਦ ਵਿਚ ਇਹ ਕਿਹਾ ਗਿਆ ਹੈ ਕਿ ਬ੍ਰਾਹਮਣ ਪਰਮ-ਹਸਤੀ ਦੇ ਮੂੰਹ 'ਚੋਂ, ਕਸ਼ਤਰੀ ਭੁਜਾਵਾਂ ਵਿਚੋਂ, ਵੈਸ਼ ਪੱਟਾਂ 'ਚੋਂ ਤੇ ਸ਼ੂਦਰ ਪੈਰਾਂ 'ਚੋਂ ਜਨਮੇ ਹਨ। ਲੋਕਾਂ ਨੂੰ ਗਰੀਬੀ, ਜਹਾਲਤ ਤੇ ਅਗਿਆਨਤਾ ਪ੍ਰਮਾਤਮਾ ਵੱਲੋਂ ਧੁਰੋਂ ਲਿਖੀ ਆਈ ਦੱਸ ਕੇ ਗੁੰਮਰਾਹ ਕੀਤਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਵਿਚਾਰਧਾਰਾ ਨੂੰ ਨਕਾਰ ਦਿੱਤਾ ਤੇ ਕਿਹਾ ਕਿ ਅਸੀਂ ਸਭ ਇਕੋ ਪ੍ਰਮਾਤਮਾ ਦੇ ਪੁੱਤਰ ਹਾਂ ਤੇ ਉਹ ਸਾਡਾ ਪਿਤਾ ਹੈ:

ਏਕ ਪਿਤਾ ਏਕਸ ਕੇ ਹਮ ਬਾਰਿਕ।।

ਦਸਮ ਗ੍ਰੰਥ ਦੀ ਰਚਨਾ 'ਅਕਾਲ-ਉਸਤਤ' ਵਿਚ ਸਮਾਜਿਕ ਬਰਾਬਰੀ ਤੇ ਭਾਈਚਾਰਕ ਸਾਂਝ ਵਾਸਤੇ ਕਿਹਾ ਗਿਆ ਹੈ ਕਿ ਨਾ ਕੇਵਲ ਜਾਤੀਆਂ ਦੇ ਆਧਾਰ ਉਤੇ, ਸਗੋਂ ਹਿੰਦੂ ਤੇ ਮੁਸਲਮਾਨ ਆਧਾਰ ਉਤੇ ਮਾਨਵ ਨਾ-ਬਰਾਬਰੀ ਦਾ ਵਿਰੋਧ ਕੀਤਾ ਗਿਆ ਹੈ ਸਗੋਂ ਇਹ ਕਿਹਾ ਗਿਆ ਹੈ ਕਿ ਮਨੁੱਖ ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ, ਮਨੁੱਖ ਦੀ ਜਾਤ ਇਕੋ ਮਨੁੱਖਤਾ ਹੀ ਹੈ:

ਹਿੰਦੂ ਤੁਰਕ ਕੋਉ ਰਾਫਜੀ ਇਮਾਮਸਾਫੀ।
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।।

ਵੱਖ-ਵੱਖ ਜਾਤੀਆਂ ਤੇ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਆਏ ਮਰਜੀਵੜਿਆਂ ਨੇ ਸੀਸ ਭੇਟ ਕਰਨ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਸਨਮੁਖ ਪੇਸ਼ ਕਰ ਦਿੱਤਾ ਤੇ ਫਿਰ ਅੰਮ੍ਰਿਤ ਛਕਾਅ ਕੇ ਗੁਰੂ ਸਾਹਿਬ ਨੇ ਬਰਾਬਰ ਖੜ੍ਹੇ ਕਰ ਦਿੱਤਾ ਗਿਆ ਤਾਂ ਜਾਤ-ਪਾਤ ਦੇ ਆਧਾਰ ਤੇ ਨਾ-ਬਰਾਬਰੀ, ਸਦਾ ਲਈ ਪੰਖ ਲਾ ਕੇ, ਪੂਰੀ ਤਰ੍ਹਾਂ ਅਲੋਪ ਹੋ ਗਈ।

ਧਰਮ ਪ੍ਰੀਵਰਤਨ ਵੇਲੇ ਨਾਨਕ ਪੰਥੀ ਹੋਣ ਲਈ ਸ: ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਅਨੁਸਾਰ ਚਰਣ-ਪਾਹੁਲ ਪੰਜਾਂ ਸਿੱਖਾਂ ਦੇ ਚਰਨਾਂ ਦਾ ਧੋਣ, ਵਰਤਾਉਣ ਦੀ ਰੀਤੀ, ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਪ੍ਰਚੱਲਿਤ ਹੋਈ। ਪਰ 'ਖਾਲਸਾ ਪੰਥ' ਦੀ ਸਾਜਨਾ ਵੇਲੇ ਚਰਣ-ਪਾਹੁਲ ਦੀ ਥਾਂ, ਖੰਡੇ ਦੀ ਪਾਹੁਲ ਦਿੱਤੀ ਗਈ ਤੇ ਨਾਲ ਹੀ ਨਾਨਕ ਪੰਥੀ ਕਰਨ ਦਾ ਅਧਿਕਾਰ ਪੰਜ ਸਿੱਖਾਂ ਨੂੰ ਦੇ ਦਿੱਤਾ ਗਿਆ। ਫਿਰ ਜਾਤ-ਪਾਤ ਨੂੰ ਖਤਮ ਕਰਕੇ ਕਥਿਤ ਨੀਵੀਆਂ ਜਾਤਾਂ ਤੋਂ ਆਏ ਪੰਜ ਪਿਆਰਿਆਂ ਨੂੰ ਦੇ ਦਿੱਤਾ ਗਿਆ। ਇਸ ਦੇ ਨਾਲ ਹੀ ਇਹ ਧਾਰਨਾ ਪ੍ਰਚੱਲਿਤ ਕੀਤੀ ਗਈ ਕਿ ਇਸ ਪੱਖੋਂ ਕਿਸੇ ਕੋਲ ਵੀ ਕਿਸੇ ਵੀ ਆਧਾਰ ਉਤੇ ਏਕਾ-ਅਧਿਕਾਰ ਨਹੀਂ ਹੋਵੇਗਾ। ਰੀਤੀ ਅਨੁਸਾਰ ਧਰਮ ਪ੍ਰੀਵਰਤਨ ਕਰਨ ਦਾ ਜੋ ਅਧਿਕਾਰ ਪ੍ਰੋਹਿਤ ਵਰਗ ਪਾਸ ਸੀ, ਉਸ ਨੂੰ ਖਤਮ ਕਰ ਦਿੱਤਾ ਗਿਆ।

ਗੁਰੂ ਨਾਨਕ ਦੇਵ ਜੀ ਦੇ ਮੂਲ ਤਿੰਨ ਸਿਧਾਂਤ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ ਨੇ ਮਾਨਵੀ ਜੀਵਨ ਵਿਚ ਵੱਡਾ ਯੋਗਦਾਨ ਪਾਇਆ। ਲੋਕ ਸੱਚੀ-ਸੁੱਚੀ ਕ੍ਰਿਤ ਕਰਨ ਵਿਚ ਵਿਸ਼ਵਾਸ ਕਰਨ ਲੱਗੇ, ਬੇਈਮਾਨੀ ਦੀ ਕਮਾਈ ਨੂੰ ਪਾਪ ਸਮਝਣ ਲੱਗੇ। ਇਸ ਨੇਕ-ਨੀਤੀ ਦੀ ਕਮਾਈ ਵਿਚੋਂ ਦਸਵੰਧ ਕੱਢ ਕੇ ਗਰੀਬਾਂ ਦੀ ਮਦਦ ਕਰਨ ਲਈ ਤੇ ਸਮਾਜਿਕ ਕੰਮਾਂ ਲਈ ਆਪਣੀ ਕਮਾਈ ਵਿਚੋਂ ਸਮਰੱਥਾ ਅਨੁਸਾਰ ਦੇਣ ਲੱਗੇ। ਇਹਨਾਂ ਕਾਰਜਾਂ ਦੀ ਸੰਤੁਸ਼ਟੀ ਬਾਅਦ ਆਪਣੇ ਮਨ ਨੂੰ ਪ੍ਰਮਾਤਮਾ ਦੀ ਸੁਰਤੀ ਵਿਚ ਲਾਉਣ ਲੱਗੇ। ਇਸ ਤੋਂ ਬਾਅਦ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਛੇਵੇਂ ਗੁਰੂ ਸਾਹਿਬ ਦੇ ਸਮੇਂ ਤੋਂ ਸ਼ਾਸਤ੍ਰਧਾਰੀ ਹੋਣ ਲੱਗੇ। ਇਸ ਤਰ੍ਹਾਂ ਸ਼ਾਸਤ੍ਰਧਾਰੀ ਹੋਣ ਦੀ ਭਾਵਨਾ ਪਿੱਛੇ ਜ਼ੁਲਮ ਨਾਲ ਟਾਕਰਾ ਲੈਣ ਦੀ ਚੇਤਨਤਾ ਕੰਮ

(ਬਾਕੀ ਸਫਾ 25 ਤੇ)

## 'ਖਾਲਸਾ ਪੰਥ' ਦੇ ਸਥਾਪਨਾ ਦਿਵਸ ਨੂੰ ਸਮਰਪਿਤ

# 'ਜ਼ਫ਼ਰਨਾਮਾ'- ਕਲਮ ਦੀ ਤਲਵਾਰ 'ਤੇ ਜਿੱਤ ਦਾ ਪ੍ਰਤੀਕ

ਗੁਰੂ ਗੋਬਿੰਦ ਸਿੰਘ ਜੀ ਜਿੱਥੇ ਕਿ ਬਲੀਦਾਨ ਪ੍ਰੰਪਰਾ ਦੀ ਅਦੁੱਤੀ ਮਿਸਾਲ ਹਨ, ਉਥੇ ਉਹ ਇਕ ਮਹਾਨ ਲੇਖਕ, ਮੌਲਿਕ ਚਿੰਤਕ ਤੇ ਕਈ ਭਾਸ਼ਾਵਾਂ ਦੇ ਗਿਆਤਾ ਵੀ ਸਨ। ਉਹਨਾਂ ਨੇ ਖੁਦ ਕਈ ਗ੍ਰੰਥਾਂ ਦੀ ਰਚਨਾ ਕੀਤੀ। ਉਹ ਵਿਦਵਾਨਾਂ ਦੇ ਬਹੁਤ ਕਦਰਦਾਨ ਸਨ। ਉਹਨਾਂ ਦੇ ਦਰਬਾਰ 'ਚ 52 ਵਿਦਵਾਨ ਹਮੇਸ਼ਾ ਮੌਜੂਦ ਰਹਿੰਦੇ ਸਨ। ਇਸ ਲਈ ਉਹਨਾਂ ਨੂੰ 'ਸੰਤ ਸਿਪਾਹੀ' ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਭਲੀ ਭਾਂਤ ਜਾਣਦੇ ਸਨ ਕਿ ਤਲਵਾਰ ਨਾਲੋਂ ਕਲਮ ਦੀ ਤਾਕਤ ਜ਼ਿਆਦਾ ਹੁੰਦੀ ਹੈ ਤੇ ਕਲਮ ਹੀ ਕ੍ਰਾਂਤੀ ਲਿਆਉਂਦੀ ਹੈ। ਇਸੇ ਲਈ ਹੀ ਉਹਨਾਂ ਨੇ ਆਪਣੇ ਦਰਬਾਰੀ ਵਿਦਵਾਨਾਂ ਦੀਆਂ ਰਚਨਾਵਾਂ ਦਾ ਇਕ ਗ੍ਰੰਥ ਤਿਆਰ ਕੀਤਾ ਜਿਸ ਦਾ ਨਾਮ 'ਵਿੱਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨ ਨੌਂ ਮਣ ਦੱਸਦੇ ਹਨ ਪਰ ਬਦਕਿਸਮਤੀ ਨੂੰ ਇਹ ਮਹਾਨ ਗ੍ਰੰਥ ਆਨੰਦਪੁਰ ਸਾਹਿਬ ਛੱਡਣ ਸਮੇਂ, ਸਿਰਸਾ ਨਦੀ ਪਾਰ ਕਰਦਿਆਂ, ਨਦੀ ਦੇ ਤੇਜ਼ ਵਹਾ 'ਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਗੁਰੂ ਗੋਬਿੰਦ ਸਿੰਘ ਜੀ ਭਗਤੀ ਤੇ ਸ਼ਕਤੀ ਦੇ ਇਕ ਅਦੁੱਤੀ ਪ੍ਰਤੀਕ ਸਨ। ਔਰੰਗਜ਼ੇਬ ਨੂੰ ਲਿਖਿਆ 'ਜ਼ਫਰਨਾਮਾ' ਭਾਵ ਫਤਿਹ ਦੀ ਚਿੱਠੀ ਜਿਸ ਨੂੰ ਗੁਰੂ ਸਾਹਿਬ ਦੀ ਜਿੱਤ ਦਾ ਪ੍ਰਤੀਕ ਵੀ ਕਿਹਾ ਜਾ ਸਕਦਾ ਹੈ ਜੋ ਭਾਰਤ ਵਰਸ਼ 'ਚ ਸੰਭਾਵੀ ਕ੍ਰਾਂਤੀ ਦੇ ਸੰਦੇਸ਼ ਵੱਲ ਵੀ ਇਸ਼ਾਰਾ ਕਰਦਾ ਹੈ। ਇਸੇ ਲਈ ਹੀ ਇਸ ਨੂੰ ਉਹਨਾਂ ਦੀ ਮਹਾਨ ਰਚਨਾ ਕਿਹਾ ਜਾਂਦਾ ਹੈ। ਇਸ ਦੇ ਮੰਤਵ ਤੇ ਇਤਿਹਾਸ ਨੂੰ ਸਮਝਣ ਲਈ ਇਸ ਦਾ ਵੇਰਵਾ ਨਿਮਨ-ਲਿਖਤ ਅਨੁਸਾਰ ਵਰਣਨ ਕੀਤਾ ਜਾਂਦਾ ਹੈ:-

ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ 'ਜ਼ਫਰਨਾਮੇ' ਦੇ ਮੰਤਵ ਨੂੰ ਸਪਸ਼ਟ ਕਰਨ ਲਈ ਉਹਨਾਂ ਦੁਆਰਾ ਲਿਖੇ ਗਏ ਕੁਝ ਕਾਵਿ-ਪਦਾਂ (ਸ਼ੇਅਰਾਂ) ਦਾ ਇੱਥੇ ਭਾਵ ਅਰਥ ਦੇਣਾ ਬੜਾ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫਰਨਾਮੇ' ਦਾ ਆਰੰਭ ਈਸ਼ਵਰ ਦੀ ਵੰਦਨਾ ਕਰਨ ਨਾਲ ਸ਼ੁਰੂ ਕੀਤਾ ਹੈ। ਉਹਨਾਂ ਨੇ ਆਪਣੇ ਬਾਰੇ 'ਚ ਲਿਖਿਆ ਹੈ ਕਿ ਮੈਂ ਪ੍ਰਮਾਤਮਾ ਦੀ ਕਸਮ ਖਾਧੀ ਹੈ ਕਿ ਜਿਹੜੀ ਤਲਵਾਰ, ਤੀਰ-ਕਮਾਨ, ਬਰਛੀ ਤੇ ਕਟਾਰ ਦਾ ਖੁਦਾ ਹੈ ਤੇ ਜੰਗ ਦੇ ਮੈਦਾਨ 'ਚ ਤੂਫਾਨ ਦੀ ਤੇਜ਼ ਚਾਲ 'ਤੇ ਦੌੜਨ ਵਾਲੇ ਘੋੜਿਆਂ ਦਾ ਖੁਦਾ ਹੈ। ਉਹਨਾਂ ਨੇ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ, ਉਹਨਾਂ ਦਾ (ਪ੍ਰਮਾਤਮਾ) ਨਾਮ ਲੈ ਕੇ, ਜਿਸ ਨੇ ਤੈਨੂੰ ਬਾਦਸ਼ਾਹਤ ਦਿੱਤੀ ਹੈ ਤੇ ਮੈਨੂੰ ਧਰਮ ਦੀ ਰੱਖਿਆ ਦੀ ਦੌਲਤ ਦਿੱਤੀ ਹੈ। ਮੈਨੂੰ ਉਹ ਸ਼ਕਤੀ ਦਿੱਤੀ ਹੈ ਕਿ ਮੈਂ ਧਰਮ ਦੀ ਰੱਖਿਆ ਕਰੂੰ ਜਿਸ ਨਾਲ ਸਚਾਈ ਦਾ ਝੰਡਾ ਉੱਚਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੱਤਰ 'ਚ ਔਰੰਗਜ਼ੇਬ ਨੂੰ ਅੱਤਿਆਚਾਰੀ, ਫਰੇਬੀ ਅਤੇ ਮੱਕਾਰ ਦੱਸਿਆ ਹੈ। ਇਸ ਦੇ ਨਾਲ ਹੀ ਉਸ ਦੀ ਇਬਾਦਤ ਨੂੰ ਢੌਂਗ ਕਿਹਾ ਹੈ ਤੇ ਉਸ ਨੂੰ ਆਪਣੇ ਪਿਤਾ ਤੇ ਭਰਾਵਾਂ ਦਾ ਹੱਤਿਆਰਾ ਵੀ ਕਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਵੈਭਿਮਾਨ ਅਥਵਾ ਵੀਰ ਭਾਵ ਦੀ ਜਾਣ-ਪਛਾਣ ਕਰਾਉਂਦੇ ਹੋਏ ਲਿਖਿਆ ਹੈ ਕਿ ਮੈਂ ਤੇਰੇ ਪੈਰਾਂ ਥੱਲੇ ਅਜਿਹੀ ਅੱਗ ਰੱਖਾਂਗਾ ਕਿ ਪੰਜਾਬ 'ਚ ਉਸ ਨੂੰ ਬੁਝਾਉਣ ਲਈ ਤੇ ਤੈਨੂੰ ਪੀਣ ਲਈ ਪਾਣੀ ਤੱਕ ਨਹੀਂ ਮਿਲੇਗਾ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਚੁਣੌਤੀ ਦਿੰਦਿਆਂ ਲਿਖਿਆ ਹੈ ਕਿ ਮੈਂ ਇਸ ਯੁੱਧ ਦੇ ਮੈਦਾਨ 'ਚ ਇਕੱਲਾ ਆਊਂਗਾ ਤੇ ਤੁਸੀਂ ਦੋ ਘੋੜ ਸਵਾਰਾਂ ਨੂੰ ਆਪਣੇ ਨਾਲ ਲੈ ਕੇ ਆਉਣਾ। ਫਿਰ ਲਿਖਿਆ ਹੈ ਕਿ ਮੇਰੇ ਚਾਰੇ ਬੱਚੇ (ਅਜੀਤ ਸਿੰਘ, ਜੁਝਾਰ ਸਿੰਘ, ਫਤਿਹ ਸਿੰਘ ਤੇ ਜ਼ੋਰਾਵਰ ਸਿੰਘ) ਮਾਰੇ ਗਏ ਹਨ ਪਰ ਕੁੰਡਲੀ ਮਾਰ ਕੇ ਡੱਸਣ ਵਾਲਾ ਨਾਗ ਅਜੇ ਬਾਕੀ ਹੈ' ਇਹਨਾਂ ਵਿਚਾਰਾਂ ਨੂੰ ਪ੍ਰਗਟ ਕਰਦੀਆਂ 'ਜ਼ਫ਼ਰਨਾਮੇ' ਦੀਆਂ ਨਿਮਨ-ਲਿਖਤ ਸੱਤਰਾਂ ਹਨ:-

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਰ ਚਾਰ।
ਕਿ ਬਾਕੀ ਬਮਾਂਦਸਤ ਪੇਚੀਦਹ ਮਾਰ। 75

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਇਤਿਹਾਸ ਤੋਂ ਸਿੱਖਿਆ ਲੈਣ ਲਈ ਕਿਹਾ ਹੈ ਕਿ ਸਿਕੰਦਰ ਤੇ ਸ਼ੇਰ ਸ਼ਾਹ ਕਿੱਥੇ ਹਨ? ਅੱਜ ਤੈਮੂਰ ਕਿੱਥੇ ਹੈ? ਬਾਬਰ ਕਿੱਥੇ ਹੈ? ਹਮਾਯੂੰ ਕਿੱਥੇ ਹੈ ਤੇ ਅਕਬਰ ਕਿੱਥੇ ਹੈ? ਆਪਣੇ ਜ਼ਫਰਨਾਮੇ 'ਚ ਗੁਰੂ ਸਾਹਿਬ ਫਿਰ ਔਰੰਗਜ਼ੇਬ ਨੂੰ ਲਲਕਾਰਦੇ ਹੋਏ ਲਿਖਦੇ ਹਨ, 'ਅਗਰ ਤੂੰ, ਕਮਜ਼ੋਰਾਂ 'ਤੇ ਜ਼ੁਲਮ ਕਰਦਾ ਹੈ, ਉਹਨਾਂ ਨੂੰ ਸਤਾਉਂਦਾ ਹੈ ਤਾਂ ਕਸਮ ਹੈ ਕਿ ਇਕ ਦਿਨ ਆਰੇ ਨਾਲ ਚਿਰਵਾ ਦਊਂਗਾ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਯੁੱਧ ਤੇ ਸ਼ਾਂਤੀ ਬਾਰੇ ਆਪਣੀ ਨੀਤੀ ਸਪਸ਼ਟ ਕਰਦਿਆਂ ਲਿਖਿਆ ਹੈ ਕਿ:

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜੰਸ਼ਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

ਭਾਵ 'ਜਦੋਂ ਸਾਰੇ ਯਤਨ ਕੀਤੇ ਗਏ ਹੋਣ, ਨਿਆਂ ਦੇ ਰਸਤੇ 'ਚ ਰੁਕਾਵਟ ਹੋਵੇ, ਉਸ ਸਮੇਂ ਤਲਵਾਰ ਉਠਾਉਣਾ ਸਹੀ ਹੈ ਤੇ ਯੁੱਧ ਕਰਨਾ ਜ਼ਰੂਰੀ ਹੈ।

ਅੰਤਲੇ ਕਾਵਿ-ਪਦ 'ਚ ਈਸ਼ਵਰ 'ਚ ਪੂਰਨ ਭਰੋਸਾ ਪ੍ਰਗਟ ਕਰਦਿਆਂ ਉਹਨਾਂ ਨੇ ਲਿਖਿਆ ਹੈ, 'ਦੁਸ਼ਮਣ ਸਾਡੇ ਨਾਲ ਭਾਵੇਂ ਹਜ਼ਾਰਾਂ ਤਰ੍ਹਾਂ ਦੀ ਦੁਸ਼ਮਣੀ ਕਰੇ ਪਰ ਜਿਸ ਦਾ ਈਸ਼ਵਰ 'ਚ ਵਿਸ਼ਵਾਸ ਹੈ, ਉਸ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।'

ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਜ਼ਫ਼ਰਨਾਮਾ ਕੇਵਲ ਇਕ ਪੱਤਰ ਹੀ ਨਹੀਂ ਹੈ ਬਲਕਿ ਇਹ ਇਕ 'ਵੀਰ ਕਾਵਿ' ਰਚਨਾ ਹੈ ਜਿਹੜੀ ਕਿ ਉਸ ਸਮੇਂ ਦੇ ਸਮੁੱਚੇ ਭਾਰਤ ਵਾਸੀਆਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਅਤੀਤ ਤੋਂ ਵਰਤਮਾਨ ਤੱਕ ਨਾ ਜਾਣੇ ਕਿਤਨੇ ਦੇਸ਼ ਭਗਤਾਂ ਨੇ ਗੁਰੂ ਸਾਹਿਬ ਦੇ ਇਸ ਪੱਤਰ ਤੋਂ ਪ੍ਰੇਰਨਾ ਲਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਿਅੱਕਤਿੱਤਵ ਤੇ ਆਦਰਸ਼ਾਂ ਦੀ ਝਲਕ ਬੜੇ ਸਪਸ਼ਟ ਰੂਪ 'ਚ ਇਸ ਜ਼ਫਰਨਾਮੇ 'ਚੋਂ ਪ੍ਰਗਟ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਔਰੰਗਜ਼ੇਬ ਨਾਲ ਇਕ ਸੰਧੀ ਨਹੀਂ ਹੈ ਸਗੋਂ ਉਸ ਖ਼ਿਲਾਫ਼ ਯੁੱਧ ਦਾ ਐਲਾਨ ਹੈ। ਇਸ ਦੇ ਨਾਲ ਹੀ ਇਹ ਪੱਤਰ ਸ਼ਾਂਤੀ, ਧਰਮ ਦੀ ਰੱਖਿਆ, ਵਿਸ਼ਵਾਸ ਤਥਾ ਆਤਮ ਵਿਸ਼ਵਾਸ ਦਾ ਸੰਦੇਸ਼ ਬੜੇ ਸਪਸ਼ਟ ਰੂਪ 'ਚ ਦਿੰਦਾ ਹੈ। ਉਨ੍ਹਾਂ ਦਾ ਇਹ ਪੱਤਰ ਪੀੜਤ, ਹਤਾਸ਼, ਨਿਰਾਸ਼ ਤਣਾ ਸਮ-ਾਜਿਕ ਚੇਤਨਾ ਦੀ ਘਾਟ ਨੂੰ ਨਵਾਂ ਜੀਵਨ ਤੇ ਮਾਨਵ ਦੇ ਸਵੈ-ਭਿਮਾਨ ਨੂੰ ਜਾਗਰੂਪ ਕਰਨ ਵਾਲਾ ਹੈ। ਇਹ ਪੱਤਰ ਅੱਤਿਆਚਾਰੀ ਔਰੰਗਜ਼ੇਬ ਦੇ ਕੁਕਰਮਾਂ ਨੂੰ ਉਘਾੜਦਾ ਤੇ ਉਸ ਉਪਰ ਚੰਗੀ ਨੈਤਿਕਤਾ ਤੇ ਅਧਿਆਤਮਕਤਾ ਦੀ ਜਿੱਤ ਦਾ ਪ੍ਰਗਟਾ ਕਰਦਾ ਹੈ।



'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗਲ ਸਮਰਾਟ, ਔਰੰਗਜ਼ੇਬ ਨੂੰ ਫਾਰਸੀ ਸ਼ਿਅਰਾਂ 'ਚ ਲਿਖੀ ਹੋਈ ਇਕ ਚਿੱਠੀ ਹੈ। ਇਸ ਤਰ੍ਹਾਂ ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਇਹ ਚਿੱਠੀ ਜਿੱਥੇ ਹੋਰ ਇਤਿਹਾਸਕ ਵੇਰਵਿਆਂ ਦਾ ਜ਼ਿਕਰ ਕਰਦੀ ਹੈ, ਉਥੇ ਇਹ ਚਮਕੌਰ ਸਾਹਿਬ ਦੀ ਜੰਗ ਦਾ ਅੱਖੀਂ ਦੇਖਿਆ ਹਾਲ ਵੀ ਵਰਣਨ ਕਰਦੀ ਹੈ। ਇਸ ਦਾ ਹਰ ਸ਼ਿਅਰ ਅਣਖ, ਗੈਰਤ, ਸਵੈਮਾਣ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ।



ਪ੍ਰੋ: ਐਚ.ਐਲ.ਕਪੂਰ
001- 916- 587-4002

'ਜ਼ਫ਼ਰਨਾਮਾ' ਉਹ ਮਹਾਨ ਵਿਜੇ-ਪੱਤਰ ਹੈ, ਜਿਸ ਨੂੰ ਪੜ੍ਹ ਕੇ, ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਹਾਰ ਮੰਨ ਲਈ ਸੀ। ਕਹਿੰਦੇ ਹਨ ਕਿ ਇਹ ਪੱਤਰ ਪੜ੍ਹ ਕੇ ਔਰ-ਗਜ਼ੇਬ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜੋ ਕੰਮ ਤਲਵਾਰ ਨਹੀਂ ਕਰ ਸਕੀ, ਉਹ ਗੁਰੂ ਸਾਹਿਬ ਦੀ ਕਲਮ ਨੇ ਕਰ ਦਿਖਾਇਆ। ਇਸ ਸਬੰਧ ਵਿਚ ਸੰਤੋਖ ਸਿੰਘ ਧੀਰ ਦੀਆਂ ਇਹ ਸੱਤਰਾਂ ਬਹੁਤ ਹੀ ਮਹੱਤਵ ਰੱਖਦੀਆਂ ਹਨ:

'ਕਲਮ ਇਕ ਹਥਿਆਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, 'ਜ਼ਫਰਨਾਮਾ' ਤੀਰ ਦੀ ਨੋਕ ਨਾਲ ਲਿਖਿਆ। ਲਿਖਿਆ ਤਾਂ ਉਂਝ 'ਜ਼ਫਰਨਾਮਾ' ਕਲਮ ਨਾਲ ਹੀ ਗਿਆ ਸੀ ਪਰ ਉਹ ਕਲਮ, ਤੀਰ ਵਾਂਗ, ਹਥਿਆਰ ਹੀ ਬਣੀ ਹੋਈ ਸੀ। ਇਸੇ ਲਈ ਤਾਂ 'ਜ਼ਫਰਨਾਮਾ' ਖੰਜਰ ਵਾਂਗ, ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਾ ਸੀ। ਅੰਤ 'ਚ ਤਲਵਾਰ ਵੀ ਕਲਮ ਤੋਂ ਹਾਰ ਜਾਂਦੀ ਹੈ, ਯਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਤੋਂ ਔਰੰਗਜ਼ੇਬ ਦੀ ਤਲਵਾਰ ਹਾਰ ਜਾਂਦੀ ਹੈ।'

ਗੁਰੂ ਸਾਹਿਬ ਨੇ ਇਹ ਵਿਜੇ-ਪੱਤਰ ਚਮਕੌਰ ਦੀ ਜੰਗ ਤੋਂ ਮਗਰੋਂ ਤੇ ਸ੍ਰੀ ਮੁਕਤਸਰ ਸਾਹਿਬ ਦੀ ਲੜਾਈ ਤੋਂ ਪਹਿਲਾਂ, ਦੀਨਾ-ਕਾਂਗੜ (ਜ਼ਿਲ੍ਹਾ ਫਰੀਦਕੋਟ) ਵਿਖੇ ਆਪਣੇ ਠਹਿਰਾਅ ਦੌਰਾਨ ਲਿਖਿਆ (ਦੀਨਾ ਤੇ ਕਾਂਗੜ ਅਸਲ ਵਿਚ ਦੋ ਜੁੜਵੇਂ ਪਿੰਡ ਹਨ)।

ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਸਾਹਿਬ, ਮਾਛੀਵਾੜਾ, ਆਲਮਗੀਰ ਤੇ ਰਾਏਕੋਟ ਤੋਂ ਹੁੰਦੇ ਹੋਏ ਦੀਨਾ-ਕਾਂਗੜ ਵਿਖੇ ਪਹੁੰਚੇ ਸਨ। ਇੱਥੇ ਰਾਇ ਜੋਧ ਦੇ ਪੋਤਰਿਆਂ, ਚੌਧਰੀ ਤਖਤ ਮੱਲ, ਲਖਮੀਰ ਤੇ ਸਮੀਰ ਨੇ ਗੁਰੂ ਸਾਹਿਬ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਸਤਿਕਾਰ ਸਹਿਤ ਆਪਣੇ ਨਿਵਾਸ ਸਥਾਨ 'ਤੇ ਲੈ ਗਏ (ਰਾਏ ਜੋਧ, ਗੁਰੂ ਘਰ ਦਾ ਇਕ ਅਨਿਨ ਸੇਵਕ ਸੀ ਅਤੇ ਇਨਸਾਫ ਦੀਆਂ ਜੰਗਾਂ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸੇ ਹੋ ਕੇ ਲੜਦਾ ਰਿਹਾ ਸੀ।)। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ ਲੱਗਭੱਗ ਦੋ ਮਹੀਨੇ ਠਹਿਰੇ ਸਨ ਅਤੇ ਇੱਥੋਂ ਹੀ ਔਰੰਗਜ਼ੇਬ ਵੱਲ 'ਜ਼ਫਰਨਾਮਾ' ਭੇਜਿਆ ਸੀ।

'ਜ਼ਫਰਨਾਮੇ ਦਾ ਸ਼ਾਬਦਿਕ ਅਰਥ ਹੈ 'ਜਿੱਤ ਦੀ ਚਿੱਠੀ'। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਮੂਲ ਰੂਪ ਵਿਚ ਫਾਰਸੀ ਭਾਸ਼ਾ 'ਚ ਲਿਖਿਆ ਹੈ। ਇਸ 'ਚ ਮਾਮੂਲੀ ਪਰਿਵਰਤਨ ਵੀ ਹੋਏ ਹਨ। ਕਈ ਭਾਸ਼ਾਵਾਂ 'ਚ ਇਸ ਦੇ ਅਨੁਵਾਦ ਵੀ ਹੋਏ ਹਨ। ਹਿੰਦੀ 'ਚ ਇਸ ਦਾ ਅਨੁਵਾਦ ਬਾਲ ਕ੍ਰਿਸ਼ਨ ਮੁਜੰਤਰ (ਕੁਰੂਕਸ਼ੇਤਰ, 1990) ਤੇ ਜਨਜੀਵਨ ਜੋਤ ਸਿੰਘ ਆਨੰਦ (ਦੇਹਰਾਦੂਨ, 2006) ਨੇ ਕੀਤਾ। ਮਹਿੰਦਰ ਸਿੰਘ ਨੇ ਪੰਜਾਬੀ 'ਚ ਤੇ ਸੁਰਿੰਦਰਜੀਤ ਸਿੰਘ ਨੇ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਤੋਂ ਕੁਝ ਸਮਾਂ ਬਾਅਦ ਨਵਤੇਜ ਸਿੰਘ ਸਰਨ ਨੇ ਵੀ ਇਸ ਦਾ ਅਨੁਵਾਦ ਅੰਗਰੇਜ਼ੀ 'ਚ ਕੀਤਾ। ਇਸ ਪੱਤਰ ਵਿਚ ਫਾਰਸੀ 'ਚ ਲਿਖੇ ਹੋਏ 111 ਕਾਵਿ-ਪਦੇ (ਸ਼ੇਅਰ) ਹਨ।

ਜ਼ਫਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲੜਾਈਆਂ ਦਾ ਬੜੀ ਬੀਰਤਾ ਤੇ ਦਲੇਰੀ ਨਾਲ, ਮੁਗਲਾਂ ਦਾ ਬੜੇ ਰੋਮਾਂਚਿਕ ਢੰਗ ਨਾਲ ਟਾਕਰਾ ਕਰਨ ਦਾ ਵਰਣਨ ਕੀਤਾ ਹੈ। ਇਸ ਕਾਵਿ-ਪਦਿਆਂ ਵਾਲੀ ਚਿੱਠੀ ਵਿਚ ਇਕ-ਇਕ ਲੜਾਈ ਦਾ ਵਰਣਨ, ਕਿਸੇ ਵੀ ਮਾਨਵ 'ਚ ਨਵਾਂ ਜੀਵਨ ਭਰਨ ਦੀ ਸਮਰੱਥਾ ਰੱਖਦਾ ਹੈ। ਇਸ 'ਚ ਖਾਲਸਾ-ਪੰਥ ਦੀ ਸਥਾਪਨਾ, ਆਨੰਦਪੁਰ ਸਾਹਿਬ ਛੱਡਣਾ, ਫਤਿਹਗੜ੍ਹ ਦੀ ਘਟਨਾ, ਚਾਲੀ ਮੁਕਤਿਆਂ ਦੀ ਸ਼ਹੀਦੀ, ਦੋ ਗੁਰੂ ਪੁੱਤਰਾਂ ਦੀ ਨੀਂਹਾਂ 'ਚ ਚਿਣਵਾਈ ਤੇ ਦੋ ਪੁੱਤਰਾਂ ਦੀ ਚਮਕੌਰ ਦੀ ਗੜ੍ਹੀ 'ਚ ਸ਼ਹੀਦੀ ਦਾ ਵਰਣਨ ਹੈ। ਇਸ 'ਚ ਮਰਾਠਿਆਂ 'ਤੇ ਰਾਜਪੂਤਾਂ ਦੀ ਜਿੱਤ ਤੇ ਔਰੰਗਜ਼ੇਬ ਦੀ ਕਰਾਰੀ ਹਾਰ ਦਾ ਵਰਣਨ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਉਹਨਾਂ ਨੇ ਪੰਜਾਬ 'ਚ ਉਸ (ਔਰੰਗਜ਼ੇਬ) ਦੀ ਹਾਰ ਦੀ ਪੂਰੀ ਵਿਵਸਥਾ ਕਰ ਦਿੱਤੀ ਹੈ।

ਇਹ ਇਤਿਹਾਸਕ ਪੱਤਰ, ਸਮਕਾਲੀ ਪ੍ਰਸਥਿਤੀਆਂ ਅਤੇ ਇਤਿਹਾਸ ਨੂੰ ਵੀ ਆਪਣੀ ਬੁੱਕਲ ਵਿਚ ਸਾਂਭੀ ਬੈਠਾ ਹੈ। ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਗੁਰੂ ਸਾਹਿਬ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ, ਸਗੋਂ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਆਪਣੇ ਪਿਤਾ ਗੁਰੂ ਤੇਗ ਬਹਾਦਰ ਤੇ ਆਪਣੇ ਚਾਰੇ ਪੁੱਤਰਾਂ ਦੇ ਬਲੀਦਾਨ ਦੇ ਬਾਅਦ 1706 ਈਸਵੀ ਨੂੰ ਖਿਦਰਾਣਾ ਦੀ ਲੜਾਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੂੰ ਇਕ ਪੱਤਰ (ਜ਼ਫਰਨਾਮਾ) ਦੇ ਕੇ ਮੁਗਲ ਸਮਰਾਟ ਔਰੰਗਜ਼ੇਬ ਦੇ ਪਾਸ ਭੇਜਿਆ। ਇਹ ਚਿੱਠੀ 20 ਫਰਵਰੀ, 1707 ਈਸਵੀ ਨੂੰ ਔਰੰਗਜ਼ੇਬ ਦੇ ਹੱਥਾਂ ਵਿਚ ਸੀ। ਇਸੇ ਤਰ੍ਹਾਂ ਹੀ ਮਾਛੀਵਾੜਾ ਤੋਂ ਵੀ ਗੁਰੂ ਸਾਹਿਬ ਨੇ ਇਕ ਚਿੱਠੀ ਜਿਸ ਨੂੰ 'ਫਤਿਹਨਾਮਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਔਰੰਗਜ਼ੇਬ ਵੱਲ ਭੇਜੀ ਸੀ।

ਉਹਨਾਂ ਦਿਨਾਂ 'ਚ ਔਰੰਗਜ਼ੇਬ ਦੱਖਣ ਭਾਰਤ ਦੇ ਅਹਿਮਦਨਗਰ 'ਚ ਆਪਣੇ ਜੀਵਨ ਦੇ ਆਖਰੀ ਦਿਨਾਂ ਦੀ ਉਡੀਕ ਕਰ ਰਿਹਾ ਸੀ। ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦਿੱਲੀ, ਆਗਰਾ ਤੋਂ ਹੁੰਦੇ ਹੋਏ ਲੰਬਾ ਪੈਂਡਾ ਕਰਕੇ ਅਹਿਮਦਨਗਰ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪੱਤਰ ਤੋਂ ਔਰੰਗਜ਼ੇਬ ਨੂੰ ਉੱਤਰ ਭਾਰਤ, ਖਾਸ ਤੌਰ 'ਤੇ ਪੰਜਾਬ ਦੀ ਵਾਸਤਵਿਕ ਸਥਿਤੀ ਦਾ ਪਤਾ ਲੱਗਿਆ। ਕਹਿੰਦੇ ਹਨ ਕਿ 'ਜ਼ਫਰਨਾਮਾ' ਪੜ੍ਹ ਕੇ ਅੱਤਿਆਚਾਰ ਦੀ ਤਸਵੀਰ ਬਣ ਚੁੱਕੇ ਔਰੰਗਜ਼ੇਬ ਦੀ ਰੂਹ ਤੜਪ ਉੱਠੀ ਅਤੇ ਉਸ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਦ ਖਾਂ ਨੂੰ ਫਰਮਾਨ ਜਾਰੀ ਕੀਤਾ ਕਿ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਰਵੇਸ਼ ਹਨ ਅਤੇ ਉਹਨਾਂ ਨੂੰ ਹੁਣ ਹੋਰ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ ਤੇ ਜਿਸ ਰਜ਼ਾ ਵਿਚ ਉਹ ਰਹਿਣਾ ਚਾਹੁਣ ਰਹਿਣ ਦਿੱਤਾ ਜਾਵੇ।' ਇਸ ਤਰ੍ਹਾਂ ਪੰਜਾਬ ਦੇ ਸੂਬੇਦਾਰ ਦੇ ਗਲਤ ਸੂਚਨਾਵਾਂ ਦੇਣ ਨਾਲ ਔਰੰਗਜ਼ੇਬ ਨੂੰ ਬੜਾ ਦੁੱਖ ਹੋਇਆ ਤੇ ਨਾਲ ਹੀ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਤੇ ਪ੍ਰਤਿਸ਼ਠਤਾ ਦਾ ਅਨੁਭਵ ਵੀ ਹੋਇਆ। ਇਸ ਦੇ ਨਾਲ ਹੀ ਔਰੰਗਜ਼ੇਬ ਨੇ ਜ਼ਬਰਦਾਰ ਅਤੇ ਮੁਹੰਮਦਯਾਰ ਮਨਸਬਦਾਰ ਨੂੰ ਇਕ ਸ਼ਾਹੀ ਫੁਰਮਾਨ ਦੇ ਕੇ ਦਿੱਲੀ ਭੇਜਿਆ। ਇਸ ਫੁਰਮਾਨ 'ਚ ਵੀ ਲਿਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕੋਈ ਕਿਸੇ ਪ੍ਰਕਾਰ ਦਾ ਕਸ਼ਟ ਨਾ ਪਹੁੰਚਾਇਆ ਜਾਵੇ ਸਗੋਂ ਉਹਨਾਂ ਨੂੰ ਪੂਰਾ ਸਨਮਾਨ ਦਿੱਤਾ ਜਾਵੇ। ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਫੀ ਦੇਰ ਤੱਕ ਇਹ ਪਤਾ ਹੀ ਨਾ ਲੱਗਾ ਕਿ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਅਹਿਮਦਾਨਗਰ 'ਚ ਔਰੰਗਜ਼ੇਬ ਨੂੰ ਜ਼ਫਰਨਾਮਾ ਦੇਣ 'ਚ ਸਫਲ ਹੋਏ ਜਾਂ ਨਹੀਂ। ਅਖੀਰ ਗੁਰੂ ਸਾਹਿਬ ਉਡੀਕ ਕਰਕੇ ਅਹਿਮਦਨਗਰ ਵੱਲ ਆਪ ਹੀ ਚੱਲ ਪਏ। ਅਕਤੂਬਰ 1706 ਈਸਵੀ 'ਚ ਗੁਰੂ ਸਾਹਿਬ ਨੇ ਦੱਖਣੀ ਭਾਰਤ ਨੂੰ ਆਪਣੀ ਯਾਤਰਾ ਸ਼ੁਰੂ ਕੀਤੀ। ਉਹਨਾਂ ਨੇ ਮਾਰਵਾੜ ਦੇ ਰਸਤੇ ਤੋਂ ਦੱਖਣ ਨੂੰ ਜਾਣ ਦਾ ਵਿਚਾਰ ਬਣਾਇਆ। ਇਸ ਮਾਰਗ 'ਤੇ ਰਾਜਸਥਾਨ ਦੇ ਅਨੇਕ ਰਾਜਿਆਂ ਨੇ ਉਹਨਾਂ ਦਾ ਸਵਾਗਤ ਕੀਤਾ। ਬਾਘੌਰ ਨਾਮਕ ਸਥਾਨ 'ਤੇ ਉਹਨਾਂ ਦੀ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨਾਲ ਭੇਂਟ ਹੋਈ ਜੋ ਪੰਜਾਬ ਵੱਲ ਵਾਪਸ ਆ ਰਹੇ ਸਨ। ਇੱਥੇ ਗੁਰੂ ਸਾਹਿਬ ਨੂੰ ਸਾਰੇ ਸਮਾਚਾਰਾਂ ਦੀ ਜਾਣਕਾਰੀ ਹੋਈ। ਯਾਤਰਾ ਦੇ ਦੌਰਾਨ ਹੀ 20 ਫਰਵਰੀ, 1707 ਈਸਵੀ ਨੂੰ ਹੀ ਅਹਿਮਦਨਗਰ ਨੂੰ ਜਾਂਦਿਆਂ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੀ ਅਹਿਮਦਨਗਰ 'ਚ ਹੀ ਮੌਤ ਦੀ ਖ਼ਬਰ ਮਿਲੀ। ਇਸ ਤਰ੍ਹਾਂ ਗੁਰੂ ਸਾਹਿਬ ਦੀ ਔਰ-ਗਜ਼ੇਬ ਨਾਲ ਭੇਟ ਨਾ ਹੋ ਸਕੀ।

ਸੋ 'ਜ਼ਫ਼ਰਨਾਮਾ' ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਦਾ ਇਕ ਮਹਾਨ ਕਾਰਨਾਮਾ ਕਿਹਾ ਜਾ ਸਕਦਾ ਹੈ ਕਿਉਂਕਿ 'ਜ਼ਫਰਨਾਮਾ' ਵਰਗਾ ਵੰਗਾਰਵਾਂ ਪੱਤਰ ਸ਼ਾਇਦ ਹੀ ਕਿਸੇ ਹੋਰ ਬੀਰ-ਨਾਇਕ ਨੇ ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਨੂੰ ਲਿਖਿਆ ਹੋਵੇ। ਇਸ ਪੱਤਰ ਵਿਚੋਂ ਰੂਹਾਨੀਅਤ, ਅਡੋਲਤਾ, ਦਲੇਰੀ, ਜਾਂਬਾਜ਼ੀ, ਨਿਰਵੈਰਤਾ, ਸਚਾਈ ਆਦਿ ਸਦਗੁਣਾਂ ਦਾ ਪ੍ਰਕਾਸ਼ ਹੁੰਦਾ ਹੈ।

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਸੀ। ਹੋਰ ਗੁਣਾਂ ਤੋਂ ਇਲਾਵਾ ਉਹ ਇਕ ਨਿਪੁੰਨ ਸਾਹਿਤਕਾਰ, ਮਨੋਵਿਗਿਆਨੀ ਤੇ ਮਨੋਵਿਸ਼ਲੇਸ਼ਕ ਵੀ ਸਨ। ਸਭ ਤੋਂ ਵੱਧ ਕੇ, ਉਹਨਾਂ ਨੇ ਕਦੇ ਵੀ ਜੋਸ਼ ਨੂੰ ਹੋਸ਼ 'ਤੇ ਭਾਰੂ ਨਹੀਂ ਹੋਣ ਦਿੱਤਾ। 'ਜ਼ਫਰਨਾਮਾ' ਗੁਰੂ ਸਾਹਿਬ ਦੇ ਇਹਨਾਂ ਗੁਣਾਂ ਦੀ ਇਕ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ। ਗੁਰੂ ਸਾਹਿਬ ਕਈ ਥਾਈਂ, ਸ਼ਿਸ਼ਟਾਚਾਰ ਵਜੋਂ ਔਰੰਗਜ਼ੇਬ ਦੀ ਤਾਰੀਫ਼ ਵੀ ਕਰਦੇ ਹਨ।

'ਜ਼ਫਰਨਾਮਾ' ਫਾਰਸੀ ਸ਼ਾਇਰੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦਾ ਹੈ। ਇਹ ਪੱਤਰ, ਜਿੱਥੇ ਔਰੰਗਜ਼ੇਬ ਨੂੰ ਸ਼ਰਮਸਾਰ ਕਰਦਾ ਹੈ, ਉਥੇ ਉਸ ਦੇ ਵਿਰਾਟ 'ਕੱਦ' ਨੂੰ ਬੌਣਾ ਵੀ ਬਣਾਉਂਦਾ ਹੈ। ਗੱਲ ਕੀ ਬਾਦਸ਼ਾਹ ਨੂੰ ਉਸ ਦੀਆਂ ਕਰਤੂਤਾਂ ਚੇਤੇ ਕਰਵਾਉਂਦਿਆਂ, ਫਿਟਕਾਰਾਂ ਪਾਈਆਂ ਗਈਆਂ ਹਨ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ ਬੇਈਮਾਨ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਇਸ ਦੀ ਮਿਸਾਲ ਨਿਮਨ-ਲਿਖਤ ਸ਼ਿਅਰ ਤੋਂ ਮਿਲਦੀ ਹੈ:

ਨਦਾਨਮ ਕਿ ਈਂ ਮੁਰਦਿ ਪੈਮਾਂ ਸ਼ਿਕਨ।
ਕਿ ਦੌਲਤ ਪ੍ਰਸਤਸਤੋ ਫੀਮਾਂ ਫਿਗਨ। 45

ਉਕਤ ਸ਼ਿਅਰ ਦਾ ਪੰਜਾਬੀ ਕਾਵਿ-ਅਨੁਵਾਦ ਇਸ ਪ੍ਰਕਾਰ ਪੇਸ਼ ਹੈ:

ਪਤਾ ਨਹੀਂ ਸੀ ਹੋਏਂਗਾ, ਤੂੰ ਮਾਇਆ ਦਾ ਕੀਟ,
ਝੂਠਾ ਕੌਲ ਕਰਾਰ ਦਾ, ਬੇ-ਈਮਾਨ ਬਦ-ਨੀਤ'। 45
ਅਨੁਵਾਦਕ- ਸ਼ਹਰਯਾਰ

ਗੁਰੂ ਸਾਹਿਬ ਉਦੋਂ ਗੱਲ ਨੂੰ ਸਿਰੇ ਹੀ ਲਾ ਦਿੰਦੇ ਹਨ, ਜਦੋਂ ਉਹ ਅਗਲੇ ਸ਼ਿਅਰ 'ਚ ਲਿਖਦੇ ਹਨ:

ਨ ਈਮਾਂ ਪ੍ਰਸਤੀ ਨ ਔਜ਼ਾਇ ਦੀ (ਸ਼ਰ੍ਹਾ ਸ਼ਰੀਅਤ)।
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀ। 46

ਭਾਵ- ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈ। ਨਾ ਤੈਨੂੰ ਪ੍ਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਭਰੋਸਾ ਹੈ।

ਸੋ, ਉਕਤ ਸ਼ਿਅਰ ਅਤੇ ਇਹੋ ਜਿਹੇ ਹੋਰ ਕਈ ਸ਼ਿਅਰ, ਸਪਸ਼ਟ ਰੂਪ 'ਚ, ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਦਸ਼ਾਹ ਔਰੰਗਜ਼ੇਬ 'ਤੇ ਜਿੱਤ ਦਰਜ ਕਰਦੇ ਹਨ। 42 ਸਾਲ ਦੇ ਅਧਿਆਤਮਕ ਤਥਾ ਸੂਰਬੀਰਤਾ ਦੇ ਧਨੀ ਮਹਾਂਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 90 ਸਾਲ ਦੇ ਕਰੂਰ ਤੇ ਜ਼ਾਲਮ ਔਰੰਗਜ਼ੇਬ ਨਾਲ ਭੇਂਟ ਹੁੰਦੀ ਤਾਂ ਕੀ ਹੁੰਦਾ, ਕਹਿਣਾ ਕਠਿਨ ਹੈ?

ਇਕ ਵਿਦਵਾਨ ਨੇ ਲਿਖਿਆ ਹੈ ਕਿ 'ਵਿਸ਼ਵਾਸ, ਅਵਿਸ਼ਵਾਸ ਨੂੰ ਮਿਲਣ ਚੱਲਿਆ ਸੀ ਪ੍ਰੰਤੂ ਉਹਨਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਅਵਿਸ਼ਵਾਸ ਦਮ ਤੋੜ ਚੁੱਕਿਆ ਸੀ। ਜੂਨ 1707 ਈਸਵੀ ਨੂੰ ਜਾਜੂ ਨਾਮਕ ਸਥਾਨ 'ਤੇ ਸ਼ਹਿਜ਼ਾਦਾ ਮੁਅਜ਼ਮ ਨੂੰ 'ਬਹਾਦਰ ਸ਼ਾਹ' ਦੇ ਨਾਮ 'ਤੇ ਸਮਰਾਟ ਬਣਾਇਆ ਗਿਆ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਰਾਜਸੀ ਸਨਮਾਨ ਕੀਤਾ। '

ਜ਼ਫ਼ਰਨਾਮਾ' ਤਥਾ 'ਵਿਜੇ ਪੱਤਰ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅੱਤਿਆਚਾਰੀ ਤੇ ਕਰੂਰ ਮੁਗਲ ਸਮਰਾਟ ਔਰੰਗਜ਼ੇਬ ਨੂੰ ਲਿਖਿਆ ਗਿਆ ਹੈ।

ਭਾਰਤ ਦੇ ਗੌਰਵਮਈ ਇਤਿਹਾਸ 'ਚ ਦੋ ਪੱਤਰ ਅੰਤਰ ਰਾਸ਼ਟਰੀ ਮਸ਼ਹੂਰੀ ਰੱਖਦੇ ਹਨ। ਪਹਿਲਾ ਪੱਤਰ ਹੈ ਛਤਰਪਤੀ ਸ਼ਿਵਾ ਜੀ ਦੁਆਰਾ ਰਾਜਾ ਜੈ ਸਿੰਘ ਨੂੰ ਲਿਖਿਆ ਗਿਆ ਸੀ ਤੇ ਦੂਸਰਾ ਪੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰੀ ਤੇ ਕਰੂਰ ਮੁਗਲ ਸ਼ਾਸਕ ਔਰੰਗਜ਼ੇਬ ਨੂੰ ਲਿਖਿਆ ਗਿਆ 'ਜ਼ਫ਼ਰਨਾਮਾ' ਅਰਥਾਤ 'ਵਿਜੈ ਪੱਤਰ' ਹੈ। ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪੱਤਰ ਅਧਿਆਤਮਕਤਾ, ਕੂਟਨੀਤੀ ਤੇ ਸੂਰਬੀਰਤਾ ਦੀ ਅਦੁੱਤੀ ਤ੍ਰਿਵੇਣੀ ਹੈ।



ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ

ਵੱਲੋਂ

# ਪ੍ਰੀਤਮ ਸਿੰਘ ਗਰੇਵਾਲ
# ਦੇਵ ਸਿੰਘ ਗਰੇਵਾਲ



ਸ. ਦੇਵ ਸਿੰਘ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

# ਇਕ ਸਧਾਰਨ ਬਿਜਨਸਮੈਨ



## ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ






# SANDHU IMMIGRATION CONSULTANT

**Passports, Visas, Green Cards, Notary, Immigration Forms, Asylum , Citizenship, Study Visas, Family Immigration Visas**

**WE OPEN 7-DAYS A WEEK**

# (209-373-3562)

**3222 PENELOPE DR. STOCKTON, CA- 95212**
**(NEAR HWY 99 ON MORADA LANE)**

**MANDEEP SANDHU**

msandhu2014@gmail.com

"We sell International and Domestic Airline Tickets on Low Airfares"

Note: I am not an Immigration Attorney.

# ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ ਸਿੱਖ ਪੰਥ ਦੇ ਮਹਾਨ ਵਿਦਵਾਨ ਪ੍ਰੋ. ਸਰਬਜੀਤ ਸਿੰਘ ਧੂੰਦਾ ਦੇ ਦੀਵਾਨ ਸੁਣਨ ਲਈ ਸੰਗਤਾਂ ਵਹੀਰਾ ਘੱਤਕੇ ਪਹੁੰਚੀਆਂ





















(ਸਬੰਧਿਤ ਖ਼ਬਰ ਦੇਖੋ ਸਫ਼ਾ 7 ਤੇ)

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦਾ 125ਵਾਂ ਜਨਮ ਦਿਹਾੜਾ ਭਾਰਤ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਤੇ ਹੋਰ ਸਮਾਜਿਕ-ਧਾਰਮਿਕ ਸੰਸਥਾਵਾਂ ਵੱਲੋਂ ਦੇਸ਼-ਵਿਦੇਸ਼ ਵਿਚ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।





ਜਾਰੀ ਕਰਤਾ

ਪਾਲ ਸਿਹੋਤਾ

ਚੇਅਰਮੈਨ

ਵੈਸਟ ਕੌਸਟ ਇੰਡੀਅਨ ਓਵਰਸੀਜ਼ ਕਾਂਗਰਸ

559-269-6974

SmartWay®
Transport Partnership
Getting There With Cleaner Air

3545 E Data Avenue Fresno

CA 93735-1933





ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ.ਅੰਬੇਦਕਰ ਜੀ ਦਾ 125ਵਾਂ ਜਨਮ ਦਿਹਾੜਾ ਭਾਰਤ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਤੇ ਹੋਰ ਸਮਾਜਿਕ-ਧਾਰਮਿਕ ਸੰਸਥਾਵਾਂ ਵੱਲੋਂ ਦੇਸ਼-ਵਿਦੇਸ਼ ਵਿਚ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।







*Managing Committee:* Prem Sondhi President 530-751-3887, Gurpal Singh Chairman 916-873-0311,

Balbir Singh Thaper Vice Chairman 916-607-4650, Santokh Singh Gill Vice President 530-740-3056

Avinash Sondhi, Cashier 530-301-1157, , , Vinod Gill Cashier 530-822-9587, Sohan Lal Sahota Secretary 530-674-9766

# ਸਮੂਹ ਪ੍ਰਬੰਧਕ ਕਮੇਟੀ

## ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ



## ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ


# INDIA BAZAAR

**Indian, Pakistani & Fijjian Groceries**

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210




ਜੈ ਰਾਮ ਗਾਟ ਅਤੇ ਸਮੂਹ ਪਰਿਵਾਰ

## ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ



ਸ. ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ


# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# 97 ਸਾਲਾਂ ਬਾਦ ਵੀ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਪੂਰੀ ਪਹਿਚਾਣ ਅਤੇ ਸਨਮਾਨ ਨਾ ਮਿਲਿਆ



ਕੁਲਦੀਪ ਚੰਦ
9417563054

13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਵਿੱਚ ਹੋਏ ਗੋਲੀਕਾਂਡ ਜਿਸ ਵਿੱਚ ਅਣਗਿਣਤ ਨਿਹੱਥੇ ਨਿਰਦੋਸ਼ ਲੋਕ ਮਾਰੇ ਗਏ ਅਤੇ ਜਖਮੀ ਹੋਏ ਨੂੰ ਯਾਦ ਕਰਕੇ ਹਰ ਭਾਰਤ ਵਾਸੀ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਪਰ ਇਸਤੋਂ ਵੀ ਵੱਡੇ ਦੁੱਖ ਅਤੇ ਰੋਸ ਦੀ ਗੱਲ ਹੈ ਕਿ ਜਲਿਆਂਵਾਲਾ ਬਾਗ ਵਿੱਚ 97 ਸਾਲ ਪਹਿਲਾਂ ਮਾਰੇ ਗਏ ਲੋਕਾਂ ਨੂੰ ਸਹੀ ਪਹਿਚਾਣ ਅਤੇ ਸਨਮਾਨ ਅਜ਼ਾਦੀ ਦੇ 67 ਸਾਲਾਂ ਬਾਦ ਵੀ ਹਾਸਲ ਨਹੀਂ ਹੋਇਆ ਹੈ। ਜਲਿਆਂ ਵਾਲਾ ਬਾਗ ਸਿੱਖ ਧਰਮ ਦੇ ਪ੍ਰਸਿੱਧ ਧਾਰਮਿਕ ਸਥਾਨ ਸ਼੍ਰੀ ਹਰਿਮੰਦਰ ਸਾਹਿਬ ਸ਼੍ਰੀ ਅਮ੍ਰਿਤਸਰ ਦੇ ਨੇੜੇ ਹੈ। ਪੰਜਾਬ ਦੇ ਲੋਕਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਸੀ ਅਤੇ ਹਜ਼ਾਰਾਂ ਪੰਜਾਬੀਆਂ ਨੇ ਅੰਗਰੇਜ਼ਾਂ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ ਪਰ ਅੰਗਰੇਜ਼ਾਂ ਨੇ ਇਸਦੇ ਬਦਲੇ ਵਿੱਚ ਜਲਿਆਵਾਲਾ ਬਾਗ ਵਿੱਚ ਨਿਹੱਥੇ ਪੰਜਾਬੀ ਪੇਂਡੂਆਂ ਦੇ ਖੂਨ ਦੀ ਹੋਲੀ ਖੇਡੀ। ਜਲਿਆ ਵਾਲਾ ਬਾਗ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਅੱਜ ਤੱਕ ਤਾਂ ਪੂਰੀ ਗਿਣਤੀ ਅਤੇ ਜਾਣਕਾਰੀ ਹੀ ਪਤਾ ਨਹੀਂ ਚੱਲ ਸਕੀ ਹੈ ਅਤੇ ਨਾਂ ਹੀ ਅੱਜ ਤੱਕ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ ਹੈ। ਇਸ ਦਰਦਨਾਕ ਗੈਰ ਮਨੁਖੀ ਗੋਲੀਕਾਂਡ ਸਬੰਧੀ ਇਤਿਹਾਸ ਵੇਖੀਏ ਤਾਂ ਬ੍ਰਿਟਿਸ਼ ਸਰਕਾਰ ਵਲੋਂ ਪਾਸ ਕੀਤੇ ਗਏ ਰਾਅਲਟ ਐਕਟ ਦੇ ਵਿਰੋਧ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਰੋਸ ਪ੍ਰਦਰਸ਼ਨ ਹੋ ਰਿਹਾ ਸੀ। ਇਸ ਕਾਰਨ ਬ੍ਰਿਟਿਸ਼ ਸਰਕਾਰ ਵਲੋਂ ਦੋ ਪ੍ਰਮੁੱਖ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸਦੇ ਵਿਰੋਧ ਵਜੋਂ 10 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਮੂਹਰੇ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀ ਆਪਣੇ 2 ਮਸ਼ਹੂਰ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਦੀ ਰਿਹਾਈ ਦੀ ਮੰਗ ਕਰ ਰਹੇ ਸਨ ਜਿਹਨਾਂ ਨੂੰ ਪੁਲਿਸ ਗ੍ਰਿਫਤਾਰ ਕਰਕੇ ਕਿਸੇ ਗੁੱਪਤ ਜਗ੍ਹਾ ਤੇ ਲੈ ਗਈ ਸੀ। ਬ੍ਰਿਟਿਸ਼ ਫੌਜ ਨੇ ਪ੍ਰਦਰਸ਼ਨਕਾਰੀਆਂ ਤੇ ਗੋਲੀ ਚਲਾ ਦਿੱਤੀ ਜਿਸ ਕਾਰਨ ਕਈ ਪ੍ਰਦਰਸ਼ਨਕਾਰੀ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ ਦੇਸ਼ਵਾਸੀਆਂ ਵਿੱਚ ਅੰਗਰੇਜ਼ਾ ਖਿਲਾਫ ਰੋਸ ਵੱਧ ਗਿਆ ਅਤੇ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਦਫ਼ਤਰਾਂ ਅਤੇ ਰੇਲਵੇ ਸਟੇਸ਼ਨਾਂ ਤੇ ਹਮਲਾ ਕਰਕੇ ਭੰਨਤੋੜ ਸ਼ੁਰੂ ਕਰ ਦਿੱਤੀ ਅਤੇ ਅਗਜਨੀ ਕਰਨ ਲੱਗ ਪਏ। ਇਸ ਦੌਰਾਨ 5 ਯੂਰਪੀ ਨਾਗਰਿਕਾਂ ਸਮੇਤ ਕਈ ਸਰਕਾਰੀ ਅਧਿਕਾਰੀ ਸਰਕਾਰੀ ਅਤੇ ਆਮ ਨਾਗਰਿਕ ਮਾਰੇ ਗਏ। ਇਸ ਦਿਨ ਫੌਜ਼ ਨਾਲ ਪ੍ਰਦਰਸ਼ਨਕਾਰੀਆਂ ਦੀਆਂ ਕਈ ਝੜਪਾਂ ਹੋਈਆਂ ਜਿਸ ਵਿੱਚ 8 ਤੋਂ 20 ਪ੍ਰਦਰਸ਼ਨਕਾਰੀ ਮਾਰੇ ਗਏ। ਇਸਤੋਂ ਬਾਅਦ 11 ਅਪ੍ਰੈਲ, 1919 ਨੂੰ ਮਿਸ ਮਾਰਸੇਲਾ ਸ਼ੇਰਵੁੱਡ ਜੋ ਕਿ ਇੱਕ ਅੰਗਰੇਜ਼ ਮਿਸ਼ਨਰੀ ਸੀ ਅਤੇ ਸਕੂਲ ਚਲਾ ਰਹੀ ਸੀ ਨੇ ਸਕੂਲ ਬੰਦ ਕਰ ਦਿੱਤਾ ਅਤੇ ਲੱਗਭੱਗ 600 ਭਾਰਤੀ ਵਿਦਿਆਰਥੀਆਂ ਨੂੰ ਵਾਪਿਸ ਘਰ ਭੇਜ ਦਿੱਤਾ ਸੀ। ਇਸਦੇ ਰੋਸ ਵਜੋਂ ਭੜਕੀ ਭੀੜ ਨੇ ਕੂਚਾ ਕੂਰੀਚਨ ਤੰਗ ਗਲੀ ਵਿੱਚ ਉਸਨੂੰ ਵਾਲਾਂ ਤੋਂ ਫੜ ਕੇ ਘਸੀਟਿਆ ਅਤੇ ਕੁੱਟਿਆ ਜਿਸਨੂੰ ਕੁੱਝ ਵਿਦਿਆਰਥੀਆਂ ਦੇ ਮਾਪਿਆਂ ਨੇ ਭੀੜ ਹੱਥੋਂ ਬਚਾਇਆ। ਇਸਤੋਂ ਬਾਅਦ ਜਨਰਲ ਡਾਇਰ ਨੇ ਉਸੇ ਗਲੀ ਵਿੱਚ ਭਾਰਤੀਆਂ ਨੂੰ ਗੋਡਿਆਂ ਅਤੇ ਹੱਥਾਂ ਭਾਰ ਰੇਂਗ ਕੇ ਚੱਲਣ ਲਈ ਮਜ਼ਬੂਰ ਕੀਤਾ ਸੀ। ਇਸਤੋਂ ਅਗਲੇ ਦੋ ਦਿਨਾਂ ਤੱਕ ਪੰਜਾਬ ਵਿੱਚ ਹਿੰਸਾ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ। ਪੰਜਾਬ ਵਿੱਚ ਰੇਲ ਦੀਆਂ ਪਟੜੀਆਂ ਨੂੰ ਉਖਾੜ ਦਿੱਤਾ ਗਿਆ, ਟੈਲੀਫੋਨ ਸੇਵਾ ਠੱਪ ਕਰ ਦਿੱਤੀ ਗਈ ਅਤੇ ਸਰਕਾਰੀ ਭਵਨਾਂ ਨੂੰ ਅੱਗਾਂ ਲਗਾਈਆਂ ਗਈਆਂ ਅਤੇ ਤਿੰਨ ਯੂਰਪੀ ਲੋਕਾਂ ਦਾ ਕਤਲ ਕਰ ਦਿੱਤਾ ਗਿਆ। ਇਸਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਮਾਰਸ਼ਲ ਲਾਅ ਲਗਾ ਦਿੱਤਾ। ਇਸ ਲਾਅ ਅਨੁਸਾਰ ਕਿਤੇ ਵੀ ਚਾਰ ਤੋਂ ਵੱਧ ਭਾਰਤੀ ਇੱਕੋ ਜਗ੍ਹਾ ਇਕੱਠੇ ਨਹੀਂ ਹੋ ਸਕਦੇ ਸਨ। ਇਸਤੋਂ ਬਾਅਦ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਹਰਮਿੰਦਰ ਸਾਹਿਬ ਨੇੜੇ ਜ਼ਲਿਆਵਾਲਾ ਬਾਗ ਵਿੱਚ ਲੋਕਾਂ ਦਾ ਭਾਰੀ ਇਕੱਠ ਸ਼ਾਂਤੀਪੂਰਵਕ ਸਭਾ ਕਰ ਰਿਹਾ ਸੀ। ਇਹ ਜਲਸਾ ਸ਼ਾਮ ਦੇ 4 ਵੱਜ ਕੇ 30 ਮਿੰਟ ਤੇ ਸ਼ੁਰੂ ਹੋਇਆ ਸੀ। ਇਸ ਵਿੱਚ ਵੱਖ ਵੱਖ ਪਿੰਡਾਂ ਦੇ ਲੋਕ ਸ਼ਾਮਿਲ ਸਨ। ਸ਼ਾਮ ਦੇ 5 ਵੱਜ ਕੇ 30 ਮਿੰਟ ਤੇ ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਦੀ ਕਮਾਂਡ ਵਿੱਚ




ਬ੍ਰਿਟਿਸ਼ ਇੰਡੀਅਨ ਆਰਮੀ ਦਾ ਦਸਤਾ ਜਿਸ ਵਿੱਚ 65 ਫੌਜੀ ਗੋਰਖਾ ਅਤੇ 25 ਫੌਜੀ ਬਲੋਚ ਸਨ ਨੇ ਆ ਕੇ ਸ਼ਾਤੀਪੂਰਵਕ ਚੱਲ ਰਹੇ ਜਲਸੇ ਨੂੰ ਘੇਰਾ ਪਾ ਲਿਆ। ਇਹ ਫੌਜੀ 303 ਲੀ ਇਨਫੀਲਡ ਬੋਲਟ ਐਕਸ਼ਨ ਰਾਈਫਲਾਂ ਨਾਲ ਲੈਸ ਸਨ। ਇਸ ਮੌਕੇ ਜਨਰਲ ਡਾਇਰ ਆਪਣੇ ਨਾਲ ਦੋ ਗੱਡੀਆਂ ਵਿੱਚ ਮਸ਼ੀਨਗੰਨਾਂ ਵੀ ਲੈ ਕੇ ਆਇਆ ਸੀ। ਜਨਰਲ ਡਾਇਰ ਨੇ ਬਾਹਰ ਜਾਣ ਦੇ ਰਸਤੇ ਨੂੰ ਬੰਦ ਕਰ ਦਿੱਤਾ ਅਤੇ ਉਥੇ ਮਸ਼ੀਨਗੰਨਾਂ ਬੀੜ ਦਿੱਤੀਆਂ। ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਹੀ ਜਲਸੇ ਉਤੇ ਫਾਈਰਿੰਗ ਦਾ ਹੁਕਮ ਦੇ ਦਿੱਤਾ। ਫੌਜ ਨੇ 10 ਮਿੰਟ ਤੱਕ ਗੋਲਾਬਾਰੀ ਕੀਤੀ ਜਿਸ ਨਾਲ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋ ਗਏ। ਇਹ ਬਾਗ ਦੋ ਸੋ ਗਜ ਲੰਮਾ ਅਤੇ ਇੱਕ ਸੋ ਗਜ ਚੌੜਾ ਸੀ। ਉਸਦੇ ਚਾਰੇ ਪਾਸੇ ਦੀਵਾਰ ਸੀ ਅਤੇ ਦੀਵਾਰ ਦੇ ਨਾਲ ਹੀ ਘਰ ਸਨ। ਬਾਹਰ ਨਿਕਲਣ ਲਈ ਇੱਕ ਛੋਟਾ ਜਿਹਾ ਤੰਗ ਰਸਤਾ ਸੀ।ਕੁਝ ਲੋਕਾਂ ਨੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ ਪਰ ਆਪਣੀ ਜਾਨ ਨਾ ਬਚਾ ਸਕੇ। ਕੁਝ ਲੋਕਾਂ ਨੇ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਗੋਲੀਆਂ ਦੀ ਮਾਰ ਤੋਂ ਬਚ ਨਾ ਸਕੇ। ਇਹ ਗੋਲੀਬਾਰੀ ਉਦੋਂ ਹੀ ਖਤਮ ਹੋਈ ਜਦੋਂ ਫੌਜੀਆਂ ਦੀਆਂ ਗੋਲੀਆਂ ਖਤਮ ਹੋ ਗਈਆਂ। ਜਨਰਲ ਡਾਇਰ ਅਨੁਸਾਰ 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਖੂਹ ਵਿੱਚੋਂ 120 ਲਾਸ਼ਾਂ ਕੱਢੀਆਂ ਗਈਆਂ ਸੀ। ਇਸਤੋਂ ਬਾਅਦ ਮੁਕੰਮਲ ਕਰਫਿਊ ਲਗਾ ਦਿੱਤਾ ਗਿਆ। ਉਸ ਵੇਲੇ ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਵੀ ਵੱਖ ਵੱਖ ਦਰਸਾਈ ਗਈ। ਅੰਗਰੇਜ਼ ਸਰਕਾਰ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਮਾਰੇ ਗਏ ਸਨ ਅਤੇ ਲੱਗਭੱਗ 1100 ਵਿਅਕਤੀ ਜਖਮੀ ਹੋਏ ਸਨ, ਸਿਵਲ ਸਰਜਨ ਡਾਕਟਰ ਵਿਲੀਅਮਜ਼ ਡੀਮੈਡੀ ਅਨੁਸਾਰ ਇਸ ਗੋਲੀਕਾਂਡ ਵਿੱਚ 1526 ਵਿਅਕਤੀ ਸ਼ਹੀਦ ਹੋਏ ਹਨ, ਇੰਡੀਅਨ ਨੈਸ਼ਨਲ ਕਾਂਗਰਸ ਅਨੁਸਾਰ ਇਨ੍ਹਾਂ ਦੀ ਗਿਣਤੀ 1500 ਤੋਂ ਵੱਧ ਦੱਸੀ ਗਈ ਸੀ, ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਦਫਤਰ ਵਿੱਚ ਲਗਾਈ ਗਈ ਸੂਚੀ ਅਨੁਸਾਰ ਇਸ ਗੋਲੀਕਾਂਡ ਵਿੱਚ 484 ਵਿਅਕਤੀ ਸ਼ਹੀਦ ਹੋਏ ਸਨ ਜਦਕਿ ਜਲਿਆਂਵਾਲਾ ਬਾਗ ਵਿੱਚ ਸਿਰਫ 388 ਵਿਅਕਤੀਆਂ ਦੀ ਹੀ ਸੂਚੀ ਹੈ। ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਸਹੀਦ ਹੋਏ ਸਨ ਜਿਨ੍ਹਾਂ ਵਿੱਚ 337 ਪੁਰਸ਼, 41 ਨਾਬਾਲਿਗ ਲੜਕੇ ਅਤੇ 01 ਛੇ ਹਫਤੇ ਦਾ ਬੱਚਾ ਸ਼ਾਮਿਲ ਸੀ। ਉਨ੍ਹਾਂ ਅਨੁਸਾਰ ਇਸ ਗੋਲੀਕਾਂਡ ਵਿੱਚ 200 ਵਿਅਕਤੀ ਜਖਮੀ ਹੋਏ ਸਨ। ਉਸ ਵੇਲੇ ਦਰਬਾਰ ਸਾਹਿਬ ਤੇ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਦਰਬਾਰ ਸਾਹਿਬ ਦੇ ਮੁਖੀ ਅਰੂੜਾ ਸਿੰਘ ਨੇ 1919 ਵਿੱਚ ਜਨਰਲ ਡਾਇਰ ਨੂੰ ਸਿਰੋਪਾ ਦੇਕੇ ਸਨਮਾਨਿਤ ਕੀਤਾ ਸੀ। ਇਸ ਹੱਤਿਆਕਾਂਡ ਦੇ ਵਿਰੋਧ ਵਿੱਚ ਰਬਿੰਦਰਨਾਥ ਟੈਗੋਰ ਨੇ ਸਰ ਦੀ ਉਪਾਧੀ ਮੋੜ ਦਿੱਤੀ। ਜਲਿਆਂ ਵਾਲਾ ਬਾਗ ਸਰਦਾਰ ਹਿੰਮਤ ਸਿੰਘ ਦੇ ਪਰਿਵਾਰ ਦੀ ਸੰਪਤੀ ਸੀ ਜੋ ਕਿ ਪਿੰਡ ਜੱਲਾ ਤੋਂ ਉਹ ਇੱਥੇ ਆਏ ਸਨ ਜੋ ਕਿ ਹੁਣ ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਥਿਤ ਹੈ।

ਇਸ ਪਰਿਵਾਰ ਨੂੰ ਜੱਲੇਵਾਲੇ ਜਾਂ ਜੱਲੇ ਜਾਂ ਜੱਲਾ ਆਦਿ ਕਿਹਾ ਜਾਂਦਾ ਸੀ। 1920 ਵਿੱਚ ਇੰਡੀਅਨ ਨੈਸ਼ਨਲ ਕਾਂਗਸਰ ਪਾਰਟੀ ਵਲੋਂ ਮਤਾ ਪਾਕੇ ਇੱਕ ਟਰੱਸਟ ਬਣਾਇਆ ਗਿਆ ਅਤੇ 1923 ਵਿੱਚ ਇਸ ਟਰੱਸਟ ਨੇ ਇਹ ਜਮੀਨ ਖਰੀਦੀ। 01 ਅਗਸਤ 1920 ਨੂੰ ਇਸ ਸਥਾਨ ਨੂੰ ਇਸ ਪਰਿਵਾਰ ਕੋਲੋਂ 560472/- ਰੁਪਏ ਵਿੱਚ ਖਰੀਦਿਆ ਗਿਆ ਸੀ, ਪਰ ਮੌਜੂਦਾ ਲਾਟ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਹੀ ਬਣਾਈ ਗਈ ਸੀ। ਇਹ ਲਾਟ ਬਣਾਉਣ ਲਈ 925000/- ਰੁਪਏ ਦੀ ਲਾਗਤ ਆਈ ਸੀ। ਜਲਿਆ ਵਾਲਾ ਬਾਗ ਵਿੱਚ ਦੇਸ਼ ਦੀ ਅਜਾਦੀ ਤੋਂ ਕਈ ਸਾਲਾਂ ਬਾਦ 1961 ਵਿੱਚ ਜੋਤੀ ਦੇ ਅਕਾਰ ਦਾ 45 ਫੁੱਟ ਉੱਚਾ ਲਾਲ ਪੱਥਰਾਂ ਵਾਲਾ ਖੰਭਾ ਇਸ ਗੋਲੀਕਾਂਡ ਵਿੱਚ ਮਾਰੇਗਏ ਸ਼ਹੀਦਾਂ ਦੀ ਯਾਦ ਵਿੱਚ ਬਣਾਇਆ ਗਿਆ। ਇੱਥੇ ਇੱਕ ਅਮਰ ਜੋਤੀ ਵੀ ਬਣਾਈ ਗਈ ਹੈ ਜੋਕਿ ਹਮੇਸ਼ਾ ਜਲਦੀ ਰਹਿੰਦੀ ਹੈ।

ਬ੍ਰਿਟਿਸ਼ ਸਰਕਾਰ ਦੇ ਕਈ ਆਗੂਆਂ ਨੇ ਸਮੇਂ ਸਮੇਂ ਤੇ ਇਸ ਬਾਗ ਦਾ ਦੌਰਾ ਕੀਤਾ ਹੈ। ਇਸ ਦਰਦਨਾਕ ਘਟਨਾ ਤੋਂ ਕਈ ਸਾਲਾਂ ਬਾਦ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਇਸ ਇਤਿਹਾਸਕ ਬਾਗ ਵਿੱਚ ਆਏ ਸਨ ਅਤੇ ਉਨ੍ਹਾਂ ਨੇ 13 ਅਪ੍ਰੈਲ 1919 ਨੂੰ ਵਾਪਰੇ ਗੋਲੀਕਾਂਡ ਨੂੰ ਇੱਕ ਸ਼ਰਮਨਾਕ ਘਟਨਾ ਕਰਾਰ ਦਿਤਾ, ਬ੍ਰਿਟਿਸ਼ ਪ੍ਰਧਾਨ ਮੰਤਰੀ ਬਿਸਟਲ ਚਰਚਿਲ ਨੇ ਇਸ ਘਟਨਾ ਨੂੰ ਰਾਖਸ਼ਸ਼ੀ ਘਟਨਾ ਤੱਕ ਕਿਹਾ ਸੀ। 1997 ਵਿੱਚ ਮਹਾਰਾਣੀ ਐਲਿਜਾਵੈਥ ਦੂਜੀ ਅਤੇ ਉਸਦੇ ਪਤੀ ਅਤੇ ਡਿਊਕ ਆਫ ਐਡਿਨਵਰਗ ਪ੍ਰਿੰਸ ਫਿਲਿਪ ਲੇ ਵੀ ਇਸ ਥਾਂ ਦਾ ਦੌਰਾ ਕੀਤਾ। ਜਲਿਆਵਾਲਾ ਬਾਗ ਦੇ ਖੂਨੀ ਕਾਂਡ ਦਾ ਬਦਲਾ ਇੱਕ ਅਣਖੀਲੇ ਪੰਜਾਬੀ ਸੂਰਮੇ ਸ਼ਹੀਦ ਊਧਮ ਸਿੰਘ ਜੋਕਿ ਖੁਦ ਇਸ ਗੋਲੀਕਾਂਡ ਮੌਕੇ ਬਾਗ ਵਿੱਚ ਸੀ ਅਤੇ ਜਖ਼ਮੀ ਹੋਇਆ ਸੀ ਨੇ ਲਿਆ ਸੀ। ਮਾਈਕਲ ਓਡਵਾਇਰ ਜੋ ਕਿ ਜਲਿਆਵਾਲਾ ਬਾਗ ਦੇ ਖੂਨੀ ਕਾਂਡ ਸਮੇਂ ਪੰਜਾਬ ਦਾ ਗਵਰਨਰ ਸੀ ਅਤੇ ਜਨਰਲ ਡਾਇਰ ਨੂੰ ਕਤਲੇਆਮ ਕਰਨ ਦੀ ਇਜ਼ਾਜ਼ਤ ਦਿੱਤੀ ਸੀ ਨੂੰ ਊਧਮ ਸਿੰਘ ਨੇ 13 ਮਾਰਚ 1940 ਨੂੰ ਇੱਕ ਸਭਾ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਅਤੇ 31 ਜੁਲਾਈ 1940 ਨੂੰ ਅੰਗਰੇਜ਼ ਸਰਕਾਰ ਨੇ ਊਧਮ ਸਿੰਘ ਨੂੰ ਫਾਂਸੀ ਦੇ ਤਖਤੇ ਦੇ ਲਟਕਾ ਕੇ ਸ਼ਹੀਦ ਕਰ ਦਿੱਤਾ। ਇਸ ਸਥਾਨ ਦਾ ਡਿਜਾਇਨ ਅਮਰੀਕਾ ਦੇ ਪ੍ਰਸਿੱਧ ਆਰਕੀਟੈਕਟ ਬੈਂਜਾਮੀਨ ਪੋਲਕ ਨੇ ਤਿਆਰ ਕੀਤਾ ਅਤੇ 13 ਅਪ੍ਰੈਲ 1961 ਨੂੰ ਭਾਰਤ ਦੇ ਰਾਸ਼ਟਰਪਤੀ ਡਾਕਟਰ ਰਾਜਿੰਦਰਾ ਪ੍ਰਸਾਦ ਨੇ ਇਸਦਾ ਉ-ਦਘਾਟਨ ਕੀਤਾ ਸੀ।

ਕਿੰਨੇ ਦੁੱਖ ਦੀ ਗੱਲ ਹੈ ਕਿ 13 ਅਪ੍ਰੈਲ 1919 ਨੂੰ ਜ਼ਲਿਆਵਾਲਾ ਬਾਗ ਵਿੱਚ ਸ਼ਹੀਦ ਹੋਣ ਵਾਲੇ ਲੋਕ 97 ਸਾਲਾਂ ਬਾਦ ਵੀ ਇੱਕ ਬੁਝਾਰਤ ਹੀ ਬਣੇ ਹੋਏ ਹਨ ਅਤੇ ਸ਼ਹੀਦ ਹੋਏ ਦੇਸਵਾਸੀਆਂ ਦੀ ਅਸਲੀਅਤ ਅਜੇ ਤੱਕ ਲੋਕਾਂ ਸਾਹਮਣੇ ਨਹੀਂ ਆ ਰਹੀ ਹੈ।

ਇਨ੍ਹਾਂ ਸ਼ਹੀਦਾਂ ਨੂੰ ਸਨਮਾਨ ਦੇਣਾ ਤਾਂ ਦੂਰ ਉਨ੍ਹਾਂ ਦੀ ਪੂਰੀ ਗਿਣਤੀ ਦੀ ਸੂਚੀ ਵੀ ਨਹੀਂ ਹੈ। ਰੋਜਾਨਾ ਹਜਾਰਾਂ ਲੋਕ ਇਸ ਥਾਂ ਤੇ ਆਕੇ ਆਪਣੀ ਸ਼ਰਧਾਂਜ਼ਲੀ ਤਾਂ ਭੇਟ ਕਰਦੇ ਹਨ ਪਰ ਉਹਨਾਂ ਨੂੰ ਇਹ ਨਹੀਂ ਪਤਾ ਚੱਲਦਾ ਕਿ ਉਹ ਆਪਣੀ ਸ਼ਰਧਾਂਜ਼ਲੀ ਕਿਸਨੂੰ ਦੇਣ ਕਿਉਂਕਿ ਆਪਣੀ ਜਾਨ ਦੇਣ ਵਾਲੇ ਲੋਕਾਂ ਦੀ ਵਿਸਥਾਰ ਵਿੱਚ ਕੋਈ ਵੀ ਜਾਣਕਾਰੀ ਨਹੀਂ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਸ਼ਹੀਦ ਹੋਣ ਵਾਲੇ ਦੇਸ਼ ਭਗਤਾਂ ਨੂੰ ਅਗਿਆਤ ਨਾ ਰਹਿਣ ਦੇਵੇ ਸਗੋਂ ਉਹਨਾਂ ਦੇ ਨਾਮ ਅਤੇ ਤਸਵੀਰਾਂ ਸਨਮਾਨ ਸਹਿਤ ਇਸ ਥਾ ਤੇ ਲਗਾਈਆਂ ਜਾਣ ਤਾਂ ਜੋ ਆਮ ਜਨਤਾ ਨੂੰ ਪਤਾ ਲੱਗ ਸਕੇ ਕਿ ਕਿਹਨਾਂ ਲੋਕਾਂ ਨੇ ਦੇਸ਼ ਦੀ ਖਾਤਰ ਆਪਣੀ ਜਾਨ ਗਵਾਈ ਸੀ। ਸਰਕਾਰ ਨੂੰ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਮਰਨ ਵਾਲੇ ਲੋਕਾਂ ਨੂੰ ਸ਼ਹੀਦ ਦਾ ਦਰਜਾ ਦੇ ਕੇ ਬਣਦਾ ਸਨਮਾਨ ਦੇਣਾ ਚਾਹੀਦਾ ਹੈ ਅਤੇ ਮੁਕੰਮਲ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਲਈ ਪੁੱਖਤਾ ਪ੍ਰਬੰਧ ਕਰਨੇ ਚਾਹੀਦੇ ਹਨ ਨਹੀਂ ਤਾਂ ਸਾਡੀ ਆਣ ਵਾਲੀ ਪੀੜੀ ਦੇਸ਼ ਦੇ ਇਸ ਗੌਰਵਮਈ ਇਤਿਹਾਸ ਤੋਂ ਬਾਂਝੀ ਰਹਿ ਜਾਵੇਗੀ।

# ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀਆਂ ਯਾਦਾਂ ਸਰੋਤਿਆਂ ਵਿੱਚ



ਤੇਜੀ ਢਿੱਲੋ
99156-45003

ਕਲੀਆ ਦੇ ਬਾਦਸਾਹ ਕੁਲਦੀਪ ਮਾਣਕ ਦਾ ਨਾਮ ਬਚਪਨ ਵਿੱਚ ਮਾਪਿਆ ਵੱਲੋ ਲਤੀਫ ਮੁਹੰਮਦ ਰੱਖਿਆ ਸੀ, ਉਹਨਾਂ ਦਾ 15 ਨਵੰਬਰ1949 ਨੂੰ ਪਿਤਾ ਨਿੱਕਾ ਖਾਨ ਦੇ ਘਰ ਪਿੰਡ ਜਲਾਲ ਨੇੜੇ ਭਾਈ ਰੂਪਾ ਜਿਲਾ ਬਠਿੰਡਾ ਵਿੱਚ ਹੋਇਆ ਸੀ, ਜਿੱਥੇ ਉਸਨੂੰ ਸੰਗੀਤ ਵਿਰਾਸਤ ਵਿੱਚ ਮਿਲਿਆ। ਉਸ ਦੇ ਵੱਡੇ-ਵਡੇਰੇ ਮਹਾਰਾਜਾ ਨਾਭਾ ਹੀਰਾ ਸਿੰਘ ਦੇ ਦਰਬਾਰ ਵਿੱਚ 'ਹਜ਼ੂਰੀ ਰਾਗੀ' ਸਨ। ਪਿਤਾ ਨਿੱਕਾ ਖਾਨ ਵੀ ਗਾਇਕ ਸਨ, ਇਸ ਲਈ ਗਾਇਕੀ ਵੱਲ ਮਾਣਕ ਦਾ ਝੁਕਾਅ ਬਚਪਨ ਤੋਂ ਹੀ ਸੀ।ਮਾਣਕ ਦਾ ਵਿਆਹ ਸਰਬਜੀਤ ਕੌਰ ਨਾਲ ਹੋਇਆ ਅਤੇ ਉਹਨਾ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟਾ ਯੁੱਧਵੀਰ ਮਾਣਕ ਅਤੇ ਬੇਟੀ ਸ਼ਕਤੀ ਮਾਣਕ। ਯੁੱਧਵੀਰ ਵੀ ਗਾਇਕ ਹੈ। ਗਾਇਕੀ ਵੱਲ ਮਾਣਕ ਦਾ ਝੁਕਾਅ ਦੇਖ ਅਧਿਆਪਕਾਂ ਨੇ ਵੀ ਉਸ ਨੂੰ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਮਾਣਕ ਨੇ 'ਉਸਤਾਦ ਖ਼ੁਸ਼ੀ ਮੁਹੰਮਦ ਕੱਵਾਲ (ਫ਼ਿਰੋਜ਼ਪੁਰ) ਦਾ ਸ਼ਾਗਿਰਦ ਬਣ ਕੇ ਸੰਗੀਤ ਦੀ ਤਾਲੀਮ ਹਾਸਲ ਕੀਤੀ, ਆਪਣੇ ਸੰਗੀਤਕ ਸਫ਼ਰ ਨੂੰ ਅੱਗੇ ਵਧਾਉਣ ਲਈ ਕੁਲਦੀਪ ਮਾਣਕ ਜੀ ਪਿੰਡ ਛੱਡ ਲੁਧਿਆਣੇ ਆ ਗਏ 'ਤੇ ਗਾਇਕ ਹਰਚਰਨ ਗਰੇਵਾਲ ਅਤੇ ਸੀਮਾ ਨਾ਼ਲ ਸਟੇਜਾਂ ਕਰਨੀਆਂ ਸ਼ੁਰੂ ਕੀਤੀਆਂ। 1968 ਵਿੱਚ ਦਿੱਲੀ ਵਿੱਚ ਇੱਕ ਮਿਊਜ਼ਿਕ ਕੰਪਨੀ ਐਚ. ਐਮ. ਵੀ. ਨੇ ਉਸਨੂੰ ਗਾਇਕਾ ਸੀਮਾ ਨਾ਼ਲ ਬਾਬੂ ਸਿੰਘ ਮਾਨ ਮਰਾੜਾਂ ਵਾ਼ਲੇ ਦਾ ਲਿਖਿਆ ਆਪਣਾ ਪਹਿਲਾ ਗੀਤ, "ਜੀਜਾ ਅੱਖੀਆਂ ਨਾ ਮਾਰ ਵੇ ਮੈਂ ਕੱਲ੍ਹ ਦੀ ਕੁੜੀ" ਰਿਕਾਰਡ ਕੀਤਾ, ਉਸ ਵੇਲੇ ਦੋਗਾਣਾ ਗਾਇਕੀ ਦਾ ਜ਼ਿਆਦਾ ਜੋਰ ਚਲ ਰਿਹਾ ਸੀ। ਇਹ ਮਾਣਕ ਦਾ ਪਹਿਲਾ ਰਿਕਾਰਡ ਸੀ। ਇਸ ਰਿਕਾਰਡ ਵਿੱਚ ਇੱਕ ਹੋਰ ਗੀਤ "ਲੌਂਗ ਕਰਾ ਮਿੱਤਰਾ, ਮੱਛਲੀ ਪਾਉਣਗੇ ਮਾਪੇ" ਜੋ ਗੀਤਕਾਰ ਗੁਰਦੇਵ ਸਿੰਘ ਮਾਨ ਨੇ ਲਿਖਿਆ ਸੀ, ਵੀ ਸ਼ਾਮਲ ਸੀ। ਲੋਕਾਂ ਵੱਲੋਂ ਇਸ ਰਿਕਾਰਡ ਨੂੰ ਬਹੁਤ ਪਸੰਦ ਕੀਤਾ ਗਿਆ। ਉਹਨਾਂ ਦੇ ਸ਼ੁਰੂਆਤੀ ਗੀਤਾਂ ਦਾ ਸੰਗੀਤ ਕੇਸਰ ਸਿੰਘ ਨਰੂਲਾ (ਜਸਪਿੰਦਰ ਨਰੂਲਾ ਦੇ ਪਿਤਾ) ਨੇ ਕੀਤਾ ਸੀ।ਆਪਣੀ ਪਹਿਲੀ ਰਿਕਾਰਡਿੰਗ (ਸੀਮਾ ਨਾ਼ਲ ਦੋਗਾਣਾ) ਤੋਂ ਬਾਅਦ ਮਾਣਕ ਨੇ ਇਕੱਲੇ ਸੋਲੋ ਗਾਉਣਾ ਸ਼ੁਰੂ ਕੀਤਾ। ਗੀਤਕਾਰ ਹਰਦੇਵ ਦਿਲਗੀਰ ਜਾਨਿ ਕਿ ਬਾਪੂ ਦੇਵ ਥਰੀਕੇ ਵਾਲਾ ਨੇ ਮਾਣਕ ਨੂੰ ਕਿਸੇ ਸਟੇਜ 'ਤੇ ਗਾਉਦਿਆਂ ਸੁਣਿਆਂ 'ਤੇ ਉਸ ਲਈ ਬਹੁਤ 'ਲੋਕ ਗਾਥਾਵਾਂ' 'ਕਲੀਆਂ' ਅਤੇ ਗੀਤ ਲਿਖੇ। ਮਾਣਕ ਨੂੰ 'ਕਲੀਆਂ ਦਾ ਬਾਦਸ਼ਾਹ' ਦਾ ਦਰਜਾ ਦਵਾਉਣ ਵਾ਼ਲੀ ਕਲੀ 'ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਆ ਹੀਰ ਦੀ' ਬਾਪੂ ਦੇਵ ਥਰੀਕੇ ਵਾ਼ਲੇ ਦੀ ਹੀ ਲਿਖੀ ਹੋਈ ਐ। ਮਾਣਕ ਦਾ ਪਹਿਲਾ ਈ.ਪੀ. ਰਿਕਾਰਡ 'ਪੰਜਾਬ ਦੀਆਂ ਲੋਕ ਗਾਥਾਵਾਂ' ਐਚ.ਐਮ.ਵੀ ਨੇ ਰਿਲੀਜ਼ ਕੀਤਾ ਸੀ, ਸੰਨ 1976 'ਚ ਮਾਣਕ ਦਾ ਆਪਣਾ ਪਹਿਲਾ ਐਲ. ਪੀ. ਰਿਕਾਰਡ 'ਇਕ ਤਾਰਾ' ਰਿਲੀਜ਼ ਹੋਇਆ, ਜਿਸ ਵਿੱਚ 'ਤੇਰੇ ਟਿੱਲੇ ਤੋਂ' (ਕਲੀ), 'ਛੇਤੀ ਕਰ ਸਰਵਣ ਬੱਚਾ' ਅਤੇ 'ਗੜ੍ਹ ਮੁਗ਼ਲਾਣੇ ਦੀਆਂ ਨਾਰਾਂ' ਗੀਤ



ਸ਼ਾਮਲ ਸਨ। ਇਸਦਾ ਸੰਗੀਤ ਕੇਸਰ ਸਿੰਘ ਨਰੂਲਾ ਨੇ ਦਿੱਤਾ। ਇਸ ਵਿੱਚ ਇੱਕੋ ਤਾਰ ਵਾ਼ਲੇ ਸਾਜ਼ 'ਤੂੰਬੀ' ਦੀ ਵਰਤੋਂ ਕਰਨ ਕਰਕੇ ਇਸ ਦਾ ਨਾਮ 'ਇਕ ਤਾਰਾ' ਰੱਖਿਆ ਗਿਆ। ਬਾਅਦ ਵਿੱਚ ਮਾਣਕ ਨੇ ਸੰਗੀਤਕਾਰ ਚਰਨਜੀਤ ਅਹੂਜਾ ਨਾ਼ਲ ਕੰਮ ਕਰਨਾ ਸ਼ੁਰੂ ਕੀਤਾ ਅਤੇ ਸਾਹਿਬਾਂ ਦਾ ਤਰਲਾ, ਸਾਹਿਬਾਂ ਬਣੀ ਭਰਾਵਾਂ ਦੀ, ਪੰਜੇਬਾਂ ਪਾ ਕੇ ਨੱਚਦੀ, ਇੱਛਰਾਂ ਧਾਹਾਂ ਮਾਰਦੀ, ਯਾਰਾਂ ਦੀ ਕੁੱਲੀ, ਦਿਲ ਮਿਲਿਆਂ ਦੇ ਮੇਲੇ ਤੇ ਜੁਗਨੀ ਯਾਰਾਂ ਦੀ ਕੈਸਿਟਾਂ ਰਿਕਾਰਡ ਕੀਤੀਆਂ।ਪੰਜਾਬੀ ਫ਼ਿਲਮਾਂ ਵਿਚ ਪੰਜਾਬੀ ਫ਼ਿਲਮਾਂ ਵਿੱਚ ਵੀ ਮਾਣਕ ਨੇ ਕਾਫ਼ੀ ਗੀਤ ਗਾਏ, ਜਿੰਨ੍ਹਾਂ ਵਿੱਚ ਬਲਵੀਰੋ ਭਾਬੀ, ਬਗ਼ਾਵਤ,ਵਿਹੜਾ ਲੰਬੜਾਂ ਦਾ, ਲੰਬੜਦਾਰਨੀ, ਸੈਦਾਂ ਜੋਗਨ,ਜੱਟ ਜੋਧੇ, ਸੱਸੀ ਪੁੰਨੂ ਤੇ ਗੀਤਾਂ ਦਾ ਵਣਜਾਰਾ ਆਦਿਕ ਫ਼ਿਲਮਾਂ ਸ਼ਾਮਲ ਨੇ। ਫ਼ਿਲਮ 'ਲੰਬੜਦਾਰਨੀ' ਦਾ ਗੀਤ 'ਯਾਰਾਂ ਦਾ ਟਰੱਕ ਬੱਲੀਏ' ਬੇਹੱਦ ਮਕਬੂਲ ਹੋਇਆ ਸੀ। ਕੁਲਦੀਪ ਮਾਣਕ ਦੇ ਨਾਂ ਨਾਲ 'ਮਾਣਕ' ਜੁੜਨਾ ਇੱਕ ਇੱਤਫਾਕ ਹੀ ਸੀ। ਮਾਣਕ ਨੇ ਕਿਸੇ ਵਿਆਹ 'ਤੇ 'ਸਿਹਰਾ' ਗਾਇਆ, ਇੱਤਫ਼ਾਕਨ ਉਸ ਵਿਆਹ ਵਿੱਚ ਉਸ ਵੇ਼ਲੇ ਦੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਵੀ ਆਏ ਹੋਏ ਸਨ। ਜਦ ਉਹਨਾਂ ਮਾਣਕ ਦਾ 'ਸਿਹਰਾ' ਸੁਣਿਆ ਤਾਂ ਕਹਿਣ ਲੱਗੇ, "ਇਹ ਮੁੰਡਾ ਤਾਂ ਮਾਣਕ ਐ, ਮਾਣਕ!" ਉਸ ਤੋਂ ਬਾਅਦ 'ਮਾਣਕ', ਉਸ ਦੇ ਨਾਂ ਨਾ਼ਲ ਹਮੇਸ਼ਾ ਲਈ ਜੁੜ ਗਿਆ।ਕੁਲਦੀਪ ਮਾਣਕ ਦੀਆਂ ਤਕਰੀਬਨ 198 ਕੂੰ ਕੈਸਿਟਾਂ ਰਿਕਾਰਡ ਹੋਈਆਂ, ਜਿੰਨ੍ਹਾਂ ਵਿੱਚ ਐਲ.ਪੀ. ਰਿਕਾਰਡ, ਈ.ਪੀ. ਰਿਕਾਰਡ ਅਤੇ 41 ਧਾਰਮਿਕ ਕੈਸਿਟਾਂ ਵੀ ਸ਼ਾਮਲ ਨੇ। ਮਾਣਕ ਸਾਹਿਬ ਨੇ ਤਕਰੀਬਨ 26 ਸੰਗੀਤਕਾਰਾਂ ਦੀਆਂ ਧੁਨਾਂ 'ਤੇ ਗਾਇਆ। ਗਾਇਕੀ 'ਚ ਉਹਨਾ ਦਾ ਸਾਥ ਦੇਣ ਵਾਲੇ ਗਾਇਕਾਂ 'ਚੋਂ ਕਰਤਾਰ ਰਮਲਾ, ਸੁਰਿੰਦਰ ਛਿੰਦਾ, ਸੁਰਿੰਦਰ ਕੋਹਲੀ, ਕੇਵਲ ਜਲਾਲ 'ਤੇ ਸੁਰਜੀਤ ਬਿੰਦਰੱਖੀਆ ਅਤੇ ਗਾਇਕਾਵਾਂ 'ਚੋਂ ਸੀਮਾ, ਗੁਲਸ਼ਨ ਕੋਮਲ, ਅਮਰਜੋਤ ਕੌਰ, ਸੁਰਿੰਦਰ ਕੌਰ, ਗੁਰਮੀਤ ਬਾਵਾ, ਕੁਲਵੰਤ ਕੋਮਲ, ਪ੍ਰਕਾਸ਼ ਕੌਰ ਸੋਢੀ, ਦਿਲਬਾਗ਼ ਕੌਰ ਤੇ ਪ੍ਰਕਾਸ਼ ਸਿੱਧੂ ਨੇ ਮਾਣਕ ਨਾਲ ਗਾਇਆ। ਪਹਿਲੀ ਵਾਰ ਵਿਦੇਸ਼ ਜਾਣ ਦਾ ਮੌਕਾ 1977-78 ਵਿੱਚ ਮਿਲਿਆ ਸੀ ਪਹਿਲੀ ਵਾਰ ਹੀ ਮਾਣਕ ਸਾਹਿਬ ਵਿਦੇਸ਼ਾਂ ਵਿੱਚ ਆਪਣੀ ਗਾਇਕੀ ਦਾ ਲੋਹਾ ਮਨਵਾ ਕੇ ਵਾਪਿਸ ਆਏ ਸੀ।

ਦੇਵ ਥਰੀਕੇ ਵਾਲਾ ਦੀ ਕਲਮ ਤੇ ਮਾਣਕ ਦੀ ਆਵਾਜ਼ ਨੇ ਪੰਜਾਬੀ ਸੰਗੀਤ ਦੀ ਦੁਨੀਆ 'ਤੇ ਜਿਹੜਾ ਰਾਜ ਕੀਤਾ, ਉਸ ਨੇ ਦੋਸਤੀ ਤੇ ਪ੍ਰਸਿੱਧੀ ਦੋਹਾਂ ਪੱਖਾਂ ਤੋਂ ਨਵਾਂ ਰਿਕਾਰਡ ਕਾਇਮ ਕੀਤਾ। ਗਾਇਕੀ ਸਫ਼ਰ ਦੌਰਾਨ ਮਾਣਕ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਦੋਗਾਣੇ ਵੀ ਗਾਏ। ਮਾਣਕ ਤੇ ਗੁਲਸ਼ਨ ਕੋਮਲ ਦੇ ਗੀਤਾਂ ਨੂੰ ਪੰਜਾਬੀਆਂ ਬੜੀ ਸ਼ਿੱਦਤ ਨਾਲ ਸਵੀਕਾਰਿਆ। ਕੁਲਦੀਪ ਮਾਣਕ ਦੀ ਪ੍ਰਸਿੱਧੀ ਦਾ ਆਲਮ ਇਹ ਸੀ ਕਿ ਉਨ੍ਹਾਂ ਦੇ ਜਿਊਂਦਿਆਂ ਜੀਅ ਕਲਾਕਾਰਾਂ ਨੇ ਉਨ੍ਹਾਂ ਬਾਰੇ ਗੀਤ ਗਾਏ। ਗੁਰਦਾਸ ਮਾਨ ਨੇ 'ਮੁੜ-ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ' ਵਿਚ 'ਮਾਣਕ ਹੱਦ ਮੁਕਾ ਗਿਆ ਨਵੀਆਂ ਕਲੀਆਂ ਦੀ ਕਿਹਾ। ਕੁਲਦੀਪ ਮਾਣਕ ਆਪਣੇ ਪਰਿਵਾਰ ਤੇ ਸੰਗੀਤ ਜਗਤ ਦੇ ਪ੍ਰੇਮੀਆਂ ਨੂੰ 30 ਨਵੰਬਰ 2011 ਨੂੰ ਬੇਸ਼ੱਕ ਸਦੀਵੀ ਵਿਛੋੜਾ ਦੇ ਗਏ ਪਰ ਲੋਕਾਂ ਦੇ ਦਿਲਾਂ ਵਿੱਚ ਅੱਜ ਵੀ ਮਾਣਕ ਸਾਹਿਬ ਦੇ ਗੀਤ ਜਿੰਦਾ ਹਨ ਤੇ ਰਹਿਣਗੇ।

# ਬੱਚਿਆਂ 'ਤੇ ਟੈਲੀਵੀਜ਼ਨ ਦਾ ਪ੍ਰਭਾਵ



ਮੇਜਰ ਸਿੰਘ ਨਾਭਾ
91-94635-53962

ਅੱਜ ਕੱਲ ਬੱਚਿਆਂ ਅੰਦਰ ਟੈਲੀਵੀਜ਼ਨ ਦੇਖਣ ਦਾ ਰੁਝਾਣ ਬਹੁਤ ਵੱਧ ਗਿਆ ਹੈ । ਨਵੇਂ ਨਵੇਂ ਕਾਲਪਨਿਕ, ਮਿਥਿਹਾਸਕ ਸੀਰੀਅਲਾਂ ਨੇ ਬੱਚਿਆਂ ਅੰਦਰ ਇਨ੍ਹਾਂ ਪ੍ਰੋ-ਗਰਾਮਾਂ ਨੂੰ ਲਗਾਤਾਰ ਦੇਖਣ ਲਈ ਏਨੀ ਜ਼ਿਆਦਾ ਉਤੇਜਨਾ ਭਰ ਦਿੱਤੀ ਹੈ ਕਿ ਉਹ ਕਈ ਵਾਰ ਖੇਡਾਂ ਖੇਡਣ, ਵਿਆਹ-ਪਾਰਟੀਆਂ ਆਦਿ ਦੇ ਪ੍ਰੋਗਰਾਮਾਂ ਨੂੰ ਵੀ ਅਣਗੌਲੇ ਕਰ ਦਿੰਦੇ ਹਨ । ਟੈਲੀਵੀਜ਼ਨ ਦੇ ਏਨੇ ਵਧ ਰਹੇ ਰੁਝਾਨ ਤੋਂ ਸਾਡੇ ਸਿੱਖਿਆ ਵਿਭਾਗ ਨੂੰ ਵੀ ਬੱਚਿਆਂ ਦੀਆਂ ਬਦਲ ਰਹੀਆਂ ਪ੍ਰਸਥਿਤੀਆਂ ਮੁਤਾਬਕ ਸਿੱਖਿਆ ਦੇਣ ਬਾਰੇ ਸੋਚਣਾ ਚਾਹੀਦਾ ਹੈ। ਬੱਚਿਆਂ ਲਈ ਉਸਾਰੂ ਪ੍ਰੋਗਰਾਮ ਟੈਲੀਵੀਜ਼ਨ ਦੇ ਜ਼ਰੀਏ ਦੇਣ ਦੀ ਕੋਸ਼ਿਸ਼ ਸਰਕਾਰ ਨੂੰ ਕਰਨੀ ਚਾਹੀਦੀ ਹੈ । ਸਰਕਾਰ ਪੈਸੇ ਦੀ ਖਾਤਰ ਪ੍ਰਾਈਵੇਟ ਲੋਕਾਂ ਦੇ ਘਟੀਆ, ਗੈਰ-ਮਿਆਰੀ ਅਸ਼ਲੀਲ, ਸੱਚਾਈ ਤੋਂ ਕੋਹਾਂ ਦੂਰ ਪ੍ਰੋਗਰਾਮ ਤਾਂ ਦੇ ਸਕਦੀ ਹੈ, ਪਰ ਦੇਸ਼ ਦੇ ਕੱਲ੍ਹ ਦੇ ਨੇਤਾ ਬਨਣ ਜਾ ਰਹੇ ਬੱਚਿਆਂ ਲਈ ਦੇਸ਼ ਭਗਤੀ, ਸਮਾਜ ਸੇਵਾ, ਕੁਰਬਾਨੀ ਦੀ ਭਾਵਨਾ , ਸੱਚਾਈ ਦੇ ਰਾਹ ਵਰਗੇ ਪ੍ਰੋਗਰਾਮਾਂ ਨੂੰ ਸਰਕਾਰ ਕਿੰਨਾ ਕੁ ਸਮਾਂ ਦਿੰਦੀ ਹੈ, ਇਹ ਸਭ ਦੇ ਸਾਹ-ਮਣੇ ਹੀ ਹੈ।

ਟੈਲੀਵੀਜ਼ਨ ਸਿੱਖਿਆ ਦੇਣ ਦਾ ਅਹਿਮ ਸਾਧਨ ਹੈ, ਅਗਰ ਇਸ ਦੀ ਯੋਗ ਵਰਤੋਂ ਕੀਤੀ ਜਾਵੇ । ਪਰ ਅੱਜ ਕੱਲ੍ਹ ਨਵੇਂ ਉਭਰ ਰਹੇ ਗਾਇਕਾਂ ਅਤੇ ਗੀਤਕਾਰਾਂ ਦੇ ਅਨੋਖੇ ਗੀਤ ਦੇ ਢੰਗਾਂ ਅਤੇ ਬੋਲਾਂ ਨੂੰ ਕਈ ਵਾਰ ਅੱਖਾਂ ਦੇਖਣ ਅਤੇ ਕੰਨ ਸੁਣਨ ਤੋਂ ਤੋਬਾ ਕਰ ਦਿੰਦੇ ਹਨ । ਉਨ੍ਹਾਂ ਦਾ ਵਿਸ਼ਾ ਜਵਾਨੀ ਪਹਿਰੇ ਤੀਕ ਹੀ ਸੀਮਤ ਹੁੰਦਾ ਹੈ ।

ਟੈਲੀਵੀਜ਼ਨ ਦੇ ਪ੍ਰੋਗਰਾਮ ਨਿਰਮਾਤਾ ਨੇ ਕਦੀ ਇਹ ਵੀ ਸੋਚਿਆ ਕਿ ਇਹ ਪ੍ਰੋਗਰਾਮ ਜਿਆਦਾ ਬੱਚੇ ਹੀ ਦੇਖਦੇ ਹਨ, ਪਰ ਨਾਲ ਬੁੱਢੇ ਵੀ ਬੈਠੇ ਹੁੰਦੇ ਹਨ। ਇਨ੍ਹਾਂ ਦਾ ਜ਼ਿਆਦਾ ਪ੍ਰਭਾਵ ਕੋਮਲ ਬੱਚਿਆਂ ਉਪਰ ਜਲਦੀ ਪੈਣਾ ਕੁਦਰਤੀ ਹੈ। ਬੱਚਿਆਂ ਲਈ ਹਰੇਕ ਪ੍ਰੋਗਰਾਮ ਵਿਚ ਯੋਗ ਥਾਂ ਮਿਲਣੀ ਚਾਹੀਦੀ ਹੈ। ਕਮਲਜੀਤ ਨੀਲੋਂ ਹੀ ਸ਼ਾਇਦ ਅਜੋਕੇ ਦੌਰ ਦਾ ਪਹਿਲਾ ਤੇ ਇਕੋ ਇਕ ਗਾਇਕ ਨਿਖਰ ਕੇ ਸਾਡੇ ਸਾਹਮਣੇ ਆਇਆ ਹੈ ਜਿਸ ਨੇ ਬੱਚਿਆਂ ਦੀਆਂ ਰੁਚੀਆਂ ਨੂੰ ਸਮਝਦੇ ਹੋਏ ਏਸ ਵਿਸ਼ੇ ਵੱਲ ਵਿਸ਼ੇਸ਼ ਕਦਮ ਚੁੱਕ ਕੇ, ਪੈਸੇ ਵਾਲੀ ਗਾਇਕੀ ਨੂੰ ਲਿਤਾੜ ਕੇ, ਨਵੀਆਂ ਤਰਜ਼ਾਂ ਵਿਚ ਕਿੰਨੇ ਹੀ ਗੀਤ ਸਾਡੇ ਬੱਚਿਆਂ ਦੀ ਝੋਲੀ ਵਿਚ ਪਾਏ ਹਨ। ਇਨ੍ਹਾਂ ਗੀਤਾਂ ਰਾਹੀਂ ਬੱਚਿਆਂ ਨੂੰ ਭੈਣ ਭਰਾ ਦਾ ਪਿਆਰ, ਮਾਂ ਬਾਪ ਦਾ ਲਾਡ, ਅਧਿਆਪਕ ਨਾਲ ਰਿਸ਼ਤਾ, ਦੇਸ਼ ਪ੍ਰਤੀ ਜ਼ਿੰਮੇਵਾਰੀਆਂ, ਸਮਾਜ ਵਿਚ ਵਿਚਰਣ ਆਦਿ ਬਾਰੇ ਸੌਖਿਆ ਪ੍ਰਭਾਵਿਤ ਕੀਤਾ ਜਾ ਸਕਦਾ ਹੈ।

ਕੇਬਲ ਟੀ.ਵੀ. ਨੇ ਬੱਚਿਆਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ । ਇਸ ਕਾਰਣ ਬੱਚੇ ਸਿਰਫ਼ ਪੜ੍ਹਾਈ ਪੱਖੋ ਹੀ ਨਹੀਂ ਸਗੋਂ ਖੇਡਾਂ ਪੱਖੋਂ ਵੀ ਪਛੜ ਰਹੇ ਹਨ।

ਕੇਬਲ ਟੀ.ਵੀ. 'ਤੇ ਏਨੇ ਜ਼ਿਆਦਾ ਪ੍ਰੋਗਰਾਮ 24 ਘੰਟੇ ਹੀ ਚਲਦੇ ਰਹਿੰਦੇ ਹਨ ਕਿ ਬੱਚੇ ਸਕੂਲ ਜਾਣ ਤੋਂ ਪਹਿਲਾਂ ਅਤੇ ਆਉਣ ਤੋਂ ਬਾਦ ਇਨ੍ਹਾਂ ਨੂੰ ਦੇਖਣ ਲਈ ਉਤਾਵਲੇ ਰਹਿੰਦੇ ਹਨ । ਇਸ ਲਈ ਦੇਸ਼ ਦੇ ਭਵਿੱਖ ਲਈ ਇਹ ਚੁਣੌਤੀ ਭਰਿਆ ਰੁਝਾਨ ਉਭਰ ਰਿਹਾ ਹੈ, ਸਰਕਾਰ ਨੂੰ ਇਸ ਰੁਝਾਨ ਨੂੰ ਬੱਚੇ ਨੂੰ ਸਿੱਖਿਆ ਦੇਣ ਦੇ ਢੰਗਾਂ ਵਿਚ ਤਬਦੀਲੀ ਕਰਕੇ ਉਨ੍ਹਾਂ ਦੇ ਪੱਧਰ ਦੇ ਪ੍ਰੋਗਰਾਮ ਦੇ ਕੇ ਠੱਲ੍ਹ ਪਾਉਣੀ ਚਾਹੀਦੀ ਹੈ । ਸਿੱਖਿਆ ਵਿਭਾਗ ਇਸ ਸਬੰਧ ਵਿਚ ਵਿਸ਼ੇਸ਼ ਰੋਲ ਅਦਾ ਕਰ ਸਕਦਾ ਹੈ ।

ਬੱਚੇ, ਆਮ ਤੌਰ 'ਤੇ ਦੇਖਿਆ ਜਾਂਦਾ ਹੈ, ਜਦੋਂ ਵੀ ਕਿਸੇ ਲੋਕਪ੍ਰਿਯ ਸੀਰੀਅਲ ਦਾ ਸਮਾਂ ਹੁੰਦਾ ਹੈ, ਭਾਵੇਂ ਕਿ ਇਹ ਉਨ੍ਹਾਂ ਦੇ ਪੱਧਰ ਦਾ ਨਾ ਵੀ ਹੋਵੇ, ਖੇਡਦੇ ਹੋਏ ਆਪਣੀ ਖੇਡ ਬੰਦ ਕਰਕੇ ਸੀਰੀਅਲ ਦੇਖਣ ਲਈ ਘਰਾਂ ਨੂੰ ਪਰਤ ਆਉਂਦੇ ਹਨ।

ਇਹ ਸੀਰੀਅਲ ਵਾਧੂ ਸਮਾਂ ਬਤੀਤ ਕਰਨ ਲਈ ਤਾਂ ਹਨ ਪਰ ਬੱਚਿਆਂ ਦਾ ਕੀਮਤੀ ਸਮਾਂ ਜੋ ਉਨ੍ਹਾਂ ਪੜ੍ਹਾਈ ਖੇਡਾਂ ਨੂੰ ਦੇਣਾ ਹੁੰਦਾ ਹੈ, ਇਹ ਪ੍ਰੋਗਰਾਮ ਉਨ੍ਹਾਂ ਤੋਂ ਜ਼ਬਰੀ ਖੋਹ ਲੈਂਦੇ ਹਨ, ਜੋ ਜ਼ਿੰਦਗੀ ਵਿਚ ਮੁੜ ਕਦੇ ਵਾਪਸ ਨਹੀਂ ਆ ਸਕਦਾ, ਬੱਚੇ ਦੇਸ਼ ਕੌਮ ਦਾ ਸਰਮਾਇਆ ਹਨ, ਸਰਕਾਰ ਦਾ ਉਚੇਚਾ ਫਰਜ਼ ਬਣਦਾ ਹੈ ਕਿ ਸਭ ਤੋਂ ਵੱਧ ਜ਼ੋਰ ਸਰਕਾਰ ਨੂੰ ਇਨ੍ਹਾਂ ਪੁੰਗਰ ਰਹੇ ਕੱਲ੍ਹ ਦੇ ਨੇਤਾਵਾਂ ਨੂੰ ਯੋਗ ਖੁਰਾਕ ਦੇਣ ਉਪਰ ਲਾਉਣਾ ਚਾਹੀਦਾ ਹੈ ਤਾਂ ਜੋ ਉਹ ਚੰਗੇ ਫਲ ਦੇ ਸਕਣ।

## ਮੂਰਖਮੱਤੀ ਦੀ ਨਿਸ਼ਾਨੀ



ਚਾਨਣ ਗਿਆਨ ਦਾ ਨਹੀਂ ਪਸੰਦ ਸਾਨੂੰ
ਬਣ ਹੋਏ ਹਾਂ ਗਾਹਕ ਹਨ੍ਹੇਰਿਆਂ ਦੇ।
ਚੰਗੇ ਦਿਨ ਦਿਖਾਈ ਨਾ ਦੇਣ ਕਿਧਰੇ
ਵਹਿਮ-ਭਰਮ ਤੇ 'ਕਿਸਮਤਾਂ' ਘੇਰਿਆਂ ਦੇ।
ਮੱਥੇ ਟੇਕ ਕੇ ਚੇਲਿਆਂ-ਚਪਟਿਆਂ ਨੂੰ
ਝਗੜੇ ਪਏ ਨੇ ਘਰੀਂ ਬਥ੍ਹੇਰਿਆਂ ਦੇ।
ਰੀਝਾਂ ਨਾਲ ਉਡੀਕਦੇ 'ਲਾਭ' ਰਹੀਏ
ਪਾਏ ਧਰਮ-ਅਸਥਾਨਾਂ ਨੂੰ ਫੇਰਿਆਂ ਦੇ।
ਮੰਜੇ ਛੱਡ ਕੇ ਆਉਣ ਦੀ ਰੀਤ ਪੈ ਗਈ
ਬਿਰਧ-ਆਸ਼ਰਮ ਬੁੱਢਿਆਂ-ਠੇਰਿਆਂ ਦੇ।
ਸੋਝੀ ਸਾਡੇ ਤੋਂ ਕੋਹਾਂ ਹੈ ਦੂਰ ਹਾਲੇ
ਦੱਸਣ ਡਹੇ ਨੇ 'ਬੋਰਡ' ਜਠੇਰਿਆਂ ਦੇ!

ਤਰਲੋਚਨ ਸਿੰਘ 'ਦੁਪਾਲਪੁਰ'
81958-51680

## ਵਿਸਾਖੀ ਦਾ ਜਸ਼ਨ

ਵਿਸਾਖੀ ਦਾ ਜਸ਼ਨ?
ਉਹ ਕੀ ਹੁੰਦਾ?
ਮੈਂ ਨਹੀਂ ਦੇਖਿਆ ਕਦੇ ਵੀ,
ਮੈਂ ਤਾਂ ਬਸ ਉਹ ਕਵਿਤਾ ਹੀ ਸੁਣੀ ਹੈ,
ਬਚਪਨ ਵਿੱਚ " ਮਾਰਦਾ ਦਮਾਮੇ",
ਪਰ ਦੇਖਿਆ ਨਹੀਂ ਦਮਾਮੇ ਮਾਰਦਾ,
ਹਾਂ ਉਸ ਕਵਿਤਾ ਦੀ ਇੱਕ ਗੱਲ ਜਰੂਰ ਸੁਣੀ ਹੈ,
ਉਹ ਵੀ ਅੱਧ ਹੀ "ਹਿਸਾਬ ਸ਼ਾਹਾਂ ਵਾਲੀ",
ਪਰ ਪੂਰਾ ਨਹੀਂ ਨਿਬੜਿਆ ਉਸਦਾ ਹਿਸਾਬ,
ਕਦੇ ਕਰਜੇ ਦੀ ਮਾਰ ਹੇਠ,
ਕਦੇ ਰੱਬ ਦੀ ਮਾਰ ਹੇਠ ,
ਕਦੇ ਨਿੱਜੀ ਜਿੰਮੇਵਾਰੀ ਕਰਕੇ,
ਪਰੇਸ਼ਾਨ ਹੀ ਦੇਖਿਆ ਮੈਂ ਕਿਸਾਨ,
ਪਰੇਸ਼ਾਨ ਨਾ ਹੁੰਦਾ ਤਾਂ ਕਿਉਂ ਲਾਉਂਦਾ ਧਰਨੇ,
ਪਰੇਸ਼ਾਨ ਨਾ ਹੁੰਦਾ ਤਾਂ ਕਿਉਂ ਰੋਕਦਾ ਰੇਲਾਂ,
ਰੱਬਾ ਕਰ ਉਹਦੀਆਂ ਪਰੇਸ਼ਾਨੀਆਂ ਨੂੰ ਹੱਲ,
ਝੱਲੇ ਵਾਲੇ ਰੱਬ ਦੇ ਵੱਸ ਦੀ ਨਹੀਂ ਗੱਲ,
ਉਹਨੂੰ ਤਾਂ ਹਾਲੇ ਆਪਣੇ ਰੱਬ ਬਣਨ ਤੋਂ ਵਿਹਲ ਨਹੀਂ,
ਤੂੰ ਹੀ ਕੁਝ ਕਰ ਮੇਰੇ ਅੰਨ ਦਾਤੇ ਲਈ ।

ਹਰਦੀਪ ਬਿਰਦੀ
91-90416-00900

## ਮਿੰਨੀ ਕਹਾਣੀ/ ਅਣਸੁਲਝੇ ਸਵਾਲ

ਰਾਜ ਦਾ ਮੋਟਰਸਾਇਕਲ ਚੋਰੀ ਹੋ ਗਿਆ। ਰਾਜ ਨੇ ਆਸ ਪਾਸ ਬਹੁਤ ਭਾਲ ਕੀਤੀ ਪਰ ਕਿਤੇ ਨਾ ਮਿਲਿਆ ਤਾਂ ਹਾਰਕੇ ਪੁਲਿਸ ਰਿਪੋਰਟ ਲਿਖਾਉਣ ਚਲਾ ਗਿਆ ਉਦੋਂ ਰਾਤ ਦੇ 10.30 ਦਾ ਸਮਾਂ ਸੀ । ਪੁਲਿਸ ਵਾਲਿਆਂ ਨੇ ਕਿਹਾ , "ਸਾਹਬ ਰਾਊਂਡ ਤੇ ਨੇ ਉਹਨਾਂ ਦੇ ਆਇਆਂ ਤੇ ਕੰਮ ਹੋਣਾ"। ਰਾਤ 12 ਵਜੇ ਜਦ ਸਾਹਬ ਆਏ ਤਾਂ ਸਾਦੇ ਕਾਗਜ਼ ਤੇ ਬੇਨਤੀ ਲੈਕੇ ਤੇ ਉਸਦਾ ਮੋਬਾਇਲ ਨੰਬਰ ਲਿਖਾਕੇ ਉਹਨਾਂ ਰਾਜ ਨੂੰ ਜਾਣ ਲਈ ਕਿਹਾ"। ਰਾਜ ਨੇ ਰਿਪੋਰਟ ਦੀ ਕਾਪੀ ਮੰਗੀ ਤਾਂ ਉਹਨਾਂ ਨੇ ਕਿਹਾ ਕਿ, "ਲਿਖੀ ਗਈ ਫਿਕਰ ਨਾ ਕਰ"। ਰਾਜ ਨੂੰ ਵੀ ਪਤਾ ਸੀ ਕਿ ਇਹ ਰਿਪੋਰਟ ਨਹੀਂ ਲਿਖੀ ਗਈ ਪਰ ਉਹ ਕੀ ਕਰਦਾ ਤੇ ਘਰ ਚਲਾ ਗਿਆ। ਤਿੰਨ ਚਾਰ ਲੰਘਣ ਤੇ ਜਦ ਮੋਟਰਸਾਇਕਲ ਨਹੀਂ ਮਿਲਿਆ ਤਾਂ ਯਾਰਾਂ ਦੋਸਤਾਂ ਦੇ ਕਹਿਣ ਤੇ ਕਿ ਰਿਪੋਰਟ ਲਿਖਾ ਰਾਜ ਫੇਰ ਚੌਕੀ ਚਲਾ ਗਿਆ। ਰਾਜ ਚੌਕੀ ਪੁੱਜਾ ਤਾਂ ਚੌਕੀ ਦੇ ਬਾਹਰ ਹੀ ਅਪਣਾ ਮੋਟਰ ਸਾਇਕਲ ਮਿੱਟੀ ਦੇਖਕੇ ਖੁਸ਼ ਤੇ ਹੈਰਾਨ ਹੋਇਆ। ਅੰਦਰ ਜਾਕੇ ਜਦ ਮੋਟਰਸਾਇਕਲ ਬਾਰੇ ਗੱਲ ਕੀਤੀ ਤਾਂ ਪੁਲਿਸ ਵਾਲਾ ਕੱਚਾ ਜਿਹਾ ਹੋਕੇ ਕਹਿਣ ਲੱਗਾ, "ਮਿਲ ਗਿਆ ਵਈ ਮਿਲ ਗਿਆ ਵਈ, ਬਹੁਤ ਔਖਾ ਮਿਲਿਆ, ਏਦਾਂ ਕਰ ਸ਼ਾਮ ਨੂੰ ਆ ਸੱਤ ਵਜੇ ਸਾਹਬ ਨੇ ਉਦੋਂ ਮਿਲਣਾ, ਆਵਦੇ ਰਿਹਾਇਸ਼ ਦੇ ਸਬੂਤ ਲਿਆਈਂ ਤੇ ਥੋੜਾ ਬਹੁਤ ਖਰਚਾ ਪਾਣੀ ਵੀ ਲਿਆਈਂ, ਬੜਾ ਤੇਲ ਲੱਗ ਗਿਆ ਸਾਡਾ, ਜੀਪ ਪਿੱਛੇ ਭਜਾਈ ਵੀਹ ਕਿਲੋਮੀਟਰ, ਤਾਂ ਕਿਤੇ ਜਾਕੇ ਫੜੇ ਬੰਦੇ, ਬੜਾ ਔਖਾ ਕੀਤਾ"। ਰਾਜ ਜਦ ਅੱਧੇ ਮਨ ਨਾਲ ਖੜਾ ਹੋਇਆ ਤੇ ਫੇਰ ਸ਼ਾਮ ਨੂੰ ਸੱਤ ਵਜੇ ਆਇਆ ਤਾਂ ਚਾਰ ਸੌ ਰੁਪੈ ਸਾਹਬ ਦੇ ਕਹਿਣ ਤੇ ਦੇ ਦਿੱਤੇ ਤਾਂ ਸਾਹਬ ਕਹਿਣ ਲੱਗਾ ਇਹ ਵੀ ਰੱਖ ਲਾ ਕੀ ਕਰਨੇ ਅਸੀਂ"। ਰਾਜ ਨੇ ਕਿਹਾ, "ਸਾਹਬ ਮੈਂ ਤਾਂ ਦਿਹਾੜੀ ਦਾਰ ਬੰਦਾ ਹਾਂ" ਤਾਂ ਸਾਹਿਬ ਕਹਿਣ ਲੱਗਾ ਕਿ, "ਅਸੀਂ ਕਿਹੜਾ ਖਾਨਦਾਨੀ ਅਮੀਰ ਆਂ ਤੇਰ ਵਰਗੇ ਆਂ, ਹਿੰਮਤ ਕਰ "। ਤੇ ਏਨਾ ਕਹਿ ਕਹਾ ਕਰਕੇ ਰਾਜ ਨੇ ਹਜ਼ਾਰ ਰੁਪੈ ਦਿੱਤੇ ਤੇ ਰਾਜ ਵਿਚਾਰਾ ਦੁਖੀ ਮਨ ਨਾਲ ਉਸਦੀ ਮੁੱਠੀ ਗਰਮ ਕਰਦਾ ਹੋਇਆ ਅਪਣੇ ਮੋਟਰਸਾਇਕਲ ਵੱਲ ਵਧਿਆ। ਦੇਖਿਆ ਕਿ ਮੋਟਰਸਾਇਕਲ ਦੀ ਬੈਟਰੀ ਕਢੀ ਹੋਈ ਸੀ ਤੇ ਟਾਇਰ ਪੈਂਚਰ ਸਨ । ਰਾਜ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਜੇ ਮੋਟਰਸਾਇਕਲ ਫੜ ਲਿਆ ਸੀ ਤਾਂ ਉਸਦੀ ਸੂਚਨਾ ਉਸਨੂੰ ਕਿਉਂ ਨਹੀਂ ਸੀ ਦਿੱਤੀ ਗਈ, ਚੋਰੀ ਵਾਲੇ ਦਿਨ ਉਸਦੀ ਰਿਪੋਰਟ ਕਿਉਂ ਨਹੀਂ ਸੀ ਲਿਖੀ ਗਈ, ਜੇ ਮੋਟਰਸਾਇਕਲ ਦਾ ਪਿੱਛਾ ਕੀਤਾ ਸੀ ਤਾਂ ਇਸਦੇ ਟਾਇਰ ਹੁਣ ਕਿਉਂ ਪੈਂਚਰ ਸਨ ਤੇ ਬੈਟਰੀ ਕਿੱਥੇ ਗਈ? ਤੇ ਮੈਂ ਪੈਸੇ ਉਸ ਕੰਮ ਲਈ ਕਿਉਂ ਦਿੱਤੇ ਜਿਸ ਦੀ ਤਨਖਾਹ ਉਹਨਾਂ ਨੂੰ ਸਰਕਾਰ ਦੇ ਰਹੀ ਹੈ।

ਹਰਦੀਪ ਬਿਰਦੀ (91-90416-00900)

## ਰੂਹਾਨੀ ਗ਼ਜ਼ਲ



- ਜੰਗ ਸਿੰਘ ਗਿਆਨੀ

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥
ਹਰਿ ਮੰਗਲੁ ਗਾਉ ਸਖੀ ਗ੍ਰਿਹ ਮੰਦਰੁ ਬਣਿਆ॥
ਅਕਾਲ ਤਖ਼ਤ ਤੋਂ ਗੁਰੂ ਗ੍ਰੰਥ ਜਦ, ਹਰਿਮੰਦਰ ਵਿਚ ਆਉਂਦੇ ਨੇ,
ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ਗੁਰਸਿੱਖ ਰਲ ਗਾਉਂਦੇ ਨੇ॥
ਜਦ ਫਿਰ ਸੰਖ ਨਿਗਾਰੇ ਵੱਜਣ, ਗੂੰਜ ਉਠੇ ਅਸਮਾਨ,
ਸ਼ਰਧਾ ਵਾਲੇ ਗੁਰਸਿੱਖ ਪਿਆਰੇ, ਫੁੱਲ ਪਏ ਬਰਸਾਉਂਦੇ ਨੇ॥
ਦਰਸ਼ਨ ਪਿਆਸੀਆਂ ਸੰਗਤਾਂ ਵੀ ਤਦ, ਉਮਡ ਉਮਡ ਕੇ ਆਵਣ,
"ਦੇਹੁ ਦਰਸ ਮਨਿ ਚਾਓ ਘਨੇਰਾ, ਰਾਗੀ ਸ਼ਬਦ ਸੁਣਾਉਂਦੇ ਨੇ॥"
ਅਨਭਵੀ ਨੇਤ੍ਰਾਂ ਵਾਲੇ ਗੁਰਮੁਖ, ਵੇਖ ਵੇਖ ਖੁਸ਼ ਹੋਵਣ,
ਅਰਸ਼ਾਂ ਤੋਂ ਜਦ ਦੇਵਤੇ ਵੀ, ਸ਼ਰਧਾ ਦੇ ਫੁੱਲ ਬਰਸਾਉਂਦੇ ਨੇ॥
ਸਭ ਸੰਗਤਿ ਹੈ ਮਾਨ ਸਰੋਵਰ, ਗੁਰਸਿੱਖ ਹੰਸ ਪਿਆਰੇ,
ਮਾਣਕ ਮੋਤੀ ਨਾਮ ਪ੍ਰਭੂ ਦਾ, ਖਾ ਕੇ ਭੁੱਖ ਮਿਟਾਉਂਦੇ ਨੇ॥
ਦਰਸ ਪਿਆਸੀਆਂ ਸੰਗਤਾਂ ਵੀ ਜਦ, ਉੱਚੀ ਕਰਨ ਪੁਕਾਰਾਂ,
ਮਿਹਰਵਾਨ ਸਤਿਗੁਰ ਪਿਆਰੇ, ਦਰਸ ਪਿਆਸ ਬੁਝਾਉਂਦੇ ਨੇ॥

## ਵਿਸਾਖ ਪਿਆ ਚੜ੍ਹਿਆ



ਦੇਖੋ ਵਿਸਾਖ ਪਿਆ ਚੜਿਆ, ਜਿਵੇਂ ਮੋਤੀਆਂ ਨਾਲ ਜੜਿਆ,
ਕਣਕਾਂ ਗਈਆਂ ਪੱਕ, ਹੁਣ ਵੱਢਣਗੇ ਜੱਟ,
ਮੇਰਾ ਕਿਸਾਨ ਖੁਸ਼ ਹੋਵੇਗਾ, ਸੁਨਿਹਰੇ ਭਵਿੱਖ ਨੂੰ ਸੰਜੋਵੇਗਾ,
ਗੱਭਰੂ ਮੁਟਿਆਰਾਂ ਰਲ ਮੇਲੇ ਜਾਣਗੇ, ਮੇਲੇ ਦੀਆਂ ਜਾ ਕੇ ਰੌਣਕਾਂ ਵਧਾਉਣਗੇ
ਇੱਕ ਪਾਸੇ ਮੱਲ ਜੋਰ ਵਿਖਾਉਣਗੇ, ਅਖਾੜਿਆਂ ਦੇ ਵਿੱਚ ਧੂੜਾਂ ਉਡਾਉਣਗੇ
ਨਿਰਾਲਾ ਮੇਰਾ ਖਾਲਸਾ ਵੀ ਹੋਊ ਦੇਖੋ ਖਾਸ, ਬਾਣਾ ਇਹਦਾ ਸੋਹਣਾ ਹੋਊ ਬੇਹਿਸਾਬ
ਹੋ ਕੇ ਸਵਾਰ ਜਦੋਂ ਘੋੜੇ ਦੁੜਾਊਗਾ, ਦੇਖੋ ਕਿਹੜਾ ਖਾਲਸੇ ਨੂੰ ਮੋੜੇ ਪਾਊਗਾ
ਕਵੀਸਰੀਏ ਵੀ ਸੋਹਣਾ ਸੁਰ ਤਾਲ ਮਿਲਾਉਣਗੇ, ਸਿੱਖ ਇਤਿਹਾਸ ਗਾ ਕੇ ਸੁਣਾਉਗੇ
ਜੇ ਮਾਨਣੀ ਪੰਜਾਬ ਦੀ ਜਵਾਨੀ ਵੀਰਿਓ, ਛੱਡੋ ਨਸ਼ੇ ਮਾਣੋ ਬਾਣੀ ਦੀ ਰਵਾਨੀ ਵੀਰਿਓ॥

- ਨਵਦੀਪ ਜਵੰਧਾ
gaganjhinjar@gmail.com

## ਆਪ ਪਾਰਟੀ ਦਾ ਹਊਆ

ਬੇਅੰਤ ਸਿੰਘ ਸਰਹੱਦੀ

ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਪਾਰਟੀ ਦਿਲੀ ਵਿਚ ਆਪਣੀ ਸਰਕਾਰ ਚਲਾ ਰਹੀ ਹੈ। ਕੇਜਰੀਵਾਲ ਅੰਨਾ ਹਜ਼ਾਰੇ ਦੀ ਟੀਮ ਵਿਚ ਸੀ। ਅੰਨਾ ਦੇਸ਼ ਵਿਚੋਂ ਕੁਰੱਪਸ਼ਨ ਖਤਮ ਕਰਨ ਲਈ ਲੜ ਰਿਹਾ ਹੈ ਪਰ ਉਹ ਸਿਆਸਤ ਦੀ ਲਗ - ਲਬੇੜ ਤੋਂ ਪਰੇ ਹੈ। ਕੇਜਰੀਵਾਲ ਹਜ਼ਾਰੇ ਨਾਲ ਰਲਕੇ ਪਰਸਿਧ ਹੋ ਗਿਆ ਤੇ ਅੰਨਾ ਹਜ਼ਾਰੇ ਦੀ ਮਰਜ਼ੀ ਦੇ ਵਿਰੁਧ ਉਹ ਸਿਆਸਤ ਵਿਚ ਆ ਗਿਆ। ਵਧੀਆ ਬੁਲਾਰਾ ਹੈ। ਜਦ ਉਹ ਬੋਲਦਾ ਹੈ ਤਾਂ ਇਉਂ ਜਾਪਦਾ ਹੈ ਕਿ ਉਹ ਸੱਚ ਬੋਲ ਰਿਹਾ ਹੈ। ਦਿਲੀ ਦੇ ਲੋਕਾਂ ਨੇ ਉਸਨੂੰ ਜਿਤਾਇਆ। ਉਸ ਆਪਣੀ ਪਾਰਟੀ ਦਾ ਨਾਂ 'ਆਮ ਆਦਮੀ ਦੀ ਪਾਰਟੀ' ਰਖਿਆ ਜੋ 'ਆਪ' ਦੇ ਛੋਟੇ ਨਾਂ ਨਾਲ ਮਸ਼ਹੂਰ ਹੋਈ। ਪਿਛਲੀਆਂ ਪਾਰਲੀਮੈਂਟ ਚੋਣਾਂ 'ਚ ਜਦ ਸਾਰੇ ਦੇਸ਼ 'ਚ ਮੋਦੀ-ਮੋਦੀ ਹੋ ਰਿਹਾ ਸੀ। ਦਿਲੀ ਵਿਧਾਨ ਸਭਾ ਦੀ ਚੋਣ ਵਿਚ ਮੋਦੀ ਲਹਿਰ ਨੂੰ ਪਛਾੜ ਕੇ ਕੇਜਰੀਵਾਲ ਫਿਰ ਜਿਤਿਆ ਤੇ 'ਆਪ' ਦੀ ਸਰਕਾਰ ਬਣੀ। ਇਥੋਂ ਕੇਜਰੀਵਾਲ ਨੇ ਆਮ ਲੋਕਾਂ ਦਾ ਭਰੋਸਾ ਜਿਤਿਆ। ਪੰਜਾਬ ਵਿਚੋਂ 'ਆਪ' ਦੇ ਚਾਰ ਐਮ.ਪੀ. ਕਾਮਯਾਬ ਹੋਏ।

ਆਪ ਪਾਰਟੀ ਸਾਡੀ ਜਾਚੇ ਅਜੇ ਪੂਰੀ ਤਰ੍ਹਾਂ ਸੰਗਠਤ ਨਹੀਂ ਹੋਈ। ਇਹ ਲੋਕਾਂ ਦੀ ਗੁਸਾ ਲਹਿਰ ਚੋਂ ਉਗਮੀ ਹੈ। ਪੰਜਾਬ ਦੀਆਂ 2017 ਦੀਆਂ ਅਸੰਬਲੀ ਚੋਣਾਂ ਵਿਚ ਵੀ ਉਹ ਝਾੜੂ ਫੇਰ ਜਿਤ ਦੇ ਦਮਗਜੇ ਮਾਰ ਰਿਹਾ ਹੈ। ਦਿਲੀ ਦਾ ਇਤਿਹਾਸ ਦੁਹਰਾਉਣ ਦੀਆਂ ਗਲਾਂ ਕਰ ਰਿਹਾ ਹੈ। ਪੰਜਾਬ ਵਿਚ ਇਕ ਫੇਰੀ ਉਹ ਪਹਿਲਾਂ ਲਗਾ ਗਿਆ ਹੈ। 15 ਮਾਰਚ ਨੂੰ ਦੂਰੀ ਫੇਰੀ ਸਮਾਗਮ ਦੀਆਂ ਸਰਗਰਮ ਖ਼ਬਰਾਂ ਹਨ। ਦੋਨੋਂ ਵੱਡੀਆਂ ਪਾਰਟੀਆਂ ਕਾਂਗਰਸ ਤੇ ਅਕਾਲੀ+ਭਾਜਪਾ ਗਠਜੋੜ ਦੇ ਅਤੇ ਹੋਰ ਨਾਮਵਰ ਲੋਕ 'ਆਪ' ਵਿਚ ਸ਼ਾਮਲ ਹੋ ਰਹੇ ਹਨ। ਸ. ਬਾਦਲ ਨੇ 'ਆਪ' ਨੂੰ ਭਗੌੜਿਆਂ ਦੀ ਪਾਰਟੀ ਕਿਹਾ ਹੈ। ਕਾਂਗਰਸ ਵਾਲੇ ਵੀ ਕੇਜਰੀਵਾਲ ਤੇ 'ਆਪ' ਵਿਰੁਧ ਧੂੰਆਂ ਧਾਰ ਪਰਚਾਰ ਕਰ ਰਹੇ ਹਨ। ਇਉਂ ਜਾਪਦਾ ਹੈ ਕਿ ਅੰਦਰੋਂ ਤਿੰਨੇ ਸਿਆਸੀ ਪਾਰਟੀਆਂ ਭੈ-ਭੀਤ ਹਨ।

ਭਾਵੇਂ ਅਕਾਲੀ ਭਾਜਪਾ ਵਾਲੇ 'ਆਪ' ਨੂੰ ਭਗੌੜਿਆਂ ਦੀ ਪਾਰਟੀ ਆਖ ਰਹੇ ਹਨ ਪਰ ਇਹ ਵੇਖਿਆ ਜਾ ਰਿਹਾ ਹੈ ਕਿ ਸਿਆਸੀ ਲੋਕਾਂ ਤੋਂ ਇਲਾਵਾ ਕਾਨੂੰਨਦਾਨ, ਰਿਟਾਇਰਡ ਸਰਕਾਰੀ ਅਫ਼ਸਰ, ਕਲਾਕਾਰ ਤੇ ਪ੍ਰਭਾਵਸ਼ਾਲੀ ਲੋਕ ਆਏ ਦਿਨ 'ਆਪ' ਵਿਚ ਸ਼ਾਮਲ ਹੋ ਰਹੇ ਹਨ। ਸ਼ਾਇਦ ਇਹ ਵਡੇ ਲੋਕ ਟਿਕਟਾਂ ਦੀ ਝਾਕ ਵਿਚ ਹੋਣ। ਜੇ ਟਿਕਟਾਂ 'ਆਪ' ਤੋਂ ਨਾ ਮਿਲੀਆਂ ਜੇ ਮਿਲੀਆਂ ਤੇ ਸਫ਼ਲ ਨਾ ਹੋਏ ਤਾਂ ਇਹ ਇਸੇ ਸਪੀਡ ਨਾਲ ਅਬਾਊਟ ਟਰਨ ਵੀ ਮਾਰ ਸਕਦੇ ਹਨ। ਹਾਲ ਦੀ ਘੜੀ 'ਆਪ' ਵਡੀਆਂ ਸਿਆਸੀ ਪਾਰਟੀਆਂ ਲਈ ਹਊਆ ਹੀ ਬਣਿਆ ਹੋਇਆ ਹੈ।

"ਇਬਤਦਾਏ ਇਸ਼ਕ ਹੈ ਰੋਤਾ ਹੈ ਕਿਆ
ਆਗੇ ਆਗੇ ਦੇਖੀਏ ਹੋਤਾ ਹੈ ਕਿਆ।"

## ਤੇਰੀ ਇਹ ਸੜਕ

ਇਕਬਾਲ ਸਿੰਘ ਜਗਤਪੁਰ
(91-98156-65646)



ਗੱਲ ਅੱਜ ਤੋਂ ਦੋ ਸਾਲ ਪਹਿਲਾਂ ਇਹਨਾਂ ਦਿਨਾਂ ਦੀ ਹੈ। ਸ਼੍ਰੀ ਆਨੰਦਪੁਰ ਸਾਹਿਬ ਹੋਲਾ ਮਹੱਲਾ ਚੱਲ ਰਿਹਾ ਸੀ। ਮੈਂ ਵੀ ਇੱਕ ਦਿਨ ਇਸ ਵਿੱਚ ਸ਼ਾਮਲ ਹੋਣ ਬਾਰੇ ਸੋਚਿਆ। ਆਪਣਾ ਮੋਟਰਸਾਈਕਲ ਲੈ ਕੇ ਮੈਂ ਸਵੇਰੇ ਹੀ ਘਰੋਂ ਚੱਲ ਪਿਆ। ਰਸਤੇ ਵਿੱਚ ਕਾਫ਼ੀ ਜ਼ਿਆਦਾ ਭੀੜ ਭੜੱਕਾ ਦਿਖਾਈ ਦੇ ਰਿਹਾ ਸੀ। ਟਰੱਕ, ਟਰੈਕਟਰ-ਟਰਾਲੀਆਂ, ਕਾਰਾਂ, ਜੀਪਾਂ,ਬੱਸਾਂ ਤੇ ਮੋਟਰਸਾਈਕਲ ਆਦਿ ਵਾਹਨ ਸੰਗਤ ਨਾ.ਲ ਭਰੇ ਹੋਏ ਸ਼੍ਰੀ ਅਨੰਦਪੁਰ ਸਾਹਿਬ ਵੱਲ ਜਾ ਰਹੇ ਸਨ। ਕਈ ਵਾਪਸ ਵੀ ਆ ਰਹੇ ਸਨ। ਰਸਤੇ ਵਿੱਚ ਸੰਗਤਾਂ ਲਈ ਥਾਂ-ਥਾਂ ਲੰਗਰ ਚੱਲ ਰਹੇ ਸਨ। ਪਰ ਇੱਕ ਗੱਲ ਖਟਕ ਰਹੀ ਸੀ ਕਿ ਬੰਗਾ ਤੋਂ ਲੈ ਕੇ ਸ਼੍ਰੀ ਅਨੰਦਪੁਰ ਸਾਹਿਬ ਦਾ ਰਸਤਾ ਬਹੁਤਾ ਵਧੀਆ ਨਹੀਂ ਸੀ। ਟੂ ਲੇਨ ਰੋਡ ਏਨੀ ਸੰਗਤ ਕਰਕੇ ਭੀੜੀ ਲੱਗ ਰਹੀ ਸੀ। ਖ਼ੈਰ ਉੱਥੇ ਪਹੁੰਚ ਕੇ ਦਰਸ਼ਨ ਦੀਦਾਰ ਕੀਤੇ। ਘੁੰਮ ਫਿਰ ਕੇ ਮੇਲੇ ਦਾ ਆਨੰਦ ਮਾਣਿਆ। ਧਾਰਮਿਕ ਦੀਵਾਨ ਅਤੇ ਰਾਜਸੀ ਕਾਨਫਰੰਸਾਂ ਵਿੱਚ ਕੁਝ ਸਮਾਂ ਲਾਇਆ। ਆਖਿਰ ਸ਼ਾਮ ਨੂੰ ਮੋਟਰ ਸਾਇਕਲ ਲੈ ਕੇ ਵਾਪਸ ਤੁਰ ਪਿਆ। ਹੁਣ ਅੱਗੇ ਨਾਲੋ ਵੀ ਜ਼ਿਆਦਾ ਭੀੜ ਦਿਖਾਈ ਦੇ ਰਹੀ ਸੀ। ਪਰ ਸੰਗਤ ਦੀ ਆਮਦ ਵੀ ਸਵੇਰ ਵਾਂਗ ਹੀ ਜਾਰੀ ਸੀ। ਜਿੱਥੇ ਕਿਤੇ ਵੀ ਰਸਤੇ ਵਿੱਚ ਲੰਗਰ ਹੁੰਦਾ ਉੱਥੇ ਜਾਮ ਲੱਗਾ ਹੁੰਦਾ। ਕਿੰਨੇ ਸਾਰੇ ਮੋਟਰਸਾਈਕਲ ਸਵਾਰ ਵਿੱਚ ਵਿਚਾਲੇ ਰਸਤਾ ਬਣਾਉਂਦੇ ਅੱਗੇ ਲੰਘ ਰਹੇ ਸੀ। ਉਪਰੋਂ ਹਨੇਰਾ ਹੋ ਗਿਆ ਸੀ। ਪਹਾੜਾਂ ਵਿੱਚ ਪਹੁੰਚ ਕੇ ਹੋਰ ਵੀ ਬੁਰਾ ਹਾਲ ਸੀ। ਜਿਵੇਂ ਕਿਵੇਂ ਅਸੀਂ ਰਸਤਾ ਬਣਾਉਂਦੇ ਹੋਏ ਪਹਾੜ ਦੇ ਆਖਰੀ ਹਿੱਸੇ ਪਹੁੰਚੇ ਤਾਂ ਦੇਖਿਆ ਕਿ ਇੱਕ ਲਾਸ਼ ਸੜਕ ਤੇ ਪਈ ਸੀ। ਕੋ.ਲ ਛੋਟਾ ਸਕੂਟਰ ਪਿਆ ਸੀ। ਪੁੱਛਣ ਤੇ ਪਤਾ ਲੱਗਾ ਕਿ ਇੱਕ ਪਰਿਵਾਰ ਮੇਲੇ ਤੋਂ ਵਾਪਸ ਆ ਰਿਹਾ ਸੀ। ਲੜਕਾ ਸਕੂਟਰ ਚਲਾ ਰਿਹਾ ਸੀ ਅਤੇ ਮਾਂ ਬੇਟੀ ਪਿੱਛੇ ਬੈਠੀਆਂ ਸਨ। ਸੜਕ ਟੁੱਟੀ ਹੋਣ ਕਰਕੇ ਸਕੂਟਰ ਇੱਥੇ ਸੰਤੁਲਨ ਗੁਆ ਬੈਠਾ ਅਤੇ ਸੜਕ ਵਿਚਕਾਰ ਡਿਗ ਗਿਆ। ਲੜਕਾ ਤੇ ਮਾਂ ਇੱਕ ਪਾਸੇ ਡਿੱਗੇ ਜਦ ਕਿ ਲੜਕੀ ਜੋ ਵਿਚਕਾਰ ਬੈਠੀ ਸੀ ਉਹ ਦੂਸਰੇ ਪਾਸੇ ਡਿਗੀ ਜੋ ਸਾਹਮਣੇ ਤੋਂ ਆ ਰਹੀ ਕਿਸੇ ਬੱਸ ਦੀ ਲਪੇਟ ਵਿਚ ਆ ਗਈ ਅਤੇ ਥਾਂ ਤੇ ਹੀ ਦਮ ਤੋੜ ਗਈ। ਲੋਕ ਤਰਾਂ ਤਰਾਂ ਦੀਆਂ ਗੱਲਾਂ ਕਰ ਰਹੇ ਸਨ ਪਰ ਜ਼ਿਆਦਾ ਤਰਕਾਲਾਂ ਹੋਣੀਆਂ ਤੇ ਰੱਬ ਦੀ ਮਰਜ਼ੀ ਦੀਆਂ ਗੱਲਾਂ ਕਰ ਰਹੇ ਸਨ। ਪੁਲਿਸ ਆਪਣਾ ਕੰਮ ਕਰ ਰਹੀ ਸੀ ਤੇ ਮੈਂ ਵਾਪਸ ਆਉਣ ਲਈ ਚਲ ਪਿਆ। ਮੇਰੇ ਦਿਮਾਗ ਵਿਚ ਰਹਿ ਰਹਿ ਕੇ ਇੱਕੋ ਗੱਲ ਆ ਰਹੀ ਸੀ ਕਿ ਅਗਰ ਇਹ ਸੜਕ ਚੌੜੀ ਤੇ ਸਹੀ ਹੁੰਦੀ ਤਾਂ ਇਹ ਲੜਕੀ ਜ਼ਰੂਰ ਜਿੰਦਾ ਹੁੰਦੀ। ਸ਼੍ਰੀ ਅਨੰਦਪੁਰ ਸਾਹਿਬ ਦੀ ਰਾਜਸੀ ਕਾਨਫਰੰਸ ਵਿੱਚ ਕਿਵੇਂ ਵੱਡੇ ਵੱਡੇ ਲੀਡਰ ਪੰਜਾਬ ਦੇ ਵਿਕਾਸ ਦੇ ਦਮਗਜ਼ੇ ਮਾਰ ਰਹੇ ਸਨ। ਅਸੀਂ ਆਹ ਕੀਤਾ, ਔਹ ਕੀਤਾ ਪਰ ਮੈਂ ਸੋਚ ਰਿਹਾ ਸੀ ਕਿ ਅਗਰ ਤੁਸੀਂ ਕਿਸੇ ਦੀ ਜ਼ਿੰਦਗੀ ਤੱਕ ਮਹਿਫ਼ੂਜ਼ ਨਹੀਂ ਕਰ ਸਕਦੇ ਤਾਂ ਸਮਝੋ ਤੁਸੀਂ ਕੁਝ ਨਹੀਂ ਕੀਤਾ। ਇਸ ਲੜਕੀ ਨੇ ਮੇਲੇ ਵਿੱਚ ਪਤਾ ਨਹੀਂ ਕਿੰਨੇ ਅਰਮਾਨਾਂ ਨਾ.ਲ ਘਰ ਬੈਠੇ ਹੋਰ ਜੀਆਂ ਵਾਸਤੇ ਸਮਾਨ ਖਰੀਦਿਆ ਹੋਵੇਗਾ, ਪਰਸ਼ਾਦ ਲਿਆ ਹੋਵੇਗਾ। ਪਰ ਵਿਚਾਰੀ ਘਰ ਵੀ ਨਾ ਪਹੁੰਚ ਸਕੀ। ਇਸ ਸੜਕ ਤੇ ਮੇਲੇ ਦੌਰਾਨ ਜਦ ਹਜ਼ਾਰਾਂ ਵਾਹਨ ਗੁਜ਼ਰਦੇ ਹਨ ਫਿਰ ਕਿਉਂ ਨਹੀਂ ਸਰਕਾਰ ਇਸ ਸੜਕ ਵੱਲ ਧਿਆਨ ਦਿੰਦੀ। ਗੁਰੂ ਘਰ ਵੱਲ ਜਾਂਦੀ ਸੜਕ ਜਿੱਥੋਂ ਤਕਰੀਬਨ ਅੱਧਾ ਪੰਜਾਬ ਹੀ ਲੰਘਦਾ ਹੈ ਉਸ ਸੜਕ ਦਾ ਹਾਲ ਅਗਰ ਪੰਥਕ ਸਰਕਾਰ ਵੇਲੇ ਵੀ ਇਹੀ ਰਿਹਾ ਤਾਂ ਫਿਰ ਕਦੋਂ ਸੁਧਰੇਗਾ। ਅੱਜ ਦੋ ਸਾਲ ਬਾਅਦ ਫਿਰ ਜਦੋਂ ਸ਼੍ਰੀ ਆਨੰਦਪੁਰ ਸਾਹਿਬ ਮੇਲੇ ਤੋਂ ਪਹਿਲਾਂ ਦਰਸ਼ਨ ਕਰਨ ਗਿਆ ਤਾਂ ਦੇਖਿਆ ਸੜਕ ਦਾ ਅੱਜ ਵੀ ਉਹੀ ਬੁਰਾ ਹਾਲ ਹੈ। ਅਖ਼ਬਾਰ ਵਿਚ ਸੜਕਾਂ ਬਾਰੇ ਸਰਕਾਰ ਦਾ ਇਸ਼ਤਿਹਾਰ ਦੇਖਿਆ ਤਾਂ ਇਸ ਸੜਕ ਦਾ ਨਾਮੋ ਨਿਸ਼ਾਨ ਨਹੀਂ ਸੀ।



ਸਤਵੰਤ ਕੌਰ ਕਲੋਟੀ
91-95011-98881

# ਬ੍ਰਹਿਮੰਡ: ਇਕ ਨਜ਼ਰ

## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)




**(ਤੇਰਵੀ ਕਿਸਤ)**

**ਉਰਸਾ ਮਾਈਨਰ**
**(Ursa Minor)**
**(ਲਿਟਲ ਬੀਅਰ, ਲਘੂ ਸਪਤਰਿਸ਼ੀ, ਸਮਾਲ ਡਿੱਪਰ)**

ਇਹ ਉਤਰੀ ਅਕਾਸ਼ ਦਾ ਇਕ ਛੋਟਾ ਤਾਰਾ-ਸਮੂਹ ਹੈ। ਇਹ ਉਰਸਾ ਮੇਜਰ (Ursa Major) ਦਾ ਜੋੜੀਦਾਰ ਤਾਰਾ-ਸਮੂਹ ਹੈ। ਲਾਤੀਨੀ ਭਾਸ਼ਾ ਵਿਚ ਉਰਜਾ ਮਾਈਨਰ ਤੋਂ ਭਾਵ ਹੈ, 'ਛੋਟਾ ਰਿੱਛ' ਜਾਂ 'ਲਿਟਲ ਬੀਅਰ'। 7 ਤਾਰਿਆਂ ਦਾ ਇਹ ਝੁੰਡ ਰਿੱਛ



ਉਰਸਾ ਮੇਜਰ ਦੇ ਸਾਪੇਖੀ ਉਰਸਾ ਮਾਈਨਰ ਦੀ ਸਥਿਤੀ

ਦੀ ਬਜਾਏ ਹੈਂਡਲ ਵਾਲੇ ਕਟੋਰੇ ਨਾਲ ਜ਼ਿਆਦਾ ਮਿਲਦਾ-ਜੁਲਦਾ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਇਸ ਨੂੰ 'ਸਮਾਲ ਡਿੱਪਰ' (Small Dipper) ਵੀ ਕਿਹਾ ਜਾਂਦਾ ਹੈ। ਇਸ ਦਾ ਭਾਰਤੀ ਨਾਂ 'ਲਘੂ ਸਪਤਰਿਸ਼ੀ' ਹੈ। ਉਰਸਾ ਮੇਜਰ ਦੀ ਤੁਲਨਾ ਵਿਚ ਇਹ ਬਹੁਤ ਘੱਟ ਉਘੜਵਾਂ ਹੈ, ਪ੍ਰੰਤੂ ਇਸ ਵਿਚ ਧਰੁਵ ਤਾਰੇ ਦੀ ਮੌਜੂਦਗੀ ਇਸ ਨੂੰ ਮਹੱਤਵਪੂਰਨ ਬਣਾ ਦਿੰਦੀ ਹੈ ਜੋ ਕਿ ਇਕ ਪ੍ਰਸਿੱਧ ਦਿਸ਼ਾ-ਸੂਚਕ ਤਾਰਾ ਹੈ। ਧਰੁਵ ਤਾਰਾ ਉਰਸਾ ਮਾਈਨਰ ਵਿਚਲੇ ਕਟੋਰੇ ਦੇ ਹੈਂਡਲ ਦਾ ਸਿਰਾ ਬਣਦਾ ਹੈ। ਉਰਸਾ ਮਾਈਨਰ ਦੇ ਮੁੱਖ ਤਾਰਿਆਂ ਦੇ ਨਾਂ ਹਨ: ਧਰੁਵ ਤਾਰਾ (Polaris), ਯਿਲਡੰਨ (Yildun), ਐਪਸਿਲੋਨ (Epsilon), ਅਲੀਫਾ ਅਲ ਫਰਕਾਡੇਨ (Alifa al Farkadain), ਫੈਰਕਾਡ (Pherkad) ਅਤੇ ਕੋਕੈਬ (Kochab).

ਇਸ ਤਾਰਾ-ਸਮੂਹ ਵਿਚ ਕੋਈ ਨੈਬੁਲਾ ਮੌਜੂਦ ਨਹੀਂ ਹੈ। ਧਰੁਵ ਤਾਰੇ ਦੇ ਜ਼ਰਾ ਕੁ ਹੇਠਾਂ ਤਾਰਿਆਂ ਦਾ ਇਕ ਅਦਭੁਤ ਚੱਕਰ ਮੌਜੂਦ ਹੈ ਜਿਸ ਨੂੰ 'ਮੰਗਣੀ ਦੀ ਅੰਗੂਠੀ' (Engagement ring) ਕਿਹਾ ਜਾਂਦਾ ਹੈ। ਇਸ ਨੂੰ ਦੂਰਬੀਨ ਦੀ ਮਦਦ ਨਾਲ ਦੇਖਿਆ ਜਾ ਸਕਦਾ ਹੈ। ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਉਰਸਾ ਮੇਜਰ ਵਿਚਲੇ ਡੂਬੇ ਅਤੇ ਮੈਰਾਕ ਤਾਰਿਆਂ ਨੂੰ ਮਿਲਾਉਣ ਵਾਲੀ ਸਿੱਧੀ ਰੇਖਾ ਸਾਨੂੰ ਧਰੁਵ ਤਾਰੇ ਤੱਕ ਪਹੁੰਚਾ ਦਿੰਦੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਉਰਸਾ ਮਾਈਨਰ (ਛੋਟਾ ਰਿੱਛ) ਯੂਨਾਨੀ ਦੇਵਤਾ ਜੀਅਸ ਅਤੇ ਉਸ ਦੀ ਖੂਬਸੂਰਤ ਪ੍ਰੇਮਿਕਾ ਕੈਲਿਸਟੋ (Callisto) ਦਾ ਪੁੱਤਰ ਅਰਕਸ ਸੀ।

**ਕਰਿਤਿਕਾ**
**(Pleiades, Seven Sisters, Messier-45)**

ਤਾਰਾ-ਸਮੂਹ ਕਰਿਤਿਕਾ ਜੋ ਸੈਵਨ ਸਿਸਟਰਜ਼ (Seven Sisters) or Messier-45 (M-45) ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਰਾਤ ਨੂੰ ਅਸਮਾਨ ਵਿਚ ਨਜ਼ਰ ਆਉਣ ਵਾਲਾ ਇਕ ਉੱਭਰਵਾਂ ਤਾਰਾ-ਸਮੂਹ ਹੈ। ਪੁਰਾਤਨ ਮਿਥਿਹਾਸ ਵਿਚ ਖਾਸ ਜਗ੍ਹਾ ਰੱਖਣ ਵਾਲਾ ਇਹ ਤਾਰਾ-ਸਮੂਹ ਸਰਦੀਆਂ ਵਿਚ ਉਤਰੀ ਅਰਧ-ਗੋਲੇ ਅਤੇ ਦੱਖਣੀ ਅਰਧ-ਗੋਲੇ ਦੋਵਾਂ ਵਿਚ ਹੀ ਨਜ਼ਰ ਆਉਂਦਾ ਹੈ। ਉਤਰੀ ਅਰਧ-ਗੋਲੇ ਵਿਚ ਮੌਜੂਦ ਵਿਅਕਤੀ ਜੇ ਰਾਤ ਨੂੰ ਦੱਖਣ ਦਿਸ਼ਾ ਵਿਚ ਅਸਮਾਨ ਵੱਲ ਤੱਕੇ ਤਾਂ ਇਹ ਤਾਰਾ-ਸਮੂਹ, ਓਰੀਆਨ ਤਾਰਾ-ਸਮੂਹ ਦੇ ਉਪਰ ਸੱਜੇ ਪਾਸੇ ਦਿਖਾਈ ਦਿੰਦਾ ਹੈ। ਇਹ ਜਵਾਨ ਤਾਰਿਆਂ ਦਾ ਇਕ ਅਤਿ ਖੂਬਸੂਰਤ ਗੁੱਛਾ ਹੈ ਜਿਸ ਵਿਚ ਟਿਮਟਿਮਾਉਂਦੇ ਤਾਰੇ ਹੀਰਿਆਂ ਦੇ ਗੁੱਛਿਆਂ ਵਾਂਗ ਪ੍ਰਤੀਤ ਹੁੰਦੇ ਹਨ। ਕਰਿਤਿਕਾ ਤਾਰਿਆਂ ਦਾ ਇਕ ਖੁੱਲ੍ਹਾ ਗੁੱਛਾ (Open star cluster) ਹੈ, ਜਿਸ ਵਿਚ 1000 ਤੋਂ ਵੱਧ ਤਾਰੇ ਮੌਜੂਦ ਹਨ, ਪ੍ਰੰਤੂ ਨੰਗੀ ਅੱਖ ਨਾਲ ਕੁਝ ਕੁ ਤਾਰਿਆਂ ਨੂੰ ਹੀ ਦੇਖਿਆ ਜਾ ਸਕਦਾ ਹੈ।



(ੳ) ਬ੍ਰਿਖ ਤਾਰਾ-ਸਮੂਹ ਵਿੱਚ ਕਰਿਤਿਕਾ ਦੀ ਸਥਿਤੀ

ਦਰਅਸਲ, ਕਰਿਤਿਕਾ ਖੁਦ ਰਾਸ਼ੀ ਤਾਰਾ-ਸਮੂਹ (Constellation of Zodiac) ਬ੍ਰਿਖ (Taurus) ਦਾ ਇਕ ਹਿੱਸਾ ਹੈ। ਬ੍ਰਿਖ ਜਿਸ ਦਾ ਆਕਾਰ ਬੈਲ ਵਰਗਾ ਹੈ, ਮੁੱਖ ਤੌਰ ਤੇ ਤਾਰਿਆਂ ਦੇ ਦੋ ਗਰੁੱਪਾਂ ਤੋਂ ਬਣਿਆ ਹੋਇਆ ਹੈ: ਹਾਇਅਡੀਜ਼ (Hyades) ਅਤੇ ਪਲੇਅਡੀਜ਼ (Pleiades) (ਕਰਿਤਿਕਾ)। ਜਿਵੇਂ ਕਿ ਚਿੱਤਰ (ੳ) ਵਿਚ ਦਰਸਾਇਆ ਗਿਆ ਹੈ, ਹਾਇਅਡੀਜ਼ ਅੰਗਰੇਜ਼ੀ ਦੇ ਅੱਖਰ (V) ਦੀ ਸ਼ਕਲ ਦਾ ਤਾਰਿਆਂ ਦਾ ਇਕੱਠ ਹੈ, ਜੋ ਬੈਲ ਦੇ ਚਿਹਰੇ ਨੂੰ ਦਰਸਾਉਂਦਾ ਹੈ, ਜਦਕਿ ਪਲੇਅਡੀਜ਼ (ਕਰਿਤਿਕਾ) ਬੈਲ ਦੇ ਮੋਢੇ ਉਤੇ ਮੌਜੂਦ ਹੈ। ਚਿੱਤਰ (ਅ) ਪਲੇਅਡੀਜ਼ (ਕਰਿਤਿਕਾ) ਦੇ 9 ਮੁੱਖ ਤਾਰਿਆਂ ਨੂੰ ਦਰਸਾ ਰਿਹਾ ਹੈ।

ਵੱਖ-ਵੱਖ ਪੁਰਾਤਨ ਕਥਾਵਾਂ ਨਾਲ ਜੁੜਿਆ ਹੋਣ ਕਰਕੇ ਕਰਿਤਿਕਾ ਨੂੰ ਸੰਸਾਰ ਭਰ ਵਿਚ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਨਾਂ ਪਲੇਅਡੀਜ਼ (Pleiades) ਯੂਨਾਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ 'ਘੁੱਗੀਆਂ' (Doves), ਯੂਨਾਨੀ ਮਿਥਿਹਾਸ ਅਨੁਸਾਰ ਇਸ ਤਾਰਾ-ਸਮੂਹ ਦੇ 9 ਮੁੱਖ ਤਾਰਿਆਂ ਵਿਚੋਂ 7 ਤਾਰੇ ਸੱਤ ਭੈਣਾਂ ਨੂੰ ਦਰਸਾਉਂਦੇ ਹਨ ਜਿਹਨਾਂ ਦੇ ਨਾਂ ਹਨ: ਸਟੈਰੋਪੀ (Sterope/Asterope), ਮੈਰੋਪੀ (Merope), ਇਲੈਕਟ੍ਰਾ (Electra), ਮਾਇਆ (Maia), ਟੇਇਜਿਟਾ (Taygeta), ਕੈਲਾਈਨੋ (Celaeno) ਅਤੇ ਅਲਸਾਈਓਨੀ (Alcyone).

ਬਾਕੀ ਦੇ ਦੋ ਤਾਰੇ ਉਨ੍ਹਾਂ ਦੇ ਮਾਤਾ ਪਲਾਇਓਨੀ ਅਤੇ ਪਿਤਾ ਐਟਲਸ ਹਨ। ਕਿਹਾ ਜਾਂਦਾ ਹੈ ਕਿ ਇਕ ਵਾਰੀ ਇਹ ਸੱਤ ਭੈਣਾਂ ਆਪਣੀ ਮਾਂ ਨਾਲ ਕਿਤੇ ਜਾ ਰਹੀਆਂ ਸਨ ਕਿ ਉਹਨਾਂ ਦਾ ਸਾਹਮਣਾ ਓਰੀਆਨ ਨਾਂ ਦੇ ਸ਼ਿਕਾਰੀ (ਜੋ ਇਕ ਤਾਰਾ-ਸਮੂਹ ਹੈ) ਨਾਲ ਹੋ ਗਿਆ। ਉਹ ਉਨ੍ਹਾਂ ਉਤੇ ਮੋਹਿਤ ਹੋ ਗਿਆ ਅਤੇ ਉਹਨਾਂ ਨੂੰ ਭਰਮਾਉਣ ਲਈ ਉਹਨਾਂ ਦਾ ਪਿੱਛਾ ਕਰਨ ਲੱਗਾ। ਉਹ ਕਈ ਸਾਲਾਂ ਤੱਕ ਇੰਝ ਹੀ ਉਹਨਾਂ ਦਾ ਪਿੱਛਾ ਕਰਦਾ ਰਿਹਾ, ਜਦ ਤੱਕ ਜੀਅਸ ਦੇਵਤਾ ਨੇ ਉਹਨਾਂ ਦੀ ਬਚ ਨਿਕਲਣ ਵਿਚ ਮਦਦ ਨਹੀਂ ਕੀਤੀ। ਉਸ ਨੇ ਉਹਨਾਂ ਨੂੰ ਘੁੱਗੀਆਂ ਵਿਚ ਬਦਲ ਦਿੱਤਾ। ਉਹ ਉਡ ਕੇ ਅਸਮਾਨ ਵਿਚ ਚਲੀਆਂ ਗਈਆਂ, ਜਿੱਥੇ ਉਹ ਕਰਿਤਿਕਾ ਤਾਰਾ-ਸਮੂਹ ਦੇ ਰੂਪ ਵਿਚ ਸਥਾਪਤ ਹੋ ਗਈਆਂ।

ਅਸਮਾਨ ਵਿਚ ਨੰਗੀ ਅੱਖ ਨਾਲ ਕੇਵਲ ਛੇ ਤਾਰੇ ਹੀ ਨਜ਼ਰ ਆਉਂਦੇ ਹਨ। ਸੱਤਵੇਂ ਤਾਰੇ ਦੇ ਗਾਇਬ ਹੋਣ ਬਾਰੇ ਵੀ ਕਈ ਕਹਾਣੀਆਂ ਪ੍ਰਚੱਲਿਤ ਹਨ। ਇਕ ਕਹਾਣੀ ਅਨੁਸਾਰ ਮੈਰੋਪੀ (Merope) ਨੂੰ ਛੱਡ ਕੇ ਬਾਕੀ ਛੇ ਭੈਣਾਂ ਦੇਵਤਿਆਂ ਦੀਆਂ ਪਤਨੀਆਂ ਸਨ ਜਦ ਕਿ ਮੈਰੋਪੀ ਇਕ ਆਮ ਨਾਸ਼ਵਾਨ ਮਨੁੱਖ ਨਾਲ ਵਿਆਹੀ ਹੋਈ ਸੀ। ਉਹ ਆਪਣੀਆਂ ਭੈਣਾਂ ਸਾਹਮਣੇ ਇਸ ਗੱਲ ਦੀ ਸ਼ਰਮ ਮਹਿਸੂਸ ਕਰਦੀ ਸੀ ਜਿਸ ਕਰਕੇ ਉਹ ਉਹਨਾਂ ਨੂੰ ਛੱਡ ਗਈ ਸੀ।

ਭਾਰਤ ਵਿਚ ਕਰਿਤਿਕਾ ਨੂੰ ਯੁੱਧ ਦੇ ਦੇਵਤਾ



(ਅ) ਕਰਿਤਿਕਾ ਤਾਰਾ-ਸਮੂਹ

ਕਾਰਤਿਕੇ (Kartikeya) ਨਾਲ ਜੋੜਿਆ ਜਾਂਦਾ ਹੈ। ਮੁਰੂਗਨ (Murugan) ਅਤੇ ਸਕੰਦਾ (Skanda) ਵੀ ਕਾਰਤਿਕੇ ਦੇ ਹੀ ਹੋਰ ਨਾਂ ਹਨ। ਕਿਹਾ ਜਾਂਦਾ ਹੈ ਕਿ ਛੇ ਕਰਿਤਿਕਾ ਭੈਣਾਂ ਨੇ ਸਕੰਦਾ ਨੂੰ ਉਠਾਇਆ ਹੋਇਆ ਸੀ। ਇਸ ਲਈ ਉਹ ਕਾਰਤਿਕੇ ਵਜੋਂ ਜਾਣਿਆ ਜਾਣ ਲੱਗਾ। ਲੋਕਾਂ ਦੀ ਧਾਰਨਾ ਹੈ ਕਿ ਕਰਿਤਿਕਾ ਸੱਤ ਭੈਣਾਂ ਸਨ ਜੋ ਸਪਤਰਿਸ਼ੀ ਤਾਰਾ ਸਮੂਹ (ਉਰਸਾ ਮੇਜਰ) ਵਿਚਲੇ ਸੱਤ ਰਿਸ਼ੀਆਂ ਦੀਆਂ ਪਤਨੀਆਂ ਸਨ।

ਭਾਰਤੀ ਅਤੇ ਯੂਨਾਨੀ ਲੋਕ ਦੋਵੇਂ ਹੀ ਕਰਿਤਿਕਾ ਨੂੰ ਸੱਤ ਭੈਣਾਂ ਨਾਲ ਜੋੜਦੇ ਹਨ। ਇਸ ਲਈ ਇਸ ਨੂੰ ਸੈਵਨ ਸਿਸਟਰਜ਼ (Seven Sisters) ਵੀ ਕਿਹਾ ਜਾਂਦਾ ਹੈ। ਇਸ ਦਾ ਪਾਰਸੀ ਨਾਂ ਸੋਰਾਇਆ ਹੈ। ਜਾਪਾਨ ਵਿਚ ਇਸ ਨੂੰ ਸੁਬਾਰੂ ਕਿਹਾ ਜਾਂਦਾ ਹੈ, ਜਿਸ ਤੋਂ ਭਾਵ ਹੈ ਇਕੱਠੇ ਹੋਣਾ।

# ਪੁਣਛਾਣ

(ਸਫਾ 6 ਦੀ ਬਾਕੀ)

ਆਪਣੀਆਂ ਦਲੀਲਾਂ ਸੀ ਤੇ ਸ਼੍ਰੋਮਣੀ ਕਮੇਟੀ ਦੇ ਸਵਾਲ ਆਪਣੇ। ਖੈਰ ਫਿਰ ਵੀ ਇਹ ਮਸਲਾ ਠੰਡੇ ਬਸਤੇ 'ਚ ਦੋਹਾਂ-ਧਿਰਾਂ ਦੀ ਸਮਝਦਾਰੀ ਨਾਲ ਪੈ ਗਿਆ ਸੀ। ਇਹ ਪਹਿਲਾ ਗੀਤ ਸੀ ਜਿਸ ਵਿਚ ਭਗਤ ਰਵਿਦਾਸ ਨੂੰ, ਗੁਰੂ ਰਵਿਦਾਸ ਕਿਹਾ ਗਿਆ ਸੀ।

**ਫਿਰ ਉਹਨਾਂ ਚਾਰ ਵਾਰ ਨਰਿੰਦਰ ਬੀਬਾ ਸੱਦੀ**

1985 ਦੇ ਕਰੀਬ ਮੁਕੰਦਪੁਰ ਲਾਗੇ ਇਕ ਪਿੰਡ ਵਿਚ, ਨਰਿੰਦਰ ਬੀਬਾ ਦੀ ਧਾਰਮਿਕ ਸਟੇਜ ਲੱਗੀ ਹਈ ਸੀ ਕਿ ਪਿੰਡ ਰਿਟੈਂਡਾ ਤੋਂ ਗਏ ਦਲਿਤ ਸਮਾਜ ਦੇ ਕੁਝ ਨੌਜਵਾਨਾਂ ਨੇ ਨਰਿੰਦਰ ਬੀਬਾ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੀਤ ਗਾਉਣ ਦੀ ਫਰਮਾਇਸ਼ ਕਰ ਦਿੱਤੀ। ਪਰ ਸਟੇਜ ਤੇ ਕੁਝ ਅਖੌਤੀ ਕੱਟੜਪੰਥੀ ਪ੍ਰਬੰਧਕਾਂ ਦਾ ਕਰਜਾ ਸੀ, ਜਿਹਨਾਂ ਨੇ ਨਰਿੰਦਰ ਬੀਬਾ ਨੂੰ ਫਰਮਾਇਸ਼ ਪੂਰੀ ਕਰਨ ਤੋਂ ਮਨ੍ਹਾ ਕਰ ਦਿੱਤਾ। ਤੇ ਨਾਲ ਹੀ ਐਨਾ ਵੀ ਕਹਿ ਦਿੱਤਾ ਸੀ ਕਿ ਜੇ ਇਹਨਾਂ ਨੂੰ ਗੁਰੂ ਰਵਿਦਾਸ ਦੇ ਗੀਤ ਸੁਣਨ ਦਾ ਐਨਾ ਹੀ ਸ਼ੌਂਕ ਹੈ ਤਾਂ ਆਪ ਆਪਣੇ ਪਿੰਡ ਬੀਬਾ ਨੂੰ ਸੱਦ ਕੇ ਸੁਣ ਲੈਣ। ਠਰਕ ਖਾਧੇ ਨੌਜਵਾਨਾਂ ਨੇ 35 ਸੌ ਰੁਪਇਆ ਇਕੱਠਾ ਕੀਤਾ ਤੇ ਨਰਿੰਦਰ ਬੀਬਾ ਨੂੰ ਪਿੰਡ ਸੱਦ ਲਿਆ ਤੇ ਅਖੌਤੀ ਪ੍ਰਬੰਧਕਾਂ ਨੂੰ ਵੀ ਸੁਨੇਹਾ ਭੇਜ ਦਿੱਤਾ ਕਿ ਤੁਸੀਂ ਵੀ ਆਵੋ ਸਾਡੇ ਪਿੰਡ ਨਰਿੰਦਰ ਬੀਬਾ ਵੇਖਣ। ਅਖੌਤੀ ਪ੍ਰਬੰਧਕ ਤਾਂ ਨਾ ਆਏ, ਪਰ ਉਪਰੋ ਥਲੀ, ਉਹਨਾਂ ਨੌਜਵਾਨਾਂ ਨੇ ਨਰਿੰਦਰ ਬੀਬਾ ਜ਼ਰੂਰ ਚਾਰ ਵਾਰੀ ਪਿੰਡ ਸੱਦ ਲਈ।

**ਤੇ ਆਹ ਲਓ ਦੋ ਸੌ ਰੁਪਈਆ, ਪ੍ਰਸਾਦਿ ਹੀ ਸਮਝ ਲਓ**

ਫਗਵਾੜੇ ਦੀ ਇਕ ਦੋ ਗਣਾ ਜੋੜੀ ਨੇ ਇਕ ਗੀਤਕਾਰ ਨੂੰ ਵੀਰੋਪੁਰ (ਨੇੜੇ ਗੜ੍ਹਸ਼ੰਕਰ) ਦੀ ਰੌਸ਼ਨੀ ਬਾਰੇ ਕੁਝ ਗੀਤ ਲਿਖਣ ਲਈ ਕਿਹਾ, ਗੀਤਕਾਰ ਨੇ ਇੱਧਰੋਂ ਉਧਰੋਂ ਰੌਸ਼ਨੀ ਦਾ ਇਤਿਹਾਸ ਸੁਣ ਕੇ 7 ਕੁ ਗੀਤ ਲਿਖ ਕੇ ਗਾਇਕ ਜੋੜੀ ਨੂੰ ਫੋਨ ਕੀਤਾ ਕਿ ਮੈਟਰ ਤਿਆਰ ਹੈ, ਆ ਕੇ ਲੈ ਲਓ। ਗਾਇਕ ਜੋੜੀ ਨੇ ਕਿਹਾ ਕਿ ਛੱਡੋ ਪਰ੍ਹੇ ਜੀ ਫਗਵਾੜੇ ਤੋਂ ਬੰਗਿਆਂ ਤੱਕ ਗੱਡੀ ਨੇ ਚਾਰ ਸੌ ਰੁਪਏ ਦਾ ਤੇਲ ਹੀ ਖਾ ਜਾਣਾ ਹੈ, ਤੁਸੀਂ ਫੋਨ ਤੇ ਹੀ ਲਿਖਾ ਦਿਓ। ਉਸ ਤੋਂ ਬਾਅਦ ਰੋਸ਼ਨੀ ਦਾ ਪ੍ਰੋਗਰਾਮ ਖਤਮ ਹੋਇਆ, ਗਾਇਕ ਜੋੜੀ ਤੇ ਨੋਟਾਂ ਦੀ ਬਰਸਾਤ ਵੀ ਬਹੁਤ ਹੋਈ। ਪਰ ਜਦ ਗੀਤਕਾਰ ਨੇ ਆਪਣਾ ਮਿਹਨਤਾਨਾ ਮੰਗਿਆ ਤਾਂ ਗਾਇਕ ਜੋੜੀ ਨੇ ਗੀਤਕਾਰ ਦੇ ਹੱਥ ਤੇ ਦੋ ਸੌ ਰੁਪਈਆ ਟਿਕਾ ਦਿੱਤਾ। ਗੀਤਕਾਰ ਨੇ ਲਾਲ ਪੀਲਾ ਹੁੰਦਿਆਂ ਪੁੱਛਿਆ ਕਿ ਇਹ ਕੀ। ਤਾਂ ਗਾਇਕ ਜੋੜੀ ਨੇ ਕਿਹਾ ਕਿ ਵੱਸ ਪ੍ਰਸਾਦਿ ਹੀ ਸਮਝ ਲਓ। ਗੀਤਕਾਰ ਨੇ ਦੋ ਸੌ ਰੁਪਇਆ ਗਾਇਕ ਜੋੜੀ ਦੇ ਮੱਥਾ ਮਾਰ ਕੇ, ਬੰਗੀਂ ਆ ਕੇ ਹੀ ਸਾਹ ਲਿਆ।

# ਗੀਤਾਂ ਦੀ ਰੂਹ ਅਤੇ ਪੰਜਾਬ ਦਾ ਮਾਣ- ਨਿੰਮਾ ਲੋਹਾਰਕਾ



ਵੀਰਪਾਲ ਕੌਰ ਸਫਰੀ
91-85679-92445

ਅੱਜ ਅਸੀਂ ਬਹੁਤ ਹੀ ਪ੍ਰਸਿੱਧ ਅਤੇ ਮਾਣਯੋਗ ਹਸਤੀ ਦੀ ਗੱਲ ਕਰਨ ਜਾ ਰਹੇ ਹਾਂ। ਇਹ ਇਕ ਬਹੁਤ ਵਧੀਆ ਲੇਖਕ ਹੋਣ ਦੇ ਨਾਲ-ਨਾਲ ਇਕ ਬਹੁਤ ਵਧੀਆ ਇਨਸਾਨ ਵੀ ਹਨ। ਇਹਨਾਂ ਦੀ ਕਲਮ ਦਾ ਜਾਦੂ ਦੇਸ਼ਾਂ-ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਦੇ ਦਿਲਾਂ 'ਤੇ ਇਹਨਾਂ ਦੀ ਕਲਮ ਵਿਚੋਂ ਨਿਕਲੇ ਗੀਤਾਂ ਰਾਹੀਂ ਚਲਦਾ ਹੈ। ਜਿੱਥੇ ਇਹਨਾਂ ਦੇ ਗੀਤ ਟੁੱਟੇ ਹੋਏ ਦਿਲਾਂ ਨੂੰ ਸਹਾਰਾ ਦਿੰਦੇ ਹਨ, ਉਥੇ ਇਹਨਾਂ ਦੇ ਲਿਖੇ ਹੋਏ ਗੀਤ ਉਹਨਾਂ ਦੀ ਖੁਸ਼ੀ ਦਾ ਹਮਸਫਰ ਬਣ ਕੇ ਉਹਨਾਂ ਦੇ ਨਾਲ ਚੱਲਦੇ ਹਨ ਅਤੇ ਉਹਨਾਂ ਨੂੰ ਉਹਨਾਂ ਦੀਆਂ ਦੁੱਖ-ਤਕਲੀਫਾਂ ਵਿਚੋਂ ਬਾਹਰ ਨਿਕਲਣ ਲਈ ਮਦਦ ਕਰਦੇ ਹਨ। ਸਾਡੇ ਸਾਰਿਆਂ ਦਾ ਹਰਮਨ ਪਿਆਰਾ, ਸਾਡੇ ਦਿਲਾਂ ਦੀ ਧੜਕਣ, ਅੱਖਾਂ ਦੇ ਹੰਝੂ, ਬੁੱਲ੍ਹਾਂ ਦੀ ਮੁਸਕਾਨ, ਮਰਦਾਂ ਦੀ ਰੂਹ ਅਤੇ ਪੰਜਾਬ ਦਾ ਮਾਣ ਇਕ ਜਾਣਿਆ-ਪਛਾਣਿਆ ਨਾਮ ਅਸੀਂ ਇਸ ਸਮੇਂ ਗੱਲ ਕਰ ਰਹੇ ਹਾਂ ਪ੍ਰਸਿੱਧ ਗੀਤਕਾਰ ਨਿੰਮਾ ਲੋਹਾਰਕਾ ਬਾਰੇ। ਇਹਨਾਂ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਨੇੜਲੇ ਪਿੰਡ ਲੋਹਾਰਕਾ ਕਲਾਂ ਵਿਖੇ ਪਿਤਾ ਦਰਸ਼ਨ ਸਿੰਘ ਦੇ ਘਰ ਅਤੇ ਮਾਤਾ ਦਲਬੀਰ ਕੌਰ ਦੀ ਕੁੱਖੋਂ 1977 ਵਿਚ ਹੋਇਆ। ਇਹਨਾਂ ਦੇ ਘਰ ਪਰਿਵਾਰ ਵਿਚ ਚਾਰ ਭੈਣਾਂ ਅਤੇ ਚਾਰ ਭਰਾ ਹਨ। ਸਭ ਤੋਂ ਛੋਟੇ ਨਿੰਮੇ ਲੋਹਾਰਕੇ ਨੇ ਪੰਜਾਬੀ ਗੀਤਕਾਰੀ ਵਿਚ ਮਿੱਠੇ, ਸੋਹਣੇ, ਅਨਮੋਲ ਗੀਤਾਂ ਨੂੰ ਸਿਰਜ ਕੇ ਪੰਜਾਬੀ ਰੁਮਾਂਟਿਕ ਗੀਤਕਾਰੀ ਦੀ ਨੀਂਹ ਮਜ਼ਬੂਤ ਕਰ ਦਿੱਤੀ। ਅਨੇਕਾਂ ਚਰਚਿਤ ਗੀਤਾਂ ਨੂੰ ਨਿੰਮੇ ਜੀ ਨੇ ਰਚਦਿਆਂ ਪਿਛਾਂਹ ਮੁੜ ਕੇ ਨਾ ਵੇਖਿਆ। ਇਹਨਾਂ ਨੇ ਰੋਮਾਂਟਿਕ ਗੀਤਾਂ



ਦੇ ਨਾਲ ਨਾਲ ਦਰਦ, ਵਿਛੋੜਾ, ਤਨਹਾਈਆਂ ਦੇ ਗੀਤ ਵੀ ਲਿਖੇ। ਇਹਨਾਂ ਦਾ ਪਹਿਲਾ ਗੀਤ 1997 ਵਿਚ ਰਿਕਾਰਡ ਹੋਇਆ 'ਚਿੱਠੀ ਤੈਨੂੰ ਲਿਖਾਂ ਲਾਲ ਵੇ'। ਬਹੁਤ ਹੀ ਪਿਆਰੀ ਅਤੇ ਮਨ ਮੋਹਕ ਆਵਾਜ਼ ਵਿਚ ਗਾਇਆ ਹਭਜਨ ਟੈਨਕ ਨੇ। ਉਸ ਤੋਂ ਬਾਅਦ ਇਹਨਾਂ ਦੇ ਲਿਖੇ ਹੋਏ ਗੀਤਾਂ ਨੂ ਨੂੰਹਰਢਡੇ ਤੋਂ ਵੱਡੇ ਅਤੇ ਚੰਗੇ ਗਾਇਕਾਂ ਨੇ ਆਵਾਜ਼ ਦਿੱਤੀ। ਉਹਨਾਂ ਦੇ ਗੀਤ ਅਮਰਿੰਦਰ ਗਿੱਲ, ਮਲਕੀਤ ਸਿੰਘ, ਮਨਪ੍ਰੀਤ ਸੰਧੂ, ਲਖਵਿੰਦਰ ਵਡਾਲੀ, ਦਿਲਜੀਤ ਦੁਸਾਂਝ, ਨਛੱਤਰ ਗਿੱਲ ਵਰਗੇ ਗਾਇਕਾਂ ਨੇ ਵੀ ਗਾਏ ਹਨ। ਬਹੁਤ ਹੀ ਪਿਆਰੇ ਅਤੇ ਨਿੱਘੇ ਸੁਭਾਅ ਦੇ ਮਾਲਕ ਨਿੰਮਾ ਲਾਹੌਰਕਾ ਜੀ ਅੰਬਰਾਂ 'ਤੇ ਉਡਾਰੀਆਂ ਲਾ ਕੇ ਵੀ ਜ਼ਮੀਨ ਨਾਲ ਜੁੜੇ ਰਹਿੰਦੇ ਹਨ। ਇਹੀ ਇਹਨਾਂ ਦੀ ਖੂਬੀ ਹੈ ਜਿਹੜੀ ਕਿ ਇਹਨਾਂ ਨੂੰ ਸਭ ਦੀਆਂ ਨਜ਼ਰਾਂ ਵਿਚ ਉਚਾ ਚੁੱਕ ਦਿੰਦੀ ਹੈ। ਉਹ ਕਹਿੰਦੇ ਹਨ ਕਿ ਮੇਰੇ ਸਰੋਤੇ ਮੇਰੇ ਹਰ ਇਕ ਗੀਤ ਨੂੰ ਪਿਆਰ ਦਿੰਦੇ ਹਨ। ਇਸੇ ਪਿਆਰ ਦੀ ਬਦੌਲਤ ਹੋਰ ਵੀ ਕੁਝ ਨਵਾਂ ਲਿਖਣ ਦੀ ਕੋਸ਼ਿਸ਼ ਕਰਦੇ ਹਾਂ। ਨਿੰਮਾ ਲਾਹੌਰਕਾ ਜੀ ਅੱਜਕਲ੍ਹ ਆਪਣੇ ਪਰਿਵਾਰ ਦੇ ਨਾਲ ਆਪਣੇ ਜੱਦੀ ਪਿੰਡ ਲੋਹਾਰਕਾ ਕਲਾਂ ਵਿਖੇ ਹੀ ਰਹਿੰਦੇ ਹਨ। ਪਿਤਾ ਸਰਦਾਰ ਦਰਸ਼ਨ ਸਿੰਘ ਮਾਤਾ ਸ੍ਰੀਮਤੀ ਦਲਬੀਰ ਕੌਰ, ਪਤਨੀ ਰਾਜਵਿੰਦਰ ਕੌਰ ਅਤੇ ਇਹਨਾਂ ਦਾ ਬੇਟਾ ਗੁਰਮਨਦੀਪ ਸਿੰਘ ਅਤ ਗੁਰਾਸਦੀਪ ਸਿੰਘ, ਬਟੀ ਮਨਰੀਤ ਕੌਰ ਨਾਲ ਰਹਿ ਰਹੇ ਹਨ।

**(ਸਫਾ 6 ਦੀ ਬਾਕੀ)**

ਆਪਣੀਆਂ ਦਲੀਲਾਂ ਸੀ ਤੇ ਸ਼੍ਰੋਮਣੀ ਕਮੇਟੀ ਦੇ ਸਵਾਲ ਆਪਣੇ। ਖੈਰ ਫਿਰ ਵੀ ਇਹ ਮਸਲਾ ਠੰਡੇ ਬਸਤੇ 'ਚ ਦੋਹਾਂ-ਧਿਰਾਂ ਦੀ ਸਮਝਦਾਰੀ ਨਾਲ ਪੈ ਗਿਆ ਸੀ। ਇਹ ਪਹਿਲਾ ਗੀਤ ਸੀ ਜਿਸ ਵਿਚ ਭਗਤ ਰਵਿਦਾਸ ਨੂੰ, ਗੁਰੂ ਰਵਿਦਾਸ ਕਿਹਾ ਗਿਆ ਸੀ।

**ਫਿਰ ਉਹਨਾਂ ਚਾਰ ਵਾਰ ਨਰਿੰਦਰ ਬੀਬਾ ਸੱਦੀ**

1985 ਦੇ ਕਰੀਬ ਮੁਕੰਦਪੁਰ ਲਾਗੇ ਇਕ ਪਿੰਡ ਵਿਚ, ਨਰਿੰਦਰ ਬੀਬਾ ਦੀ ਧਾਰਮਿਕ ਸਟੇਜ ਲੱਗੀ ਹਈ ਸੀ ਕਿ ਪਿੰਡ ਰਿਟੈਂਡਾ ਤੋਂ ਗਏ ਦਲਿਤ ਸਮਾਜ ਦੇ ਕੁਝ ਨੌਜਵਾਨਾਂ ਨੇ ਨਰਿੰਦਰ ਬੀਬਾ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੀਤ ਗਾਉਣ ਦੀ ਫਰਮਾਇਸ਼ ਕਰ ਦਿੱਤੀ। ਪਰ ਸਟੇਜ ਤੇ ਕੁਝ ਅਖੌਤੀ ਕੱਟੜਪੰਥੀ ਪ੍ਰਬੰਧਕਾਂ ਦਾ ਕਰਜਾ ਸੀ, ਜਿਹਨਾਂ ਨੇ ਨਰਿੰਦਰ ਬੀਬਾ ਨੂੰ ਫਰਮਾਇਸ਼ ਪੂਰੀ ਕਰਨ ਤੋਂ ਮਨ੍ਹਾ ਕਰ ਦਿੱਤਾ। ਤੇ ਨਾਲ ਹੀ ਐਨਾ ਵੀ ਕਹਿ ਦਿੱਤਾ ਸੀ ਕਿ ਜੇ ਇਹਨਾਂ ਨੂੰ ਗੁਰੂ ਰਵਿਦਾਸ ਦੇ ਗੀਤ ਸੁਣਨ ਦਾ ਐਨਾ ਹੀ ਸ਼ੌਂਕ ਹੈ ਤਾਂ ਆਪ ਆਪਣੇ ਪਿੰਡ ਬੀਬਾ ਨੂੰ ਸੱਦ ਕੇ ਸੁਣ ਲੈਣ। ਠਰਕ ਖਾਧੇ ਨੌਜਵਾਨਾਂ ਨੇ 35 ਸੌ ਰੁਪਇਆ ਇਕੱਠਾ ਕੀਤਾ ਤੇ ਨਰਿੰਦਰ ਬੀਬਾ ਨੂੰ ਪਿੰਡ ਸੱਦ ਲਿਆ ਤੇ ਅਖੌਤੀ ਪ੍ਰਬੰਧਕਾਂ ਨੂੰ ਵੀ ਸੁਨੇਹਾ ਭੇਜ ਦਿੱਤਾ ਕਿ ਤੁਸੀਂ ਵੀ ਆਵੋ ਸਾਡੇ ਪਿੰਡ ਨਰਿੰਦਰ ਬੀਬਾ ਵੇਖਣ। ਅਖੌਤੀ ਪ੍ਰਬੰਧਕ ਤਾਂ ਨਾ ਆਏ, ਪਰ ਉਪਰੋ ਥਲੀ, ਉਹਨਾਂ ਨੌਜਵਾਨਾਂ ਨੇ ਨਰਿੰਦਰ ਬੀਬਾ ਜ਼ਰੂਰ ਚਾਰ ਵਾਰੀ ਪਿੰਡ ਸੱਦ ਲਈ।

**ਤੇ ਆਹ ਲਓ ਦੋ ਸੌ ਰੁਪਈਆ, ਪ੍ਰਸਾਦਿ ਹੀ ਸਮਝ ਲਓ**

ਫਗਵਾੜੇ ਦੀ ਇਕ ਦੋ ਗਣਾ ਜੋੜੀ ਨੇ ਇਕ ਗੀਤਕਾਰ ਨੂੰ ਵੀਰੋਪੁਰ (ਨੇੜੇ ਗੜ੍ਹਸ਼ੰਕਰ) ਦੀ ਰੌਸ਼ਨੀ ਬਾਰੇ ਕੁਝ ਗੀਤ ਲਿਖਣ ਲਈ ਕਿਹਾ, ਗੀਤਕਾਰ ਨੇ ਇੱਧਰੋਂ ਉਧਰੋਂ ਰੌਸ਼ਨੀ ਦਾ ਇਤਿਹਾਸ ਸੁਣ ਕੇ 7 ਕੁ ਗੀਤ ਲਿਖ ਕੇ ਗਾਇਕ ਜੋੜੀ ਨੂੰ ਫੋਨ ਕੀਤਾ ਕਿ ਮੈਟਰ ਤਿਆਰ ਹੈ, ਆ ਕੇ ਲੈ ਲਓ। ਗਾਇਕ ਜੋੜੀ ਨੇ ਕਿਹਾ ਕਿ ਛੱਡੋ ਪਰ੍ਹੇ ਜੀ ਫਗਵਾੜੇ ਤੋਂ ਬੰਗਿਆਂ ਤੱਕ ਗੱਡੀ ਨੇ ਚਾਰ ਸੌ ਰੁਪਏ ਦਾ ਤੇਲ ਹੀ ਖਾ ਜਾਣਾ ਹੈ, ਤੁਸੀਂ ਫੋਨ ਤੇ ਹੀ ਲਿਖਾ ਦਿਓ। ਉਸ ਤੋਂ ਬਾਅਦ ਰੋਸ਼ਨੀ ਦਾ ਪ੍ਰੋਗਰਾਮ ਖਤਮ ਹੋਇਆ, ਗਾਇਕ ਜੋੜੀ ਤੇ ਨੋਟਾਂ ਦੀ ਬਰਸਾਤ ਵੀ ਬਹੁਤ ਹੋਈ। ਪਰ ਜਦ ਗੀਤਕਾਰ ਨੇ ਆਪਣਾ ਮਿਹਨਤਾਨਾ ਮੰਗਿਆ ਤਾਂ ਗਾਇਕ ਜੋੜੀ ਨੇ ਗੀਤਕਾਰ ਦੇ ਹੱਥ ਤੇ ਦੋ ਸੌ ਰੁਪਈਆ ਟਿਕਾ ਦਿੱਤਾ। ਗੀਤਕਾਰ ਨੇ ਲਾਲ ਪੀਲਾ ਹੁੰਦਿਆਂ ਪੁੱਛਿਆ ਕਿ ਇਹ ਕੀ। ਤਾਂ ਗਾਇਕ ਜੋੜੀ ਨੇ ਕਿਹਾ ਕਿ ਵੱਸ ਪ੍ਰਸਾਦਿ ਹੀ ਸਮਝ ਲਓ। ਗੀਤਕਾਰ ਨੇ ਦੋ ਸੌ ਰੁਪਇਆ ਗਾਇਕ ਜੋੜੀ ਦੇ ਮੱਥਾ ਮਾਰ ਕੇ, ਬੰਗੀਂ ਆ ਕੇ ਹੀ ਸਾਹ ਲਿਆ।

(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




## ਗਦਰ ਲਹਿਰ ਦਾ ਇਤਿਹਾਸਕ ਪਿਛੋਕੜ

ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।**-ਡਾ. ਜਸਵੰਤ ਰਾਏ**

**(ਅੱਠਵੀ ਕਿਸਤ)**

ਬਾਬੂ ਹਰਨਾਮ ਸਿੰਘ ਦੀਆਂ ਜ਼ਿੰਮੇਵਾਰੀਆਂ ਦਾ ਦਾਇਰਾ ਲਗਾਤਾਰ ਵੱਧ ਰਿਹਾ ਸੀ। 'ਸਵਦੇਸ਼ ਸੇਵਕ' ਅਤੇ ਕੰਪਨੀ ਦੇ ਕੰਮਾਂ ਕਰਕੇ ਉਸਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਸਵਦੇਸ਼ ਸੇਵਕ ਅਖਬਾਰ ਕਰਕੇ ਬਾਬੂ ਹਰਨਾਮ ਸਿੰਘ ਦੇਸ ਅਤੇ ਵਿਦੇਸ਼ ਵਿਚ ਚਰਚਾ ਦਾ ਵਿਸ਼ਾ ਬਣ ਚੁੱਕਿਆ ਸੀ। ਅਖਬਾਰ ਨੇ ਬਾਬੂ ਹਰਨਾਮ ਸਿੰਘ ਨੂੰ ਦੁਨੀਆਂ ਵਿਚ ਪਹਿਲੇ ਅੰਤਰ ਰਾਸ਼ਟਰੀ ਪੰਜਾਬੀ ਜਰਨਲਿਸਟ ਹੋਣ ਦੀ ਵਡਿਆਈ ਦਿੱਤੀ ਸੀ। 'ਸਵਦੇਸ਼ ਸੇਵਕ ਹੋਮ' ਦਿਨੋਂ ਦਿਨ ਸਿਆਸੀ ਸਰਗਰਮੀਆਂ ਦਾ ਅੱਡਾ ਬਣਦਾ ਜਾ ਰਿਹਾ ਸੀ। ਇਸ ਅੱਡੇ ਤੇ ਦੇਸ਼ ਭਗਤਾਂ ਅਤੇ ਉਹਨਾਂ ਦੇ ਸਾਥੀਆਂ ਦਾ ਆਉਣਾ ਜਾਣਾ ਅਕਸਰ ਲੱਗਾ ਰਹਿੰਦਾ ਸੀ। 'ਸਵਦੇਸ਼ ਸੇਵਕ ਹੋਮ' ਨੇ ਆਪਣੀਆਂ ਉਚੀਆਂ ਤੇ ਸੁੱਚੀਆ ਕਦਰਾਂ ਕੀਮਤਾਂ ਨੂੰ ਵੀ ਬਰਕਰਾਰ ਰੱਖਿਆ ਹੋਇਆ ਸੀ। ਇਸਦੀ ਉਦਾਹਰਣ ਬਾਬੂ ਹਰਨਾਮ ਸਿੰਘ ਹੋਰਾਂ ਦੇ ਕਥਨਾਂ ਤੋਂ ਦਿੱਤੀ ਜਾ ਸਕਦੀ ਹੈ, ''ਇਸ ਮਕਾਨ ਵਿਚ ਕਿਸੇ ਨੂੰ ਸ਼ਰਾਬ ਪੀਣ, ਮਾਸ ਖਾਣ, ਤੰਬਾਕੂ ਪੀਣ, ਅਫੀਮ ਖਾਣ, ਜੂਆ ਖੇਡਣ ਜਾਂ ਕੋਈ ਹੋਰ ਕਿਸੇ ਕਿਸਮ ਦਾ ਨਸ਼ਾ ਵਰਤਣ ਦੀ ਛੁੱਟੀ ਨਹੀਂ ਹੋਵੇਗੀ।'' ਬਾਬੂ ਹਰਨਾਮ ਸਿੰਘ ਅਤੇ ਇਹਨਾਂ ਦੀ ਸਮੁੱਚੀ ਟੀਮ ਇਸ ਗੱਲ ਤੋਂ ਭਲੀ ਭਾਂਤ ਜਾਣੂ ਸੀ ਕਿ ਹਿੰਦੋਸਤਾਨ ਦੀ ਆਜ਼ਾਦੀ ਨੂੰ ਗ੍ਰਹਿਣ ਇਹਨਾਂ ਨਸ਼ਿਆਂ ਅਤੇ ਗੈਰ-ਇਖਲਾਕੀ ਕੰਮਾਂ ਕਰਕੇ ਲੱਗਾ ਹੈ। ਇਸਦੇ ਰਾਜੇ ਮਹਾਰਾਜੇ ਨਸ਼ਿਆਂ ਵਿਚ ਗਲਤਾਨ ਰਹੇ ਅਤੇ ਚੌਵੀ ਘੰਟੇ ਮਹਿਲਾਂ ਵਿਚ ਨਾਚ-ਗਾਣੇ ਦਾ ਸੁਆਦ ਲੈਂਦੇ ਰਹੇ। ਉਹਨਾਂ ਨੂੰ ਕੋਈ ਸੋਝੀ ਨਹੀਂ ਸੀ ਕਿ ਕਿਹੜਾ ਦੁਸ਼ਮਣ ਸਾਡੇ ਤੇ ਹਮਲਾ ਕਰਨ ਦੀਆਂ ਵਿਉਂਤਾਂ ਗੁੰਦ ਰਿਹਾ ਹੈ। ਨੈ-ਤਿਕਤਾ ਨੂੰ ਘੱਟੇ ਵਿਚ ਰੋਲ ਕੇ ਇਹਨਾਂ ਨੇ ਖੁਦ ਹਿੰਦੋਸਤਾਨ ਨੂੰ ਗੁਲਾਮ ਕਰਨ ਦੀ ਜ਼ਮੀਨ ਤਿਆਰ ਕੀਤੀ। ਇਸੇ ਕਰਕੇ ਹੱਥਲਾ ਸ਼ੇਅਰ ਇਸ ਨਿਜ਼ਾਮ ਬਾਰੇ ਬਾਖੂਬੀ ਢੁੱਕਦਾ ਹੈ-

ਨਹੀਂ ਬਿਗਾੜਾ ਭਾਰਤ ਕਾ ਕੁਛ ਦੁਸ਼ਮਨ ਕੀ ਤਲਵਾਰੋਂ ਨੇ,
ਭਾਰਤ ਕੋ ਬਰਬਾਦ ਕੀਆ ਹੈ ਭਾਰਤ ਕੀ ਸਰਕਾਰੋਂ ਨੇ।

ਪਰ ਬਾਬੂ ਹਰਨਾਮ ਸਿੰਘ ਨੇ ਸੰਪਾਦਕ ਵਜੋਂ 'ਸਵਦੇਸ਼ ਸੇਵਕ' ਦੇ ਕ੍ਰਾਂਤੀਕਾਰੀ ਪੱਧਰ ਨੂੰ ਬਰਕਰਾਰ ਰੱਖਿਆ। ਇਸ ਤੋਂ ਬਾਅਦ ਹੋਂਦ ਵਿਚ ਆਏ 'ਸੰਸਾਰ' ਅਖਬਾਰ ਨੇ ਪਹਿਲਾਂ ਪਹਿਲ ਤਾਂ ਹਿੰਦੀਆਂ ਦੀਆਂ ਮੰਗਾਂ ਅਤੇ ਸੰਘਰਸ਼ ਨੂੰ ਖੂਬ ਸੁਰਖੀਆਂ ਵਿਚ ਲਿਆਂਦਾ ਪਰ ਛੇਤੀ ਹੀ ਇਹ ਆਪਣੇ ਕੌਮੀ ਪੱਧਰ ਤੋਂ ਖਿਸਕ ਗਿਆ।

ਭਾਈ ਭਗਵਾਨ ਸਿੰਘ ਨੇ 1913 ਵਿਚ ਇਨ੍ਹਾਂ ਅਖਬਾਰਾਂ ਨੂੰ ਗਦਰ ਵਰਗੇ ਗਰਮ ਤੇ ਅੰਗਰੇਜ਼ ਲੀਹੇ ਤੁਰਨ ਲਈ ਆਖਿਆ ਪਰ ਕਰਤਾਰ ਸਿੰਘ ਨਾ ਮੰਨਿਆ। ਇਸ ਉਤੇ ਭਗਵਾਨ ਸਿੰਘ ਦੀ ਅਗਵਾਈ ਹੇਠ ਹਿੰਦੀਆਂ ਵਿਚ ਹਵਾ ਬੱਝ ਗਈ ਕਿ ਅਖਬਾਰ ਨਿੱਜੀ ਨਹੀਂ ਸਾਰੀ ਕੌਮ ਵੱਲੋਂ ਹੋਣਾ ਚਾਹੀਦਾ ਹੈ। ਲੋਕ ਇਸਦੇ ਬਹੁਤ ਬਰਖਿਲਾਫ ਹੋ ਗਏ। ਝਗੜਾ ਐਨਾ ਵਧਿਆ ਕਿ ਹਿੰਦੀ ਲੋਕ ਇਹਨਾਂ ਸੁੰਦਰ ਸਿੰਘ, ਕਰਤਾਰ ਸਿੰਘ ਤੇ ਭਾਈ ਪਿਆਰਾ ਸਿੰਘ ਨੂੰ ਜਾਨੋਂ ਮਾਰ ਦੇਣ ਲਈ ਤਿਆਰ ਹੋ ਗਏ। ਇਕ ਦਿਨ ਉਹਨਾਂ 'ਸੰਸਾਰ' ਦੇ ਦਫਤਰ ਨੂੰ ਹੀ ਅੱਗ ਲਾ ਦਿੱਤੀ।

"ਅਖਬਾਰ ਲੋਕਾਂ ਚੱਲਣ ਨਹੀਂ ਦਿੱਤਾ।"

ਆਉਣ ਵਾਲੀਆਂ ਇਸ ਤਰ੍ਹਾਂ ਦੀਆਂ ਦਿੱਕਤਾਂ ਤੋਂ ਬਾਬੂ ਹਰਨਾਮ ਸਿੰਘ ਜੀ ਪਹਿਲਾਂ ਹੀ ਚੇਤੰਨ ਸਨ। ਆਪਣੇ ਦੇਸ਼ ਵਾਸੀਆਂ ਦੇ ਨਾਲ ਨਾਲ ਉਹ ਵਿਦੇਸ਼ੀਆਂ ਤੇ ਵੀ ਬਾਜ ਅੱਖ ਰੱਖ ਰਹੇ ਸਨ। ਹਿੰਦੀਆਂ ਦੇ ਹੱਕਾਂ ਦੀ ਪੇਸ਼ਕਾਰੀ ਕਰਨ ਵਾਲੀ ਕੋਈ ਵੀ ਖਬਰ ਅਜਿਹੀ ਨਹੀਂ ਸੀ ਜੋ 'ਸਵਦੇਸ਼ ਸੇਵਕ' ਵਿਚ ਛਪਣ ਤੋਂ ਰਹਿ ਜਾਂਦੀ ਹੋਵੇ। ਖਾਲਸਾ ਦੀਵਾਨ ਸੁਸਾਇਟੀ ਦੀਆਂ ਕਾਰਵਾਈਆਂ, ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਲਿਮਟਿਡ ਕੰਪਨੀ ਅਤੇ ਹਿੰਦੀਆਂ ਤੋਂ ਕੈਨੇਡਾ ਅਮਰੀਕਾ ਆਉਣ ਦਾ ਹੱਕ ਖੋਹਣ ਵਾਲੀਆਂ ਖਬਰਾਂ 'ਸਵਦੇਸ਼ ਸੇਵਕ' ਉਭਾਰ ਉਭਾਰ ਕੇ ਪੇਸ਼ ਕਰਦਾ। ਅਚਾਨਕ ਬਾਬੂ ਹਰਨਾਮ ਸਿੰਘ ਨੂੰ ਅਖਬਾਰ ਲਈ ਮਾਲੀ ਮੱਦਦ ਜੁਟਾਉਣ ਅਤੇ ਕੰਪਨੀ ਦੇ ਕਾਰੋਬਾਰ ਨੂੰ ਵਧਾਉਣ ਲਈ ਅਮਰੀਕਾ ਰਹਿੰਦੇ ਦੋਸਤਾਂ ਨਾਲ ਰਾਬਤਾ ਕਾਇਮ ਕਰਨ ਲਈ 'ਹਿੰਦੋਸਤਾਨੀ ਐਸੋਸੀਏਸ਼ਨ' ਦੇ ਪ੍ਰਤੀਨਿੱਧ ਵਜੋਂ ਭੇਜਿਆ ਗਿਆ। ਇਸ ਸਬੰਧੀ ਕੰਪਨੀ ਦੇ ਡਾਇਰੈਕਟਰਾਂ ਦੀ ਉਚੇਚੇ ਤੌਰ 'ਤੇ ਮੀਟਿੰਗ ਵੀ ਹੋਈ ਸੀ। ਇਸ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਦਾ ਅਸਲ ਭਾਗ ਅਸਲ ਰੂਪ ਵਿਚ ਦਿੱਤਾ ਜਾ ਰਿਹਾ ਹੈ-



ਅਮਰੀਕਾ ਜਾ ਕੇ ਬਾਬੂ ਹਰਨਾਮ ਸਿੰਘ ਨੇ ਹਿੰਦੀਆਂ ਦੇ ਇਕੱਠਾਂ ਵਿਚ ਭਾਸ਼ਣ ਕੀਤੇ। ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਇਨਕਲਾਬੀਆਂ ਨਾਲ ਗੁਪਤ ਮੀਟਿੰਗਾਂ ਦੀ ਲੜੀ ਆਰੰਭ ਕੀਤੀ। ਉਹਨਾਂ ਨੇ ਮਿੱਲਾਂ ਵਿਚ ਕੰਮ ਕਰਨ ਵਾਲੇ ਹਿੰਦੀਆਂ ਨੂੰ ਨਿੱਜੀ ਕੰਮਾਂ ਤੋਂ ਉਪਰ ਉਠ ਕੇ ਕੌਮੀ ਸੇਵਾ ਵਿਚ ਜੁਟ ਜਾਣ ਲਈ ਪ੍ਰੇਰਿਆ। ਉਹ ਆਪਣਾ ਮਕਸਦ ਪੂਰਾ ਕਰਕੇ ਛੇਤੀ ਤੋਂ ਛੇਤੀ 'ਸਵਦੇਸ਼ ਸੇਵਕ ਹੋਮ' ਵਾਪਸ ਪਰਤਣਾ ਚਾਹੁੰਦੇ ਸਨ। ਅਮਰੀਕਾ ਵਿਚ ਬੈਠਿਆਂ ਵੈਨਕੂਵਰ ਵਿਚ ਰਹਿੰਦੇ ਅੱਧ-ਅਧੂਰੇ ਕੰਮਾਂ ਦੀ ਚਿੰਤਾ ਖਾਈ ਜਾ ਰਹੀ ਸੀ। ਆਪਣੇ ਕੰਮ ਸਮੇਟ ਕੇ ਬਾਬੂ ਹਰਨਾਮ ਸਿੰਘ ਜਦ ਕੈਨੇਡਾ ਦੀ ਸਰਹੱਦ ਪਾਰ ਕਰਨ ਲੱਗੇ ਤਾਂ ਉਥੋਂ ਦੀ ਸਰਕਾਰ ਨੇ ਇਹਨਾਂ ਨੂੰ ਆਉਣ ਤੋਂ ਮਨ੍ਹਾ ਕਰ ਦਿੱਤਾ। ਉਹਨਾਂ ਨੇ ਤਾਂ ਸੁਖ ਦਾ ਸਾਹ ਲਿਆ ਸੀ ਕਿ ਉਸ ਦੀਆਂ ਸਰਗਰਮੀਆਂ ਤਾਂ ਸਾਡੇ ਦੇਸ਼ ਵਿਚੋਂ ਮਸਾਂ ਘਟੀਆਂ ਸਨ। ਅਸਲ ਵਿਚ ਇਸ ਸਾਰੇ ਚੱਕਰਵਿਊ ਨੂੰ ਸਿਰਜਣ ਵਾਲਾ ਵਿਲੀਅਮ ਹਾਪਕਿਨਸਨ ਸੀ। ਬਾਬੂ ਹਰਨਾਮ ਸਿੰਘ ਦੀ ਗੈਰ ਹਾਜ਼ਰੀ ਵਿਚ ਉਸਦੀ ਆਮਦਨੀ ਵੱਧ ਗਈ ਸੀ ਅਤੇ ਉਹ ਆਪਣੇ ਆਪ ਨੂੰ ਭਾਰ ਮੁਕਤ ਸਮਝਣ ਲੱਗ ਪਿਆ ਸੀ। ਬਾਬੂ ਹਰਨਾਮ ਸਿੰਘ ਨੂੰ ਰੋਕਣ ਵਾਲੇ ਸਾਰੇ ਢੰਗ ਤਰੀਕੇ ਕੈਨੇਡਾ ਸਰਕਾਰ ਨੂੰ ਹਾਪਕਿਨਸਨ ਦੱਸ ਰਿਹਾ ਸੀ। ਉਸਦੀਆਂ ਨਜ਼ਰਾਂ ਬੜੇ ਚਿਰ ਤੋਂ ਬਾਬੂ ਹਰਨਾਮ ਸਿੰਘ ਦੀ ਪੈੜ ਨੱਪ ਰਹੀਆਂ ਸਨ। ਹੁਣ ਉਸਨੇ ਬਹਾਨਾ ਇਹ ਘੜਿਆ ਸੀ ਕਿ ਬਾਬੂ ਹਰਨਾਮ ਸਿੰਘ ਆਪਣੀ ਨਾਗਰਿਕਤਾ ਵਾਲੇ ਦੇਸ਼ ਤੋਂ ਸਿੱਧਾ ਕੈਨੇਡਾ ਨਹੀਂ ਆ ਰਿਹਾ। ਹਾਲਾਂਕਿ ਕਾਨੂੰਨਨ ਤੌਰ ਤੇ ਇਹ ਬਿਲਕੁਲ ਗਲਤ ਸੀ। ਕੈਨੇਡਾ ਸਰਕਾਰ ਨੇ ਵੀ ਫੈਸਲਾ ਆਪ ਦੇ ਵਿਰੁੱਧ ਠੋਸ ਦਿੱਤਾ। ਜਦੋਂ ਇਹ ਖਬਰ ਵੈਨਕੂਵਰ ਦੇ ਗਦਰੀਆਂ ਦੇ ਕੰਨੀਂ ਪਈ ਤਾਂ ਉਹਨਾਂ ਨੇ ਬ੍ਰਿਟਿਸ਼ ਹਕੂਮਤ ਪ੍ਰਤੀ ਰੋਸ ਪ੍ਰਗਟ ਕੀਤਾ। 'ਸਵਦੇਸ਼ ਸੇਵਕ' ਵਿਚ ਇਸ ਧੱਕੇਸ਼ਾਹੀ ਖਿਲਾਫ ਲੰਬੇ ਲੇਖ ਛਾਪੇ ਗਏ। ਪਰ ਕੋਈ ਗੱਲ ਨਾ ਬਣੀ। ਕੈਨੇਡਾ ਦੀ ਸਰਕਾਰ ਅੰਨ੍ਹੀ, ਗੂੰਗੀ ਅਤੇ ਬੋਲੀ ਹੋ ਗਈ ਸੀ। ਉਸਨੂੰ ਸਿਰਫ ਉਹ ਘਟਨਾ ਹੀ ਦਿਸਦੀ ਅਤੇ ਸੁਣਦੀ ਸੀ ਜਿਹੜੀ ਉਸਦੇ ਹੱਕ ਵਿਚ ਹੋਵੇ।

ਬਾਬੂ ਹਰਨਾਮ ਸਿੰਘ ਦੇ ਵੈਨਕੂਵਰ ਨਾ ਆਉਣ ਕਰਕੇ ਇਨਕਲਾਬੀ ਗਤੀਵਿਧੀਆਂ ਮੱਧਮ ਪੈ ਗਈਆਂ। ਹਿੰਦੀਆਂ ਦੇ ਹੱਕਾਂ ਦੀ ਰਾਖੀ ਅਤੇ ਕ੍ਰਾਂਤੀ ਦਾ ਬਿਗਲ ਵਜਾਉਣ ਵਾਲਾ ਪਰਚਾ 'ਸਵਦੇਸ਼ ਸੇਵਕ' ਆਖਰੀ ਸਾਹਾਂ ਤੇ ਆ ਗਿਆ ਜਿਸ ਪਰਚੇ ਨੇ ਕੈਨੇਡਾ ਤੋਂ ਲੈ ਕੇ ਹਿੰਦੋਸਤਾਨ ਤੱਕ ਨਿਡਰ ਹੋ ਕੇ ਹੱਕਾਂ ਦੀ ਲੜਾਈ ਲੜੀ ਸੀ, ਨਵਾਂ ਇਤਿਹਾਸ ਸਿਰਜਿਆ ਸੀ, ਗਦਰੀ ਲੀਹਾਂ ਪਾਈਆਂ ਸਨ ਉਹ ਆਪਣੇ ਸੰਪਾਦਕ ਤੋਂ ਵਿਹੂਣਾ ਕਿੰਨਾ ਕੁ ਲੰਬਾ ਪੈਂਡਾ ਤਹਿ ਕਰ ਸਕਦਾ ਸੀ। ਅੰਤ ਜੁਲਾਈ 1912 ਨੂੰ 'ਸਵਦੇਸ਼ ਸੇਵਕ' ਦਮ ਤੋੜ ਗਿਆ। ਜੀ. ਡੀ. ਕੁਮਾਰ ਵੀ ਨਿਰਾਸ਼ ਹੋ ਕੇ ਸਿਆਟਲ ਆ ਗਿਆ।



**ਡਾ.ਜਸਵੰਤ ਰਾਏ**
**91-98158 25999**

ਬਾਬੂ ਹਰਨਾਮ ਸਿੰਘ ਨੂੰ ਆਪਣਾ ਅੱਡਾ ਸਿਆਟਲ ਵਿਖੇ ਸਥਾਪਿਤ ਕਰਨਾ ਪਿਆ। "ਆਪ ਨੇ 1910-12 ਦੌਰਾਨ ਸਿਆਟਲ ਦੀ ਯੂਨੀਵਰਸਿਟੀ ਆਫ ਵਾਸ਼ਿੰਗਟਨ ਵਿਚ ਪੜ੍ਹਾਈ ਵੀ ਕੀਤੀ। ਵਾਸ਼ਿੰਗਟਨ ਯੂਨੀਵਰਸਿਟੀ ਵਿਚ ਦਾਖਲਾ ਸਿਰਫ ਪੜ੍ਹਾਈ ਕਰਨ ਲਈ ਹੀ ਨਹੀਂ ਸੀ ਲਿਆ ਸਗੋਂ ਉਥੇ ਪੜ੍ਹ ਰਹੇ ਕ੍ਰਾਂਤੀਕਾਰੀ ਵਿਦਿਆਰਥੀਆਂ ਨਾਲ ਸਬੰਧ ਵੀ ਸਥਾਪਤ ਕਰਨੇ ਸਨ। ਹਿੰਦੋਸਤਾਨ ਵਿਚ ਵਾਪਰ ਰਹੀ ਹਰ ਘਟਨਾ ਤੇ ਵੀ ਉਹਨਾਂ ਨੇ ਗਹਿਰੀ ਨਜ਼ਰ ਰੱਖੀ ਹੋਈ ਸੀ। ਇਹਨਾਂ ਦਿਨਾਂ ਵਿਚ ਬਾਬੂ ਹਰਨਾਮ ਸਿੰਘ ਦੇ ਦੋ ਅਹਿਮ ਸਾਥੀ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਭਾਈ ਭਾਗ ਸਿੰਘ ਭਿਖੀਵਿੰਡ ਹਿੰਦੋਸਤਾਨ ਆਏ ਹੋਏ ਸਨ। ਉਹ ਆਪਣੇ ਟੱਬਰਾਂ ਨੂੰ ਬਾਹਰ ਲਿਜਾਣ ਵਾਸਤੇ ਆਏ ਸਨ। ਹਿੰਦੀਆਂ ਤੇ ਵਿਦੇਸ਼ਾਂ ਵਿਚ ਸਖਤ ਘਾਲਣਾ ਕਰਕੇ ਕਮਾਈ ਕੀਤੀ ਸੀ। ਇਸ ਕਰਕੇ ਉਹ ਆਪਣੇ ਟੱਬਰਾਂ ਨੂੰ ਵੀ ਖੁਸ਼ਹਾਲੀ ਦੇਣਾ ਚਾਹੁੰਦੇ ਸਨ। ਪਰ ਬ੍ਰਿਟਿਸ਼ ਹਕੂਮਤ ਨੇ ਵਿਦਿਆਰਥੀਆਂ, ਵਪਾਰੀਆਂ ਅਤੇ ਟੱਬਰਾਂ ਤੇ ਅਤਿ ਦੀਆਂ ਰੋਕਾਂ ਲਾਈਆਂ ਹੋਈਆਂ ਸਨ। ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਇਹਨਾਂ ਰੋਕਾਂ ਦੀ ਪਰਵਾਹ ਨਾ ਕਰਕੇ, ਹਿੰਦੋਸਤਾਨ ਵਿਚ ਇਸ ਧੱਕੇਸ਼ਾਹੀ ਵਿਰੁੱਧ ਪ੍ਰਚਾਰ ਕਰਕੇ, ਆਪਣੇ ਸਾਥੀਆਂ ਨਾਲ ਮਿਲ ਕੇ ਪ੍ਰਸ਼ਾਸਨ ਨੂੰ ਮੰਗ ਪੱਤਰ ਦੇ ਕੇ ਆਪਣੇ ਟੱਬਰਾਂ ਨੂੰ ਨਾਲ ਲੈ ਕੇ ਕੈਨੇਡਾ ਨੂੰ ਜਾਣ ਲਈ ਅੱਡੇ ਤੇ ਪਹੁੰਚੇ। ਪਰ ਉਹਨਾਂ ਨੂੰ ਕਿਸੇ ਵੀ ਅੱਡੇ ਤੋਂ ਵੈਨਕੂਵਰ ਜਾਣ ਲਈ ਟਿਕਟਾਂ ਨਾ ਮਿਲੀਆਂ। ਅੱਕ ਕੇ ਉਹਨਾਂ ਨੇ ਹਾਂਗਕਾਂਗ ਤੋਂ ਕਿਸੇ ਤਰ੍ਹਾਂ ਸਾਨਫਰਾਂਸਿਸਕੋ ਦੀਆਂ ਟਿਕਟਾਂ ਬੁਕ ਕਰਵਾ ਲਈਆਂ। "ਉਥੇ ਵੀ ਅਮਰੀਕਨ ਅਧਿਕਾਰੀਆਂ ਨੇ ਉਹਨਾਂ ਨੂੰ ਉਤਰਨ ਦੀ ਇਜਾਜ਼ਤ ਨਾ ਦਿੱਤੀ ਤੇ ਜਹਾਜ਼ ਵਾਪਸ ਮੋੜ ਦਿੱਤਾ। ਵਾਪਸੀ ਤੇ ਉਹਨਾਂ ਅਮਰੀਕਾ ਦੀ ਬੰਦਰਗਾਹ ਸਿਆਟਲ 'ਚ ਉਤਰਨ ਦੀ ਕੋਸ਼ਿਸ਼ ਕੀਤੀ ਪਰ ਇੱਥੇ ਵੀ ਉਹਨਾਂ ਨੂੰ ਉਤਰਨ ਨਾ ਦਿੱਤਾ ਗਿਆ। ਕਈ ਮਹੀਨਿਆਂ ਦੀ ਖੱਜਲ-ਖੁਆਰੀ ਤੋਂ ਬਾਅਦ ਦੋਵੇਂ ਪਰਿਵਾਰ ਵਾਪਸ ਹਾਂਗਕਾਂਗ ਪੁੱਜ ਗਏ। ਇਸ ਸਾਰੇ ਸਮੇਂ ਭਾਈ ਬਲਵੰਤ ਸਿੰਘ ਦੇ ਤਾਰਕਨਾਥ ਦਾਸ, ਜੀ. ਡੀ. ਕੁਮਾਰ, ਹੁਸੈਨ ਰਹੀਮ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਵਰਗੇ ਸਾਥੀ ਕੈਨੇਡਾ ਅਮਰੀਕਾ ਦੇ ਹਿੰਦੋਸਤਾਨੀਆਂ ਨੂੰ ਇਸ ਸਭ ਕਾਸੇ ਤੋਂ ਜਾਣੂ ਰੱਖ ਰਹੇ ਸਨ।

ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਲਾਮਾਂ ਦਾ ਹਸ਼ਰ ਕੀ ਹੁੰਦਾ ਹੈ। ਗੁਲਾਮ ਹਿੰਦੀਆਂ ਦਾ ਦੇਸ਼ ਤੇ ਵਿਦੇਸ਼ ਵਿਚ ਇਕੋ ਜਿਹਾ ਹੀ ਹਾਲ ਸੀ। ਫਰਕ ਸਿਰਫ ਇੰਨਾ ਕੁ ਸੀ ਕਿ ਹਿੰਦੋਸਤਾਨ ਵਿਚ ਸਾਰੇ ਗੁਲਾਮ ਸਨ। ਲੋਕਾਂ ਨੂੰ ਕੋਈ ਆਜ਼ਾਦ ਜ਼ਿੰਦਗੀ ਜਿਊਣ ਵਾਲੇ ਵਿਅਕਤੀ ਦਾ ਮਾਡਲ ਨਹੀਂ ਸੀ ਦਿਸ ਰਿਹਾ। ਜਦਕਿ ਅਮਰੀਕਾ ਕੈਨੇਡਾ ਵਿਚ ਗੁਲਾਮ ਹਿੰਦੀਆਂ ਲਈ ਆਜ਼ਾਦੀ ਨੂੰ ਮਾਣ ਰਹੇ ਅਣਗਿਣਤ ਮਾਡਲਾਂ ਦੇ ਦਰਸ਼ਨ ਹੁੰਦੇ ਸਨ। ਇਸੇ ਲਈ ਉਹਨਾਂ ਨੇ ਵਿਦੇਸ਼ਾਂ ਵਿਚ ਗੁਲਾਮੀ ਵਾਲੀ ਜ਼ਿੰਦਗੀ ਬਸਰ ਕਰਨ ਨੂੰ ਆਪਣੀ ਹੇਠੀ ਸਮਝਿਆ ਤੇ ਸੰਘਰਸ਼ ਦਾ ਰਾਹ ਫੜ ਲਿਆ। ਇਹ ਸੰਘਰਸ਼ ਗੁਲਾਮੀ ਨੂੰ ਨਿੰਦਦਾ ਹੋਇਆ, ਆਜ਼ਾਦੀ ਨੂੰ ਸਰਾਹੁੰਦਾ ਹੋਇਆ ਵਿਦੇਸ਼ ਤੋਂ ਦੇਸ਼ ਵੱਲ ਨੂੰ ਆਇਆ।

ਆਜ਼ਾਦੀ ਦੇ ਦਿਨਾਂ 'ਚ ਕਿਸੇ ਦੇ ਦਿਲ ਨੂੰ ਕੋਈ ਤੰਗੀ ਨਹੀਂ ਹੁੰਦੀ।
ਗੁਲਾਮੀ ਕਦੇ ਖੁਸ਼ੀਆਂ ਦੇ ਰੰਗਾਂ ਵਿਚ ਰੰਗੀ ਨਹੀਂ ਹੁੰਦੀ।
ਵਤਨ ਦੇ ਆਸ਼ਕਾਂ ਨੇ ਤਾਂ ਇਹ ਸਿੱਧ ਕੀਤਾ ਹੈ।
ਗੁਲਾਮੀ ਤਾਂ ਯਾਰੋ ਰੱਬ ਦੀ ਵੀ ਚੰਗੀ ਨਹੀਂ ਹੁੰਦੀ।

### ਗਦਰ ਪਾਰਟੀ ਅਤੇ ਕਾਮਾਗਾਟਾਮਾਰੂ ਦੇ ਘਟਨਾਕ੍ਰਮ 'ਚ ਲਾਸਾਨੀ ਭੂਮਿਕਾ

ਬਾਬੂ ਹਰਨਾਮ ਸਿੰਘ 1913 ਈਸਵੀ ਦੇ ਸ਼ੁਰੂ 'ਚ ਕਿਸੇ ਨਾ ਕਿਸੇ ਤਰ੍ਹਾਂ ਬਚ-ਬਚਾ ਕੇ ਕੈਨੇਡਾ ਆ ਗਏ। ਇੱਥੇ ਆ ਕੇ ਉਹ ਕਿਹੜਾ ਵਿਹਲੇ ਰਹਿ ਕੇ ਦਿਨ ਕੱਟਣ ਵਾਲੇ ਸਨ। ਫਿਰ ਪੁਰਾਣੇ ਸਾਥੀਆਂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਹੁਰਾਂ ਨਾਲ ਮੇਲ ਜੋਲ ਵਧਾ ਕੇ ਸੰਗਰਾਮੀ ਲਹਿਰ ਨੂੰ ਪੈਰਾਂ ਤੇ ਲੈ ਆਂਦਾ। ਲਾਲਾ ਹਰਦਿਆਲ ਅਤੇ ਬਾਬਾ ਸੋਹਣ ਸਿੰਘ ਭਕਨਾ ਨਾਲ ਮੀਟਿੰਗਾਂ ਨੇ ਵੀ ਬਾਬੂ ਹਰਨਾਮ ਸਿੰਘ ਦੇ ਖੂਨ ਨੂੰ ਹੋਰ ਰਵਾਂ ਕਰ ਦਿੱਤਾ ਸੀ। ਬਾਬਾ ਸੋਹਣ ਸਿੰਘ ਭਕਨਾ ਦੇ ਤਾਂ ਉਹ ਪੁਰਾਣੇ ਵਾਕਫ ਸਨ। ਕਿਉਂਕਿ ਵਿਦੇਸ਼ ਆਉਣ ਸਮੇਂ ਪਹਿਲੀ ਰਾਤ ਬਾਬਾ ਭਕਨਾ ਨੇ ਬਾਬੂ ਹਰਨਾਮ ਸਿੰਘ ਦੇ ਘਰ ਹੀ ਗੁਜ਼ਾਰੀ ਸੀ। ਇਹਨਾਂ ਦਿਨਾਂ ਵਿਚ ਵਿਦੇਸ਼ 'ਚ ਵੀ ਹਿੰਦੋਸਤਾਨ ਦੀ ਤਰ੍ਹਾਂ ਤਿੰਨ ਤਰ੍ਹਾਂ ਦੀਆਂ ਲਹਿਰਾਂ ਚੱਲ ਰਹੀਆਂ ਸਨ। ਇਕ ਲਹਿਰ ਦੇ ਵਿਅਕਤੀ ਨਰਮ ਖਿਆਲਾਂ ਦੇ ਧਾਰਨੀ ਸਨ। ਕਿਸੇ ਵੀ ਤਰ੍ਹਾਂ ਦੀ ਟਕਰਾਅ ਵਾਲੀ ਨੀਤੀ ਤੋਂ ਇਹ ਆਪਣੇ ਆਪ ਨੂੰ ਅਲੱਗ ਰੱਖਦੇ ਸਨ। ਦੂਸਰੀ ਲਹਿਰ ਵਿਚ ਸ਼ਾਮਲ ਵਿਅਕਤੀ ਬਿਲਕੁਲ ਅੰਗਰੇਜ਼ ਪੱਖੀ ਸਨ। ਅੰਗਰੇਜ਼ਾਂ ਨੂੰ 'ਮਾਈ ਬਾਪ' ਆਖ ਕੇ ਉਹ ਉਹਨਾਂ ਦੇ ਕਹੇ ਦਿਨ ਨੂੰ ਵੀ ਰਾਤ ਤੇ ਰਾਤ ਨੂੰ ਦਿਨ ਕਹਿਣ ਲਈ ਤਿਆਰ ਸਨ। ਤੀਸਰੀ ਲਹਿਰ ਵਿਚ ਸ਼ਾਮਲ ਵਿਅਕਤੀਆਂ ਨੂੰ ਗਰਮ ਧੜਾ ਆਖਿਆ ਜਾਂਦਾ ਸੀ। ਇਹ ਕਿਸੇ ਵੀ ਪ੍ਰਕਾਰ ਦੇ ਜ਼ੁਲਮ ਨੂੰ ਸਹਿਣ ਲਈ ਤਿਆਰ ਨਹੀਂ ਸਨ। ਇਹਨਾਂ ਦੀ ਸੋਚ ਮਾਨਵਵਾਦੀ ਸੀ ਤੇ ਸੁਭਾਅ ਨਿਡਰ। ਬਾਬੂ ਹਰਨਾਮ ਸਿੰਘ ਇਸ ਤੀਸਰੀ ਲਹਿਰ ਦੇ ਸਿਰਕੱਢ ਆਗੂ ਸਨ।

ਬਾਬੂ ਹਰਨਾਮ ਸਿੰਘ ਵਾਂਗ ਲਾਲਾ ਹਰਦਿਆਲ ਵੀ ਗਦਰ ਲਹਿਰ ਨੂੰ ਅੰਜ਼ਾਮ ਦੇਣ ਵਾਲੇ ਵੱਡੇ ਯੋਧੇ ਸਨ। ਲਾਲਾ ਹਰਦਿਆਲ ਬਹੁਤ ਵੱਡੇ ਵਿਦਵਾਨ ਸਨ ਅਤੇ ਉਹਨਾਂ ਦੀ ਯਾਦ ਸ਼ਕਤੀ ਵੀ ਕਮਾਲ ਦੀ ਸੀ।

ਕੈਨੈਡਾ ਵਿਚ ਬਾਬੂ ਹਰਨਾਮ ਸਿੰਘ ਹਿੰਦੀਆਂ ਦੇ ਇਕੱਠਾਂ ਵਿਚ ਇਨਕਲਾਬੀ ਟਿੱਪਣੀਆਂ ਲਈ ਮਸ਼ਹੂਰ ਸੀ ਅਤੇ ਅਮਰੀਕਾ ਵਿਚ ਲਾਲਾ ਹਰਦਿਆਲ। ਇਹਨਾਂ ਦੀਆਂ ਤਕਰੀਰਾਂ ਸੁਣ ਕੇ ਸੈਂਕੜੇ ਹਿੰਦੀਆਂ ਨੇ ਇਨਕਲਾਬੀ ਸੰਘਰਸ਼ ਵਿਚ ਕੁੱਦਣ ਦਾ ਫੈਸਲਾ ਕਰ ਲਿਆ।

ਹਿੰਦੋਸਤਾਨ ਦੀ ਆਜ਼ਾਦੀ ਲਈ ਵੱਖ-ਵੱਖ ਥਾਵਾਂ ਤੇ ਇਨਕਲਾਬੀ ਸੰਗਠਨਾਂ ਤੇ ਜ਼ੋਰ ਅਜ਼ਮਾਈ ਆਰੰਭ ਕਰ ਦਿੱਤੀ ਸੀ। ਪਰ ਇਸ ਨਾਲ ਕਿਸੇ ਵੱਡੇ ਸੰਘਰਸ਼ ਦੀ ਆਸ ਨਹੀਂ ਸੀ ਰੱਖੀ ਜਾ ਸਕਦੀ।

ਲੋੜ ਸੀ ਇਹਨਾਂ ਖਿਲਰੀਆਂ ਹੋਈਆਂ ਜਥੇਬੰਦੀਆਂ ਨੂੰ ਇਕ ਮਾਲਾ ਵਿਚ ਪਰੋਣ ਦੀ, ਤਾਂ ਕਿ ਇਕੋ ਝੰਡੇ ਹੇਠ ਇਕੱਠੇ ਹੋ ਕੇ ਸ਼ਕਤੀਸ਼ਾਲੀ ਯੁੱਧ ਛੇੜਿਆ ਜਾ ਸਕੇ। ਇਸ ਕੰਮ ਨੂੰ ਬੂਰ ਪਿਆ 21 ਅਪ੍ਰੈਲ 1913 ਨੂੰ ਜਦੋਂ ਅਮਰੀਕਾ ਵਿਖੇ ਭਾਈ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ ਸੈਂਕੜੇ ਹਿੰਦੀਆਂ ਦਾ ਇਕੱਠ ਹੋਇਆ। ਇਸ ਇਕੱਠ ਵਿਚ ''ਲਾਲਾ ਹਰਦਿਆਲ ਅਤੇ ਹੋਰਨਾਂ ਸਾਥੀਆਂ ਦੇ ਲੈਕਚਰਾਂ ਤੋਂ ਬਾਅਦ ਇਹ ਬੁਨਿਆਦੀ ਮਤਾ ਪਾਸ ਕੀਤਾ ਗਿਆ-

1. ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਸੁਖਾਲਾ ਤੇ ਸਿੱਧਾ ਜਿਹਾ ਹੀ ਰੱਖਿਆ ਜਾਵੇ।
2. ਜਥੇਬੰਦੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ੀ ਗੁਲਾਮੀ ਤੋਂ ਹਿੰਦੋਸਤਾਨ ਨੂੰ ਛੁਡਾਉਣਾ ਅਤੇ ਆਜ਼ਾਦੀ ਦੀ ਬਰਾਬਰ ਦੀਆਂ ਬੁਨਿਆਦਾਂ ਉਤੇ ਕੌਮੀ ਜਮਹੂਰੀਅਤ ਕਾਇਮ ਕਰਨੀ।
3. ਜਥੇਬੰਦੀ ਦਾ ਹੈਡਕੁਆਰਟਰ ਕੈਲੇਫੋਰਨੀਆ ਦੇ ਸਾਨਫਰਾਂਸਿਸਕੋ ਸ਼ਹਿਰ ਵਿਚ ਰਹੇਗਾ ਜੋ ਸਮੁੰਦਰੀ ਘਾਟ ਵੀ ਹੈ ਅਤੇ ਦੁਨੀਆ ਦੇ ਇਨਕਲਾਬੀਆਂ ਦਾ ਕੇਂਦਰ ਵੀ।
4. ਜਥੇਬੰਦੀ ਦਾ ਹਫਤਾਵਾਰ ਅਖਬਾਰ ਨਿਕਲੇਗਾ ਜਿਸਦਾ ਨਾਂ 'ਗਦਰ' ਹੋਵੇਗਾ ਅਤੇ ਹਿੰਦੋਸਤਾਨ ਦੀਆਂ ਉਰਦੂ, ਪੰਜਾਬੀ, ਹਿੰਦੀ ਤੇ ਹੋਰਨਾਂ ਜ਼ੁਬਾਨਾਂ ਵਿਚ ਛਪਿਆ ਕਰੇਗਾ।
5. ਜਥੇਬੰਦੀ ਦੀ ਹਰ ਸਾਲ ਚੋਣ ਹੋਇਆ ਕਰੇਗੀ।
6. ਹਰ ਇਕ ਕਾਰਖਾਨੇ ਜਾਂ ਰੇਲ ਮਜ਼ਦੂਰਾਂ ਦੀ ਟੋਲੀ ਵਿਚ ਕੰਮ ਕਰਨ ਵਾਲੇ ਹਿੰਦੋਸਤਾਨੀ ਮੈਂਬਰਾਂ ਦੀ ਉਸ ਕਾਰਖਾਨੇ ਜਾਂ ਟੋਲੀ ਵਿਚ ਇਕ ਚੁਣੀ ਹੋਈ ਕਮੇਟੀ ਹੋਇਆ ਕਰੇਗੀ ਜਿਹੜੀ ਕੇਂਦਰ ਨਾਲ ਸਿੱਧੀ ਸਬੰਧਤ ਹੋਇਆ ਕਰੇਗੀ।
7. ਥੱਲੇ ਦੀਆਂ ਕਮੇਟੀਆਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਇਕ ਕੇਂਦਰੀ ਇੰਤਜ਼ਾਮੀਆ ਕਮੇਟੀ ਹੋਵੇਗੀ ਜੋ ਅਖਬਾਰ, ਪ੍ਰੈਸ ਤੇ ਹੋਰ ਖੁੱਲ੍ਹੇ ਕੰਮਾਂ ਨੂੰ ਚਲਾਵੇਗੀ।
8. ਇੰਤਜ਼ਾਮੀਆ ਕਮੇਟੀ ਆਪਣੇ ਵਿਚੋਂ ਤਿੰਨਾਂ ਜਣਿਆਂ ਦਾ ਇਕ ਕਮਿਸ਼ਨ ਚੁਣੇਗੀ ਜਿਸ ਦੇ ਹੱਥ ਜਥੇਬੰਦੀ ਦੀ ਪੋਲੀਟੀਕਲ ਤਾਕਤ ਤੇ ਖੁਫੀਆ ਕੰਮ ਦੀ ਸਾਰੀ ਜ਼ਿੰਮੇਵਾਰੀ ਹੋਵੇਗੀ।
9. ਹਰ ਮੈਂਬਰ ਘੱਟੋ ਘੱਟ ਇਕ ਡਾਲਰ ਮਹੀਨਾ ਚੰਦਾ ਦੇਵੇਗਾ।
10. ਜਥੇਬੰਦੀ ਵਿਚ ਬਹਿਸਾਂ ਦੀ ਕੋਈ ਥਾਂ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਆਪਣਾ ਨਿੱਜੀ ਨੇਮ ਹੋਵੇਗਾ।

**(ਚਲਦਾ)**

# ਅੰਬੇਡਕਰ ਬਾਬਾ ਦੇ ਫਿਰ ਤੋਂ ਆਉਣ ਦੀ ਸਖ਼ਤ ਜ਼ਰੂਰਤ



ਕੇ. ਸੀ. ਸੁਲੇਖ
0172-4623503

## ਸਵਾਰਥ ਦੀਆਂ ਤੰਗ ਗਲੀਆਂ 'ਚ ਫਸ ਕੇ ਨੇਤਾ ਲੋਕ ਰਸਤੇ ਤੋਂ ਭਟਕ ਗਏ ਹਨ, ਸਮਾਜਿਕ ਕ੍ਰਾਂਤੀ ਕਿੱਥੇ ਹੈ?

ਕੀ ਵਰਤਮਾਨ ਦਲਿਤ ਲੀਡਰਸ਼ਿਪ (ਆਗੂ ਮੰਡਲੀ) ਨੇ ਰੋਹਿਤ ਵੇਮੁਲਾ ਵਰਗੇ ਨੌਜਵਾਨ ਅੰਬੇਡਕਰੀ ਪੈਰੋਕਾਰਾਂ ਨੂੰ ਨਿਰਾਸ਼ ਕੀਤਾ ਹੈ? ਇਸ ਸਵਾਲ ਨੂੰ ਲੈ ਕੇ ਪ੍ਰਸਿੱਧ ਟੀ. ਵੀ. ਐਂਕਰ /ਲੇਖਿਕਾ ਸਾਗਰਿਕਾ ਘੋਸ਼ ਨੇ 'ਦਾ ਟਾਈਮਜ਼ ਆਫ ਇੰਡੀਆ '3-2-16) ਵਿਚ ਛਪੇ ਆਪਣੇ ਲੇਖ Wanted : Ambedkar 2.0 ਵਿਚ ਦਲਿਤ ਲੀਡਰਾਂ ਅਤੇ ਦਲਿਤ ਰਾਜਨੀਤੀ ਬਾਰੇ ਵਿਸਥਾਰ ਪੂਰਵਕ ਟਿੱਪਣੀ ਕੀਤੀ ਹੈ ਅਤੇ ਨਾਲ ਹੀ ਨਾਲ ਵਾਪਰ ਰਹੇ ਡੂੰਘੇ ਸੰਕਟ 'ਚੋਂ ਨਿਕਲਣ ਲਈ ਫਿਰ ਤੋਂ ਇਕ ਅੰਬੇਡਕਰ ਆਉਣ ਦੀ ਜ਼ਰੂਰਤ ਨੂੰ ਮਹਿਸੂਸ ਕਰਾਇਆ ਬਣਾਉਣ ਵਾਲੇ ਖਾਸ ਕਰ ਪੇਸ਼ਾਵਰ ਨੇਤਾਵਾਂ ਲਈ ਸੋਚਣ ਅਤੇ ਕੋਈ ਫੈਸਲਾਕੁੰਨ ਮੋੜ ਲੈਣ ਲਈ ਵੰਗਾਰ ਦਾ ਕੰਮ ਕਰ ਸਕਦੀ ਹੈ।

ਕਹਿਣ ਨੂੰ ਤਾਂ ਦਲਿਤ ਅਖਵਾਉਣ ਵਾਲੀ ਜਨਤਾ ਗਿਣਤੀ ਪੱਖੋਂ ਹੋਰ ਕਿਸੇ ਵੀ ਇਕੱਲੇ ਸਮੁਦਾਇ ਦੇ ਮੁਕਾਬਲੇ ਸਭ ਤੋਂ ਵੱਧ ਹੈ ਅਤੇ ਸਮੁੱਚੇ ਤੌਰ ਤੇ ਭਾਰਤ ਦੇਸ਼ ਦੀ ਕੁੱਲ ਆਬਾਦੀ ਦੇ ਲੱਗਭੱਗ ਤੀਜੇ ਹਿੱਸੇ ਦੇ ਬਰਾਬਰ ਹੈ। ਫਿਰ ਵੀ ਗਰੀਬੀ, ਭੁੱਖਮਰੀ, ਅਨਪੜ੍ਹਤਾ, ਦਰਿੱਦਰਤਾ, ਬਿਮਾਰੀਆਂ ਪੱਖੋਂ ਵੀ ਉਹ ਸਭ ਤੋਂ ਉਪਰ ਹੈ (ਅੰਕੜੇ ਆਏ ਦਿਨ ਛਪਦੇ ਰਹਿੰਦੇ ਹਨ) ਦਬੰਗ ਅਤੇ ਜਾਬਰ ਲੋਕਾਂ/ਤਬਕਿਆਂ ਵੱਲੋਂ ਕੀਤੇ ਜਾ ਰਹੇ ਜ਼ੁਲਮ, ਅੱਤਿਆਚਾਰਾਂ, ਬੇਇਨਸਾਫੀਆਂ ਅਤੇ ਜ਼ਿਆਦਤੀਆਂ ਦੇ ਸਭ ਤੋਂ ਵੱਡੇ ਸ਼ਿਕਾਰ ਜੇ ਕੋਈ ਹੈ ਤਾਂ ਉਹ ਵੀ ਇਹੀ ਲੋਕ ਹਨ। ਕੀ ਇਹੀ ਜਿਹੇ ਲੂੰ ਖੜ੍ਹੇ ਕਰਨ ਵਾਲੇ ਹਾਲਾਤ ਕਿਸੇ ਵੀ ਸੋਚਵਾਨ ਵਿਚਾਰਸ਼ੀਲ ਵਿਅਕਤੀ ਖਾਸ ਕਰ ਲੋਕਾਂ ਦੇ ਬਣੇ ਨੁਮਾਇੰਦੇ ਲੀਡਰਾਂ ਦੀ ਜ਼ਮੀਰ/ਆਤਮਾ ਨੂੰ ਟੁੰਬਣ ਲਈ ਕਾਫੀ ਨਹੀਂ? ਕਮਜ਼ੋਰੀਆਂ, ਊਣਤਾਈਆਂ, ਮੁਸ਼ਕਿਲਾਂ, ਰੁਕਾਵਟਾਂ ਬਹੁਤ ਹਨ। ਕਮਜ਼ੋਰ ਤਬਕਿਆਂ ਨੂੰ ਆਪਣੇ ਸਵਾਰਥ ਲਈ ਦਬਾਈ ਰੱਖਣ ਵਾਲੇ ਲੋਕ ਅਤੇ ਸਮੂਹ ਬਹੁਤ ਹਨ। ਗਰੀਬ ਨੂੰ ਹੋਰ ਕਮਜ਼ੋਰ ਕਰਕੇ ਉਸ ਦੇ ਰਹਿੰਦੇ ਖੂੰਹਦੇ ਮਾਸ ਨੂੰ ਮਾਸ ਨੂੰ ਨੋਚਣ ਵਾਲੀਆਂ ਸਾਮੰਤੀ ਗਿਰਝਾਂ ਦੀ ਵੀ ਕਮੀ ਨਹੀਂ ਪਰ ਇਹ ਵੀ ਤਾਂ ਕੋਈ ਗੱਲ ਨਾ ਹੋਈ ਕਿ ਅੱਤਿਆਚਾਰਾਂ ਅਤੇ ਬੇਇੱਜ਼ਤੀਆਂ ਨੂੰ ਬਿਨਾਂ ਹੁੱਜ ਕੀਤਿਆਂ ਉਵੇਂ ਜਿਵੇਂ ਚਲਦਾ ਰਹਿਣ ਦਿੱਤਾ ਜਾਵੇ, ਜਿਵੇਂ ਉਹ ਚੱਕਰ ਸਦੀਆਂ ਤੋਂ ਚਲਦਾ ਆ ਰਿਹਾ ਹੈ। ਭਾਰਤ ਵਿਦੇਸ਼ੀਆਂ ਦੀ ਗੁਲਾਮੀ ਤੋਂ ਕਦੋਂ ਦਾ ਆਜ਼ਾਦ ਹੋ ਚੁੱਕਿਆ ਹੈ ਲੇਕਿਨ ਇਹ ਸਮੂਹ ਸਹੀ ਆਕਾਰ ਵਿਚ ਆਜ਼ਾਦ ਕਿਉਂ ਨਹੀਂ ਹੋਇਆ? ਆਖਿਰ ਇਸ ਪਏ ਅੜਿੱਕੇ ਦੀ ਜੜ੍ਹ ਹੈ ਕਿੱਥੇ, ਜਿਸ ਨੂੰ ਲੱਭ ਕੇ ਦੂਰ ਕੀਤਾ ਜਾਵੇ ਅਤੇ ਇਹ ਲੋਕ ਵੀ ਪੂਰੇ ਇਨਸਾਨ ਬਣ ਕੇ ਸਿਰ ਉੱਚਾ ਕਰਕੇ ਤੁਰ ਫਿਰ ਸਕਣ। ਇਸੇ ਕਮਜ਼ੋਰ ਕੜੀ ਦੀ ਨਿਸ਼ਾਨਦੇਹੀ ਕਰਕੇ ਲੇਖਿਕਾ ਨੇ ਬੜੇ ਨਿਰਪੱਖ ਮਨ ਨਾਲ ਬਾਬਾ ਸਾਹਿਬ ਅੰਬੇਡਕਰ ਦੀ ਰਾਜਨੀਤਿਕ ਵਿਚਾਰਧਾਰਾ ਦੇ ਪਰਿਪੇਖ ਵਿਚ ਵਰਤਮਾਨ ਦਲਿਤ ਰਾਜਨੀਤੀ 'ਤੇ ਚਰਚਾ ਕੀਤੀ ਹੈ ਜੋ ਵਾਕਈ ਪੜ੍ਹਨ ਅਤੇ ਚਿੰਤਨ ਯੋਗ ਹੈ। ਹੋ ਸਕਦਾ ਹੈ ਕਿ ਉਸ ਤੋਂ ਬਾਅਦ ਜੇ ਅਗਵਾਈ ਕਰ ਰਹੇ ਰਾਜਨੀਤਿਕ ਟੋਲੇ ਦੇ ਦਿਲ ਵਿਚ ਨਹੀਂ ਤਾਂ ਉਸ ਨੂੰ ਬਣਾਉਣ ਵਾਲੀ ਜਨਤਾ ਦੇ ਹੀ ਦਿਲ ਵਿਚ ਹਰਕਤ ਪੈਦਾ ਹੋ ਜਾਵੇ। ਆਜ਼ਾਦ ਸੋਚ ਕਿਸੇ ਦੀ ਗੁਲਾਮ ਤਾਂ ਨਹੀਂ ਹੁੰਦੀ। ਉਹ ਲਿਖਦੀ ਹੈ: ਰਾਜਨੀਤਿਕ ਸੁਰ ਵਿਚ ਡਾ. ਅੰਬੇਡਕਰ ਦਾ ਜੋ ਸਰਕਾਰ ਵੱਲੋਂ ਗੁਣਗਾਣ ਕੀਤਾ ਗਿਆ ਹੈ, ਉਸ ਦੇ ਸਹੀ ਹੁੰਦਿਆਂ ਵੀ ਉਸ ਨੂੰ ਰੋਹਿਤ ਵੇਮੁਲਾ ਦੀ ਮੌਤ ਨੇ ਬੇਸੁਰਾ ਅਤੇ ਅਰਥਹੀਣ ਬਣਾ ਦਿੱਤਾ ਹੈ। ਨੇਤਾ ਲੋਕ ਰਾਹੁਲ ਗਾਂਧੀ ਤੋਂ ਲੈ ਕੇ ਚਿਰਾਗ ਪਾਸਵਾਨ ਤੱਕ, ਮਾਇਆਵਤੀ ਤੋਂ ਲੈ ਕੇ ਅਰਵਿੰਦ ਕੇਜਰੀਵਾਲ ਤੱਕ ਹੈਦਰਾਬਾਦ ਜਾ ਕੇ ਸਭ ਨੇ ਰਸਮੀ ਤੌਰ ਤੇ ਹਮਦਰਦੀ ਦਿਖਾਈ ਲੇਕਿਨ ਇਸ ਰਾਜਨੀਤਿਕ ਜਮਾਤ ਨੇ ਡਾ. ਅੰਬੇਡਕਰ ਸਾਹਿਬ ਦੀ ਉਸ ਵਿਚਾਰਧਾਰਕ ਸੋਚ ਬਿੰਦੂ ਨੂੰ ਸਾਕਾਰ ਕਰਨ ਦਾ ਇਕ ਵੀ ਸਬੂਤ ਨਹੀਂ ਦਿੱਤਾ ਕਿ ਉਹ ਉਸ ਨੂੰ 21ਵੀਂ ਸਦੀ ਦੇ ਭਾਰਤ ਵਿਚ ਮੂਰਤੀਮਾਨ ਕਰਨ ਲਈ ਕੀ ਕਰਨਾ ਚਾਹੁੰਦੇ ਹਨ। ਉਹ ਡਾ. ਅੰਬੇਡਕਰ ਨੂੰ ਆਪਣਾ 'ਸਕਾ' ਦਿਖਾਉਣ ਦੀ ਹੋੜ ਵਿਚ ਇਕ ਦੂਜੇ ਤੋਂ ਵੱਧ ਜੋਸ਼ ਦਿਖਾ ਰਹੇ ਹਨ, ਜਿਵੇਂ ਇਹਨਾਂ ਲਈ ਉਹ ਕੇਵਲ ਕੋਈ ਸ਼ੋਅ ਪੀਸ (ਦਿਖਾਵਟੀ ਵਸਤੂ) ਹੈ, ਇਸ ਤਰ੍ਹਾਂ ਉਹਨਾਂ ਦੇ ਵਿਚਾਰਧਾਰਕ ਤੱਤ ਦੀ ਕੀ ਕੀਮਤ ਰਹਿ ਜਾਂਦੀ ਹੈ? ਰੋਹਿਤ ਦੀ ਜਾਤ ਦੇ ਸਵਾਲ ਨੂੰ ਖੜ੍ਹੇ ਕਰਕੇ ਭਾਜਪਾ ਆਪਣੇ ਮੰਤਰੀ ਬੰਡਾਰੂ ਦੱਤਾਤ੍ਰੇ ਨੂੰ ਐਸ. ਸੀ./ ਐਸ. ਟੀ. ਐਕਟ ਦੀ ਸਜ਼ਾ ਤੋਂ ਤਾਂ ਬਚਾ ਸਕਦੀ ਲੇਕਿਨ ਇਸ ਦਾ ਉਹਨਾਂ ਲੋਕਾਂ ਤੇ ਕੀ ਅਸਰ ਜਿਹੜੇ ਊਚ ਨੀਚ ਅਤੇ ਜਾਤ ਪਾਤੀ ਨਫ਼ਰਤ ਦੀ ਵਹਿਸ਼ੀਆਨਾ ਵਿਵਸਥਾ ਦੇ ਸ਼ਿਕਾਰ ਬਣੇ ਹੋਏ ਹਨ?

ਪਾਸਵਾਨ ਅਤੇ ਮਾਇਆਵਤੀ ਨੂੰ ਦਲਿਤ ਹੋਣ ਦਾ ਫਾਇਦਾ ਜ਼ਰੂਰ ਮਿਲਿਆ ਹੈ, ਲੇਕਿਨ ਉਹਨਾਂ ਨੇ ਵੀ ਇਸ ਨੂੰ ਆਪਣੀ ਵਿਅਕਤੀਗਤ ਮਹਿਮਾ ਲਈ ਹੀ ਵਰਤਿਆ ਹੈ, ਜਿਸ ਦਾ ਸਮੁੱਚੇ ਰੂਪ ਵਿਚ ਸੱਤਾ ਢਾਂਚੇ ਨੂੰ ਦਲਿਤ-ਪੱਖੀ ਜਾਂ ਦਲਿਤ-ਦੋਸਤ ਬਣਾਉਣ ਵਿਚ ਮੁਸ਼ਕਿਲ ਨਾਲ ਕੋਈ ਫਰਕ ਪਿਆ ਜਿਸ ਦੀ ਅੰਬੇਡਕਰ ਨੇ ਕਲਪਨਾ ਕੀਤੀ ਸੀ ਕਿ ਰਾਜਨੀ-ਤਿਕ ਸ਼ਕਤੀ ਦਾ ਅਸਲ ਉਦੇਸ਼ ਦੇਸ਼ ਵਿਚ ਸਮਾਜਿਕ ਸਮਾਨਤਾ ਦਾ ਰਾਜ ਸਥਾਪਤ ਕਰਨਾ ਹੈ। ਅੰਬੇਡਕਰ ਸਾਹਿਬ ਦੀ ਸਪਸ਼ਟ ਮਾਨਤਾ ਸੀ ਕਿ ਜੇ ਰਾਜਨੀਤਿਕ ਲੋਕਤੰਤਰ ਸਮਤਾਵਾਦੀ ਸਮਾਜ ਪੈਦਾ ਨਹੀਂ ਕਰ ਸਕਦਾ ਤਾਂ ਉਹ ਕਿਸੇ ਕੰਮ ਦਾ ਨਹੀਂ ਹੈ। ਅਰਥਹੀਣ ਹੈ। ਉਹਨਾਂ ਨੇ ਆਪਣੀ ਸ਼ਾਹਕਾਰ ਰਚਨਾ Annihilation of Caste (ਜਾਤ ਪਾਤ ਦਾ ਬੀਜਨਾਸ਼) ਵਿਚ ਉੱਚ ਜਾਤੀਏ ਸਮਾਜ ਸੁਧਾਰਕਾਂ ਦੀ ਤਿੱਖੀ ਆਲੋਚਨਾ ਕੀਤੀ, ਜਿਹਨਾਂ ਨੇ ਜਾਤ ਵਿਵਸਥਾ ਦੇ ਖਿਲਾਫ ਜੰਗ ਲੜਨ ਲਈ ਕੋਈ ਹੌਸਲਾ ਨਹੀਂ ਦਿਖਾਇਆ। ਇਸੇ ਲਈ ਉਹਨਾਂ ਨੂੰ ਉੱਚ ਜਾਤੀਆਂ ਵਿਚੋਂ ਬਣੇ ਦਲਿਤ ਲੀਡਰਾਂ ਪ੍ਰਤੀ ਸਖ਼ਤ ਨਫ਼ਰਤ ਸੀ। ਡਾ. ਅੰਬੇਡਕਰ ਨੇ ਨਾ ਕੇਵਲ ਹਿੰਦੂ ਧਰਮ ਅਤੇ ਉਸ ਦੀ ਪੈਦਾਵਾਰ ਜਾਤ ਵਿਵਸਥਾ ਨੂੰ ਹੀ ਠੁਕਰਾਇਆ ਸਗੋਂ ਉੱਚ ਜਾਤੀ ਦੇ ਲੀਡਰਾਂ ਦੀ ਅਗਵਾਈ ਨੂੰ ਵੀ ਨਕਾਰ ਦਿੱਤਾ। ਲੇਕਿਨ ਆਜ਼ਾਦੀ ਉਪਰੰਤ ਉਹਨਾਂ ਦੇ ਵਾਰਸਾਂ ਪਾਸਵਾਨ, ਮਾਇਆਵਤੀ ਜਾਂ ਅਠਾਵਲੇ ਨੇ ਕੇਵਲ ਸੱਤਾ ਪ੍ਰਾਪਤੀ ਦੀ ਖਾਤਰ ਦੂਜੀਆਂ ਪਾਰਟੀਆਂ ਦੇ ਥੱਲੇ ਲੱਗ ਕੇ ਉਹਨਾਂ ਨਾਲ ਬੇ-ਅਸੂਲੇ ਸਮਝੌਤੇ ਕਰਨ ਵਿਚ ਦੇਰੀ ਨਹੀਂ ਕੀਤੀ। ਇਹਨਾਂ ਨੇ ਅੰਬੇਡਕਰ ਸਾਹਿਬ ਦੇ ਹਿੰਦੂ ਉੱਚ ਜਾਤੀ ਜਾਤਪਾਤੀ ਢਾਂਚੇ ਅਤੇ ਧਾਰਮਿਕ ਗਲਬੇ (ਪ੍ਰਧਾਨਤਾ) ਦੇ ਮੁਕਾਬਲੇ ਬਰਾਬਰ ਦੀ ਧਿਰ ਬਣਨ ਦੇ ਸੰਕਲਪ ਨੂੰ ਉੱਕਾ ਹੀ ਭੁਲਾ ਦਿੱਤਾ। ਲੜਾਕੂ ਸੁਭਾਅ ਦੇ ਰਾਮਦਾਸ ਅਠਾਵਲੇ ਅਤੇ ਉਸ ਦਾ ਸੰਗਠਨ ਆਰ. ਪੀ. ਆਈ. ਆਪਣੇ ਲਈ ਸਹੂਲਤਾਂ ਅਤੇ ਰਿਆਇਤਾਂ ਲੈਣ ਲਈ ਕਿਸੇ ਵੀ ਪਾਰਟੀ ਦੇ ਪੈਰੀਂ ਪੈਣ ਨੂੰ ਤਿਆਰ ਹੋ ਗਿਆ। ਰਾਮਵਿਲਾਸ ਪਾਸਵਾਨ ਦੀ ਇਹ ਵਿਸ਼ੇਸ਼ਤਾ ਕਿਸੇ ਤੋਂ ਵੀ ਭੁੱਲੀ ਨਹੀਂ ਕਿ 1990 ਦੇ ਯੂਨਾਈਟਿਡ ਫਰੰਟ ਤੋਂ ਬਾਅਦ ਕੇਂਦਰ ਵਿਚ ਕਿਸੇ ਪਾਰਟੀ ਦੀ ਵੀ ਸਰਕਾਰ ਬਣੇ ਉਸ ਨੇ ਮੰਤਰੀ ਮੰਡਲ ਵਿਚ ਮੰਤਰੀ ਬਣਨਾ ਹੀ ਹੈ। ਕਾਂਸ਼ੀ ਰਾਮ ਜੀ ਅਤੇ ਮਾਇਆਵਤੀ ਦੀ ਚੜ੍ਹਤ ਦੇ ਦਿਨਾਂ ਵਿਚ ਲੋਕਾਂ ਦੀ ਇਹ ਆਮ ਧਾਰਨਾ ਬਣ ਗਈ ਸੀ ਕਿ ਮੁੱਖ ਧਾਰਾ ਦੇ ਪ੍ਰਾਣਘਾਤੀ ਦੁਸ਼ ਚੱਕਰ ਨੂੰ ਤੋੜ ਕੇ ਬਾਹਰ ਨਿਕਲ ਆਉਣਗੇ। 1976 ਵਿਚ ਬਾਮਸੇਫ ਨੇ ਆਪਣੇ ਇਕ ਸੂਚਨਾ ਪੱਤਰ ਵਿਚ ਕਿਹਾ ਸੀ : ਦਲਿਤ ਸਮਾਜ ਦੇ ਪੜ੍ਹੇ ਲਿਖੇ ਲੋਕ ਸਰਕਾਰੀ ਨੌਕਰੀਆਂ ਵਿਚ ਫਸ ਗਏ ਹਨ। ਉਹ ਆਪਣੇ ਸਵਾਰਥ, ਕਾਇਰਤਾ ਅਤੇ ਜਮਾਂਦਰੂ ਡਰਪੋਕ ਪੁਣੇ ਕਾਰਨ ਆਪਣੇ ਸਮਾਜ ਦੀ ਸੇਵਾ ਦੀ ਮੂਲ ਭਾਵਨਾ ਨੂੰ ਭੁੱਲ ਗਏ ਹਨ। ਉਹ ਨਕਾਰਾ ਹੀ ਸਿੱਧ ਹੋਏ। ਕੁੱਲ ਮਿਲਾ ਕੇ ਬਾਮਸੇਫ ਸਮਾਜ ਵਿਚ ਬੌਧਿਕ ਜਾਗਰਤੀ ਪੈਦਾ ਕਰਨ ਦੀ ਮੁਹਿੰਮ ਵਿਚ ਨਾਕਾਮ ਸਾਬਤ ਹੋ ਗਈ। ਕਾਂਸ਼ੀ ਰਾਮ ਜੀ ਅਤੇ ਮਾਇਆਵਤੀ ਨੇ 1984 ਵਿਚ ਬਹੁਜਨ ਸਮਾਜ ਪਾਰਟੀ (ਬੀ. ਐਸ. ਪੀ.) ਦੀ ਸਥਾਪਨਾ ਕਰਕੇ ਉਤਰ ਪ੍ਰਦੇਸ਼ ਵਿਚ ਵਿਆਪਕ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਬੀ. ਐਸ. ਪੀ. ਨੇ ਇਸ ਤਰ੍ਹਾਂ ਨਾ ਕੇਵਲ ਦਲਿਤ ਸਮਾਜ ਵਿਚ ਇਕ ਸੱਤਾ ਲੋਭੀ ਪ੍ਰਫੁੱਲਿਤ ਸ਼੍ਰੇਣੀ ਪੈਦਾ ਕਰ ਦਿੱਤੀ ਸਗੋਂ ਆਪਣੇ ਲਈ ਰਾਸ਼ਟਰੀ ਪੱਧਰ ਤੇ ਦੂਜੀਆਂ ਹੋਰ ਪਾਰਟੀਆਂ ਨਾਲੋਂ ਵੱਖਰੀ ਪਛਾਣ ਵੀ ਗੁਆ ਲਈ। ਖਾਸ ਕਰ ਜਦ ਮਾਇਆਵਤੀ ਨੇ ਆਪਣਾ ਬੁਨਿਆਦੀ ਮਿਸ਼ਨ 'ਬਹੁਜਨ' ਨੂੰ ਛੱਡ ਕੇ 'ਸਰਵਜਨ' ਕਰਨ ਦਾ ਐਲਾਨ ਕਰ ਦਿੱਤਾ। ਇਸ ਪੈਂਤਰੇ ਵਿਚ ਚਾਲੂ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਕੋਈ ਮਸਲੇਹਤ (ਚਾਲ) ਹੋ ਸਕਦੀ ਹੈ ਲੇਕਿਨ ਅੰਬੇਡਕਰ ਮਿਸ਼ਨ ਨਾਲ ਤਾਂ ਧੋਖਾ ਹੀ ਹੈ। ਉਘੇ ਦਲਿਤ ਸਕਾਲਰ ਕੰਚਾਇਲੱਹੀਆ ਦੇ ਕਹਿਣ ਅਨੁਸਾਰ 'ਹਰ ਬੁੱਧੀਮਾਨ ਨੌਜਵਾਨ ਦੀ ਸਭ ਤੋਂ ਵੱਡੀ ਤਮੰਨਾ ਸਰਕਾਰੀ ਸਿਵਲ ਸਰਵਿਸ ਦੀ ਹੈ ਯਾਨਿ ਹਿੰਦੂ ਬ੍ਰਾਹਮਣਵਾਦ ਦਾ ਪ੍ਰਸ਼ਾਸਨਿਕ ਗੁਲਾਮ ਬਣਨਾ' ਦਲਿਤ ਸਮਾਜ ਵਿਚ ਅਧਿਆਤਮਕ ਅਤੇ ਸਮਾਜਿਕ ਪੱਧਰ ਤੇ ਪ੍ਰਭਾਵਸ਼ਾਲੀ ਕੱਦ ਦਾ ਕੋਈ ਵੀ ਫਿਲਾਸਫ਼ਰ ਨਹੀਂ ਉਭਰ ਸਕਿਆ। ਜੋਤੀਬਾ ਫੂਲੇ ਅਤੇ ਟੀ. ਵੀ. ਰਾਮਾ ਸਵਾਮੀ ਨਾਈਕਰ ਦਾ ਖਾੜਕੂ ਮਿਸ਼ਨ ਜਾਤ ਸਿਸਟਮ ਅਤੇ ਬ੍ਰਾਹਮਣਵਾਦ ਵਿਰੋਧੀ, ਜਨਮ ਆਧਾਰਿਤ ਜਾਤ ਸਿਧਾਂਤ ਵਿਰੋਧੀ ਸੀ। ਅੰਬੇਡਕਰ ਨੇ ਮਨੂ ਸਿਮ੍ਰਿਤੀ ਨੂੰ ਅਗਨੀ ਸਵਾਹਾ ਕਰਨ ਤੋਂ ਬਾਅਦ ਤਲਾਬਾਂ ਦੇ ਪਾਣੀ ਨਾਲ ਮੋਰਚੇ ਖੋਲ੍ਹ ਕੇ ਬਜਰ ਰੂਪੀ ਬ੍ਰਾਹਮਣਵਾਦੀ ਕਿਲ੍ਹੇ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਹੁਣ ਉਹ ਜੋਸ਼ ਜਜ਼ਬਾ ਅਤੇ ਸਾਹਸ ਕਿੱਥੇ ਹੈ? ਅਜਿਹਾ ਇਕ ਵੀ ਮੋਹਰੀ ਸਰਦਾਰ ਕਿੱਥੇ ਹੈ? 1970 ਵਿਆਂ ਵਿਚ ਦਲਿਤ ਪੈਂਥਰ ਅੰਦੋਲਨ ਨੇ ਆਪਣੀਆਂ ਸਾਹਿਤਕ ਅਤੇ ਸਮਾਜਿਕ ਕ੍ਰਾਂਤੀਕਾਰੀ ਸਰਗਰਮੀਆਂ ਨਾਲ ਸੁਸਤ ਪੈ ਚੁੱਕੇ ਮਾਹੌਲ ਵਿਚ ਇਕ ਪ੍ਰਕਾਰ ਦਾ ਭੂਚਾਲ ਲੈਆਂਦਾ ਸੀ ਪਰ ਉਹ ਵੀ ਸਮਾਂ ਪੈਣ ਨਾਲ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਠੰਡਾ ਪੈ ਗਿਆ- ਅਲੋਪ ਹੋ ਗਿਆ। ਅਜਿਹੇ ਗਡਮਡ ਹੋ ਚੁੱਕੇ ਰਾਜਨੀਤਿਕ ਮਾਹੌਲ ਵਿਚ ਵੀ ਰੋਹਿਤ ਵੇਮੁਲਾ ਵਰਗੇ ਅਣਖੀਲੇ ਨੌਜਵਾਨਾਂ ਦੀਆਂ ਅੱਖਾਂ ਇਕ ਬੇਖ਼ੌਫ ਸ਼ਕਤੀਵਾਨ ਲੀਡਰ ਨੂੰ ਤਲਾਸ਼ ਰਹੀਆਂ ਹਨ, ਜਿਸ ਨੂੰ ਉਹ ਅੰਬੇਡਕਰ ਦੇ ਰੂਪ ਵਿਚ ਪਹਿਲਾਂ ਗੁਆ ਬੈਠਦੇ ਹਨ।''



ਲੇਖਿਕਾ ਇਕ ਆਜ਼ਾਦ ਖਿਆਲ ਟਿੱਪਣੀਕਾਰ ਵਜੋਂ ਪ੍ਰਸਿੱਧ ਹੈ। ਇਸ ਬਿਰਤਾਂਤ ਵਿਚ ਦਿੱਤੇ ਗਏ ਵਿਚਾਰਾਂ ਅਤੇ ਟਿੱਪਣੀਆਂ ਨਾਲ ਕਿਸੇ ਪ੍ਰਕਾਰ ਦੇ ਮਤਭੇਦ ਹੋਣ ਦੀ ਬਹੁਤ ਘੱਟ ਗੁੰਜਾਇਸ਼ ਹੋਣੀ ਚਾਹੀਦੀ ਹੈ। ਇਹਨਾਂ ਵਿਚਾਰਾਂ ਨੂੰ ਲੈ ਕੇ ਆਪਣੇ ਅੰਦਰ ਅਤੇ ਆਪਣੇ ਕਿਰਦਾਰ ਤੇ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ, ਜਿਸ ਨਾਲ ਆਪਣੀਆਂ ਊਣਤਾਈਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਅਹਿਸਾਸ ਪੈਦਾ ਹੋ ਸਕਦਾ ਹੈ।

100 ਸਾਲ ਪਹਿਲਾਂ ਜਿਸ ਵਾਤਾਵਰਣ ਵਿਚ ਬਾਬਾ ਸਾਹਿਬ ਅੰਬੇਡਕਰ ਜਨਮੇ, ਪਲੇ ਅਤੇ ਬੜੇ ਹੋਏ ਉਸ ਜ਼ਮਾਨੇ ਵਿਚ ਅਛੂਤ ਕਹੇ ਜਾਣ ਵਾਲੇ ਲੋਕਾਂ ਉੱਤੇ ਹਿੰਦੂ ਉੱਚ ਸਮਾਜ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਜ਼ੁਲਮ ਅੱਤਿਆਚਾਰਾਂ 'ਤੇ ਸਰਸਰੀ ਵੀ ਨਜ਼ਰ ਮਾਰੀਏ ਤਾਂ ਉਸ ਨੂੰ ਸੋਚ ਕੇ ਹੀ ਸਰੀਰ ਦੇ ਲੂੰ ਖੜ੍ਹੇ ਹੋ ਜਾਂਦੇ ਹਨ ਅਤੇ ਖੂਨ ਉਬਾਲੇ ਖਾਣ ਲੱਗ ਪੈਂਦਾ ਹੈ। ਇਸ ਅੱਤਿਆਚਾਰੀ ਵਰਤਾਰੇ ਦੀ ਇੰਤਹਾ ਦਾ ਅੰਦਾਜ਼ਾ ਤਾਂ ਬਾਬਾ ਸਾਹਿਬ ਨਾਲ ਵਾਪਰੀ ਉਸ ਇਕੱਲੀ ਘਟਨਾ ਤੋਂ ਲਗਾਇਆ ਜਾ ਸਕਦਾ ਹੈ ਜਦ ਉਹ ਬੜੌਦਾ ਦੀ ਪਾਰਸੀ ਸਰਾਂਅ ਤੋਂ ਅਪਮਾਨਿਤ ਕੀਤੇ ਜਾਣ ਉਪਰੰਤ ਇਕ ਲਾਗਲੀ ਪਾਰਕ ਵਿਚ ਰਾਤ ਸਮੇਂ ਬੈਠੇ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਸਿਤਮ ਮਾਰਿਆ ਇਨਸਾਨ ਸਮਝ ਕੇ ਹੰਝੂ ਵਹਾ ਰਹੇ ਸਨ। ਇਹ ਸੋਚ ਸੋਚ ਕੇ ਕਿ ਕੀ ਅਛੂਤ ਘਰ ਵਿਚ ਜੰਮਣਾ ਹੀ ਐਡਾ ਵੱਡਾ ਗੁਨਾਹ ਹੈ ਕਿ ਉਸ ਨੂੰ ਕੁੱਤਿਆਂ ਬਿੱਲਿਆਂ ਤੋਂ ਵੀ ਨੀਚਾ ਅਤੇ ਗੰਦਾ ਅਤੇ ਮਨਹੂਸ ਸਮਝ ਕੇ ਉਸ ਦੀ ਛੂਹ ਅਤੇ ਪ੍ਰਛਾਵੇਂ ਤੋਂ ਵੀ ਦੂਰ ਰਿਹਾ ਜਾਵੇ। ਉਹ ਵੀ ਉਹਨਾਂ ਵਰਗੇ ਸਾਫ ਸੁਥਰੇ ਪ੍ਰਬੁੱਧ ਵਿਅਕਤੀ ਤੋਂ ਜਿਸ ਕੋਲ ਉੱਚ ਸਿੱਖਿਆ ਦੀਆਂ ਐਨੀਆਂ ਡਿਗਰੀਆਂ ਹੋਣ! ਐਹੋ ਜਿਹਾ ਘਿਰਣਾਯੋਗ ਵਰਤਾਅ ਕਿਸ ਦੇ ਨਾਲ ਨਹੀਂ ਹੋਇਆ ਹੋਵੇਗਾ। ਲੇਕਿਨ ਅੰਬੇਡਕਰ ਜਿਹੇ ਖ਼ੁੱਦਾਰ ਵਿਅਕਤੀ ਦੀ ਕੋਈ ਗੱਲ ਹੀ ਵੱਖਰੀ ਸੀ। ਉਹਨਾਂ ਨੇ ਇਸ ਨੂੰ ਵਿਅਕਤੀਗਤ ਅਪਮਾਨ ਨਾ ਸਮਝ ਕੇ ਸ਼ੈਤਾਨ ਨੂੰ ਨਹੀਂ ਸ਼ੈਤਾਨ ਦੀ ਮਾਂ ਨੂੰ ਮਾਰਨ ਦੀ ਕਸਮ ਖਾ ਲਈ। ਅੱਜ ਦੀ ਸੁੱਖ ਸਹੂਲਤਾਂ ਮਾਣਦੀ ਨਵੀਂ ਪੀੜ੍ਹੀ ਨੂੰ ਮਹਿਸੂਸ ਕਰਨ ਦੀ ਸ਼ਾਇਦ ਹੀ ਜ਼ਰੂਰਤ ਹੋਈ ਹੋਵੇ ਕਿ ਉਹਨਾਂ ਦੀ ਪ੍ਰਫੁੱਲਿਤ ਕਿਆਰੀ (ਜੋ ਵੀ ਕੋਈ ਹੈ) ਨੂੰ ਸਿੰਜਣ ਵਿਚ ਬਾਬਾ ਸਾਹਿਬ ਦੇ ਉਹਨਾਂ ਹੀ ਥੋੜ੍ਹੇ ਜਿਹੇ ਹੰਝੂਆਂ ਦਾ ਫਲ ਹੈ ਜੋ ਉਹਨਾਂ ਨੇ ਬੇਵਸੀ ਦੀ ਹਾਲਤ ਵਿਚ ਉਸ ਰਾਤ ਕੇਰੇ ਸਨ। ਹੁਣ ਜ਼ਰਾ ਆਪਣੇ ਦਿਮਾਗ ਤੇ ਬੋਝ ਪਾਓ ਅਤੇ ਸੋਚੋ ਕਿ ਐਹੋ ਜਿਹੇ ਝੱਖੜਾਂ, ਤੂਫ਼ਾਨਾਂ ਅਤੇ ਕੜਕਦੀਆਂ ਬਿਜਲੀਆਂ ਦੇ ਖਤਰਿਆਂ ਵਿਚੋਂ ਜੇ ਇਕੱਲਾ ਅੰਬੇਡਕਰ ਡੋਲੇ ਖਾਂਦੀ ਕਿਸ਼ਤੀ ਨੂੰ ਇਸ ਮੁਕਾਮ 'ਤੇ ਲਿਆ ਸਕਦਾ ਹੈ ਤਾਂ ਉਸ ਕਿਸ਼ਤੀ ਨੂੰ ਉਹਨਾਂ ਦਾ ਐਡਾ ਵੱਡਾ ਲਸ਼ਕਰ ਉਹਨਾਂ ਦੇ ਸੁਪਨਿਆਂ ਦੀ ਮੰਜ਼ਿਲ ਤੱਕ ਕਿਉਂ ਨਹੀਂ ਲੈ ਜਾ ਸਕਦਾ? ਅਜਿਹਾ ਲਸ਼ਕਰ ਜਿਸ ਕੋਲ ਤਾਲੀਮ ਵੀ ਹੈ, ਕੋਠੀਆਂ ਬੰਗਲੇ ਅਤੇ ਹੋਰ ਸਾਧਨ ਵੀ ਹਨ। ਇਹ ਸਮਾਜ ਕਿਉਂ ਹਾਲੇ ਵੀ ਦਲਿਤ ਦਾ ਦਲਿਤ ਹੈ? ਦਰੜਿਆ, ਦੱਬਿਆ, ਮਸਲਿਆ, ਕੁਚਲਿਆ, ਝੰਬਿਆ, ਮਾਰਿਆ ਕੁੱਟਿਆ। ਗਾਂਧੀ ਦੇ ਦਿੱਤੇ ਨਾਮ 'ਹਰੀਜਨ' ਨੂੰ ਅਪਮਾਨ ਦਾ ਕਲੰਕ ਸਮਝ ਕੇ ਮਸਾਂ ਗਲੋਂ ਲਾਹਿਆ। ਜਿਸ ਦਾ ਸਿੱਧਾ ਮਤਲਬ ਸੀ ਰਸਤੇ 'ਚ ਠੂਠਾ ਫੜੀ ਕੋਈ ਯਤੀਮ ਤਰਸ ਦਾ ਪਾਤਰ। 'ਦਲਿਤ' ਵੀ ਤਾਂ ਬਤੌਰ ਇਨਸਾਨ ਕੋਈ ਸਨਮਾਨ ਜਨਮ ਨਾਮਕਰਨ ਨਹੀਂ ਜਿਸ ਨੂੰ ਲੋਕ ਕੁਝ ਅੱਛਾ ਵੀ ਨਹੀਂ ਸਮਝਦੇ। ਭਾਵੇਂ ਇਹ ਨਾਮ ਜਾਤ ਸੂਚਕ ਨਹੀਂ ਪਰ ਫਿਰ ਵੀ ਉਸ ਨੂੰ ਉਹਨਾਂ ਹੀ ਅਰਥਾਂ ਵਿਚ ਹੀ ਸਮਝਿਆ ਜਾ ਰਿਹਾ ਹੈ। ਇਹ ਵੀ ਹਾਲਾਤ ਦੀ ਇਕ ਮਜਬੂਰੀ ਹੈ।

ਇਸ ਸਮਾਜ ਦੇ ਨਿਮਨ ਵਰਗੀ, ਪੱਛੜੇ ਅਤੇ ਕਮਜ਼ੋਰ ਹੋਣ ਦੇ ਪਿਛੋਕੜ ਵਿਚ ਉਸ ਨੂੰ ਸੰਵਿਧਾਨ ਨੇ ਕੁਝ ਵਿਸ਼ੇਸ਼ ਅਧਿਕਾਰ ਅਤੇ ਰਿਆਇਤਾਂ ਦਿੱਤੀਆਂ। ਜਾਤਾਂ ਦੇ ਇਸ ਸਮੂਹ ਨੂੰ ਸ਼ੈਡੂਲਡ ਕਾਸਟਸ (ਅਨੁਸੂਚਿਤ ਜਾਤਾਂ) ਦਾ ਨਾਮ ਦਿੱਤਾ ਗਿਆ। ਇਹਨਾਂ ਹੀ ਜਾਤਾਂ ਦਾ ਨਾਂਅ ਆਪਣੀ ਸਰਲ ਬੋਲੀ ਵਿਚ ਦਲਿਤ ਪ੍ਰਚੱਲਿਤ ਹੋ ਗਿਆ ਹੈ। ਪਾਰਲੀਮੈਂਟ, ਵਿਧਾਨ ਮੰਡਲਾਂ, ਸਰਕਾਰੀ ਨੌਕਰੀਆਂ ਅਤੇ ਵਿੱਦਿਅਕ ਸੰਸਥਾਨਾਂ ਵਿਚ ਰਿਜ਼ਰਵੇਸ਼ਨ ਦਾ ਆਧਾਰ ਹੀ ਜਾਤ ਹੈ। ਇਹਨਾਂ ਹਾਲਾਤ ਵਿਚ ਸ਼ੈਡੂਲਡ ਕਾਸਟ ਜਾਂ ਦਲਿਤ ਵਰਗੇ ਵੱਖਰੀ ਪਛਾਣ ਦੇ ਸੂਚਕ ਨਾਮਾਂ ਤੋਂ ਕਿਸ ਤਰ੍ਹਾਂ ਬੱਚਿਆ ਜਾ ਸਕਦਾ ਹੈ? ਜ਼ਾਹਿਰ ਹੈ ਕਿ ਇਹਨਾਂ ਨਾਵਾਂ ਨੂੰ ਹਟਾਉਣ ਲਈ ਉਹਨਾਂ ਸਭ ਵਿਸ਼ੇਸ਼ ਅਧਿਕਾਰਾਂ ਨੂੰ ਵੀ ਛੱਡਣਾ ਪਵੇਗਾ ਜਿਹੜੇ 1932 ਵਿਚ ਬੜੀ ਲੰਬੀ ਲੜਾਈ ਪਿੱਛੋਂ ਪ੍ਰਾਪਤ ਕੀਤੇ ਸਨ। ਲੇਕਿਨ ਕੀ ਇਹ ਸਮਾਜ ਇਹਨਾਂ ਬੈਸਾਖੀਆਂ ਤੋਂ ਬਿਨਾਂ ਖੜ੍ਹਾ ਹੋ ਕੇ ਚੱਲਣ ਫਿਰਨ ਦੇ ਕਾਬਲ ਹੋ ਗਿਆ ਹੈ? ਉੱਚ ਸਮਾਜੀ ਲੋਕ ਤਾਂ ਪਹਿਲਾਂ ਹੀ ਹੱਥ ਧੋ ਕੇ ਇਸ ਦੇ ਪਿੱਛੇ ਪਏ ਹੋਏ ਹਨ। ਕੁਝ ਵੀ ਹੋਵੇ, ਸਮਾਜਿਕ ਬਰਾਬਰਤਾ ਅਤੇ ਮਨੁੱਖੀ ਪ੍ਰਤਿਸ਼ਠਾ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰਨ ਲਈ ਇਸ ਪੱਛੜੇ ਸਮਾਜ ਨੂੰ ਬਹੁਤ ਜੱਦੋ ਜਹਿਦ ਕਰਨੀ ਪਵੇਗੀ। ਬਹੁਤ ਟੋਏ ਟਿੱਬੇ ਖੱਡੇ ਅਤੇ ਰੁਕਾਵਟਾਂ ਨੂੰ ਪਾਰ ਕਰਨਾ ਪਵੇਗਾ। ਹੰਕਾਰੀ ਬਘਿਆੜਾਂ ਨਾਲ ਮੁਕਾਬਲਾ ਕਰਨਾ ਪਵੇਗਾ। ਅਫਸੋਸ ਇਸ ਗੱਲ ਦਾ ਹੈ ਕਿ ਨਾ ਹਾਲੇ ਹਾਲਾਤ-ਸਮਾਜਿਕ, ਆਰਥਿਕ ਅਤੇ ਰਾਜਨੀਤਿਕ- ਅਨੁਕੂਲ ਬਣ ਸਕੇ ਹਨ ਅਤੇ ਨਾ ਲੋਕ ਇੰਨੀ ਸਖ਼ਤ ਪ੍ਰੀਖਿਆ ਵਿਚੋਂ ਲੰਘਣ ਦੇ ਕਾਬਲ ਬਣ ਸਕੇ ਹਨ। ਬਾਬਾ ਸਾਹਿਬ ਦੇ ਸੁਪਨੇ ਨੂੰ ਸਾਕਾਰ ਹੋਣ ਲਈ ਹਾਲੇ ਪਤਾ ਨਹੀਂ ਹੋਰ ਕਿੰਨੇ ਦਹਾਕੇ ਅਤੇ ਸਦੀਆਂ ਲੱਗਣ। ਹੋਰ ਦੁੱਖ ਦੀ ਗੱਲ ਹੈ ਕਿ ਅਜਿਹੇ ਸਮਾਜ ਦੇ ਬਦਲਾਅ ਦੀ ਕੋਈ ਸੂਰਤ ਵੀ ਨਜ਼ਰ ਨਹੀਂ ਆਉਂਦੀ ਅਤੇ ਸਭ ਤੋਂ ਵੱਡਾ ਫਿਕਰ ਇਸ ਗੱਲ ਦਾ ਹੈ ਕਿ ਗੁਲਾਮੀ ਦੀਆਂ ਮਾਨਸਿਕ ਜਾਂ ਆਰਥਿਕ ਜ਼ੰਜੀਰਾਂ ਦੀ ਆਖਰੀ ਕੜੀ ਤੋੜਨ ਲਈ ਜਿਸ ਸਮੁੱਚੇ ਸਮਾਜ ਦੇ ਮਜ਼ਬੂਤ ਏਕੇ ਦੀ ਲੋੜ ਸੀ/ ਹੈ, ਉਹ ਟੁਕੜਿਆਂ 'ਚ ਵੰਡ ਹੋ ਕੇ ਆਪਣੀ ਹੋਂਦ ਹੀ ਗੁਆਉਣ ਦੇ ਕੰਢੇ ਤੇ ਆ ਖੜ੍ਹਿਆ ਹੈ। ਬਾਬਾ ਸਾਹਿਬ ਨੇ ਉੱਚ ਜਾਤੀਏ ਸਮਾਜ ਦੇ ਅੱਤਿਆਚਾਰੀ ਵਰਤਾਰੇ ਤੋਂ ਮੁਕਤੀ ਪਾਉਣ ਲਈ ਜਿਸ ਹਥਿਆਰ ਨੂੰ ਪੂਰੀ ਸਮਝਦਾਰੀ ਅਤੇ ਸ਼ਕਤੀ ਨਾਲ ਵਰਤਿਆ ਸੀ, ਉਹ ਛੋਟੀਆਂ ਮੋਟੀਆਂ ਤਮਾਮ 'ਅਛੂਤ' ਜਾਤੀਆਂ ਦੇ ਸਮੂਹ (ਉਸ ਵੇਲੇ 6 ਕਰੋੜ) ਦੀ ਤਾਕਤ ਸੀ ਨਾ ਕਿ ਕਿਸੇ ਇਕੱਲੀ ਜਾਤ ਚੂਹੜੇ, ਚਮਾਰ, ਚੰਡਾਲ, ਢੇਡ, ਪ੍ਰੀਆ, ਮਾਲਾ, ਮਡਿਗਾ, ਮੇਘ, ਮਹਾਰ ਦੀ। ਇਸੇ ਤਾਕਤ ਦੇ ਦਬਾਅ ਹੇਠ ਅੰਗਰੇਜ਼ ਸਰਕਾਰ ਨੂੰ 1932 ਵਿਚ ਕਮਿਊਨਲ ਐਵਾਰਡ ਦੇਣਾ ਪਿਆ। ਇਸੇ ਤਾਕਤ ਦੇ ਸਾਹਮਣੇ ਗਾਂਧੀ ਵਰਗੇ ਹਠੀ ਅਤੇ ਅੜੀਅਲ ਬੰਦੇ ਨੂੰ ਪੂਨਾ ਪੈਕਟ ਬਣਾ ਕੇ 'ਅਛੂਤਾਂ' ਲਈ ਰਿਜ਼ਰਵੇਸ਼ਨ ਜਿਹੇ ਅਧਿਕਾਰ ਮੰਨਣੇ ਪਏ। ਇਸ ਇਤਿਹਾਸਕ ਸਚਾਈ ਨੂੰ ਅੱਜ ਦਾ ਦਲਿਤ ਸਮਾਜ ਕਿਉਂ ਨਹੀਂ ਸਮਝਦਾ? ਬਦਕਿਸਮਤੀ ਦੀ ਹੱਦ ਦੇਖੋ ਕਿ ਸ਼ੈ. ਕਾ. ਲੋਕ ਹੀ ਆਪਣੀਆਂ ਜਾਤਾਂ ਨੂੰ ਲੈ ਕੇ ਅੱਡ ਅੱਡ ਡੱਫਾਂ ਡੱਫਲੀਆਂ ਵਜਾਉਣ ਲੱਗ ਪਏ ਹਨ ਅਤੇ ਇਕ ਇਕ ਜਾਤ ਵਿਚ ਸੌ ਸੌ ਗੁੱਟ, ਟੋਲੇ, ਪੰਥ, ਫਿਰਕੇ ਪੈਦਾ ਹੋ ਗਏ ਹਨ। ਰਾਜਨੀਤਿਕ ਪੱਧਰ ਤੇ ਕੋਈ ਕਾਂਗਰਸ ਜਮਾਤ ਨਾਲ ਮਿਲ ਗਿਆ ਹੈ, ਕੋਈ ਅਕਾਲੀਆਂ ਨਾਲ ਅਤੇ ਕੋਈ ਬ੍ਰਾਹਮਣ-ਬਾਣੀਆ ਪਾਰਟੀ ਭਾਜਪਾ ਨਾਲ। ਹਰ ਕੋਈ ਦਲਿਤ ਆਬਾਦੀ ਨੂੰ ਸ਼ਾਮਲਾਤ ਦੇਹ ਵਾਂਗ ਆਪਣੀ ਜਾਇਦਾਦ ਸਮਝਣ ਲੱਗ ਪਿਆ ਹੈ। ਹੁਣ ਰਾਜਨੀਤਿਕ ਰਿਜ਼ਰਵੇਸ਼ਨ ਕੋਟਾ ਵੀ ਦਲਿਤ ਦਾ ਨਾ ਰਹਿ ਕੇ ਕਾਂਗਰਸ, ਅਕਾਲੀਆਂ, ਭਾਜਪਾ ਜਾਂ ਆਮ ਆਦਮੀ ਪਾਰਟੀ (ਆਪ) ਦਾ ਬਣ ਕੇ ਰਹਿ ਗਿਆ ਹੈ, ਜਿੱਥੇ ਦਲਿਤ ਸਮੱਸਿਆਵਾਂ ਦਾ ਨਹੀਂ ਉਹਨਾਂ ਪਾਰਟੀਆਂ ਦੇ ਏਜੰਡਿਆਂ ਦੀ ਹੀ ਚੱਲਦੀ ਹੈ।

ਬਾਬਾ ਸਾਹਿਬ ਨੇ ਰਾਜਨੀਤਿਕ ਖਿਲਵਾੜ ਅਤੇ ਸੰਪਰਦਾਇਕ ਦਾਦਾਗਿਰੀ ਨੂੰ ਦੇਖ ਕੇ 1954 ਵਿਚ ਆਪਣੇ ਹੀ ਬਣਾਏ ਸੰਵਿਧਾਨ ਨੂੰ ਬੜੇ ਦੁਖੀ ਮਨ ਨਾਲ ਸਾੜਨ ਦੀ ਗੱਲ ਕਹੀ ਸੀ ਅਤੇ ਪੂਨਾ ਪੈਕਟ ਹੇਠ ਬਣੇ ਬੇਕਾਰ ਚਾਟੂਕਾਰ ਸ਼ੈ. ਕਾ. ਵਿਧਾਇਕਾਂ ਦੀਆਂ ਕਰਤੂਤਾਂ ਨੂੰ ਦੇਖ ਕੇ 27-8-1955 ਨੂੰ ਆਲ ਇੰਡੀਆ ਸ਼ੈਡੂਲਡ ਕਾਸਟਸ ਫੈਡਰੇਸ਼ਨ ਦੀ ਐਗਜ਼ੈਕਟਿਵ ਕਮੇਟੀ ਦੁਆਰਾ ਪਾਸ ਕੀਤੇ ਮਤੇ ਰਾਹੀਂ ਸ਼ੈ. ਕਾਂ. ਪੁਲੀਟੀਕਲ ਰਿਜ਼ਰਵੇਸ਼ਨ ਨੂੰ ਖਤਮ ਕਰਨ ਦੀ ਮੰਗ ਕੀਤੀ ਸੀ। ਧਾਰਮਿਕ ਅਤੇ ਸਮਾਜਿਕ ਪੱਧਰ ਤੇ ਏਕਤਾ ਦੀ ਦ੍ਰਿਸ਼ਟੀ ਤੋਂ ਇਸ ਸਮਾਜ ਦਾ ਉਸ ਤੋਂ ਵੀ ਭੈੜਾ ਹਾਲ ਹੈ। ਬਾਲਮੀਕ ਸਮਾਜ ਅਤੇ ਕਬੀਰ ਪੰਥੀ ਸਮਾਜ ਦੀ ਤਰ੍ਹਾਂ ਰਵਿਦਾਸੀਆ ਸਮੁਦਾਏ ਵਿਚ ਖੁਦ ਰਵਿਦਾਸ ਜੀ ਦੇ ਨਾਮ ਤੇ ਸਾਧਾਂ ਸੰਤਾਂ ਦੇ ਅਨੇਕ ਡੇਰੇ ਗੱਦੀਆਂ ਗੁੱਟ ਬਣ ਗਏ ਹਨ, ਜਿਹਨਾਂ ਵਿਚ ਆਪਸ ਵਿਚ ਹੀ ਡਾਂਗ ਸੋਟੇ ਮੁਕੱਦਮੇਬਾਜ਼ੀ ਦੀ ਨੌਬਤ ਆ ਚੁੱਕੀ ਹੈ। ਹਰ ਇਕ ਦਾ ਆਪਣਾ ਆਪਣਾ ਮੱਤ ਹੈ। ਬਾਕੀ ਸਿੱਖ ਸਾਧਾਂ ਬਾਬਿਆਂ ਅਤੇ ਸਤਿ ਗੁਰੂਆਂ ਦੇ ਡੇਰਿਆਂ ਦੀ ਤਾਂ ਗੱਲ ਹੀ ਛੱਡੋ, ਜਿੱਥੇ ਸ਼ਰਧਾਲੂ ਸੰਗਤਾਂ ਅਤੇ ਸੁੱਖਾਂ ਸੁੱਖ ਕੇ ਸੇਵਾ ਕਰਨ ਅਤੇ ਚੜ੍ਹਾਵੇ ਚੜ੍ਹਾਉਣ ਵਾਲਿਆਂ ਵਿਚ ਬਹੁਗਿਣਤੀ ਇਹਨਾਂ ਹੀ ਦਲਿਤ ਲੋਕਾਂ ਦੀ ਹੈ। ਰਵਾਇਤੀ ਹਿੰਦੂ ਦੇਵੀ ਦੇਵਤਿਆਂ ਦੇ ਮੰਦਰਾਂ ਅਤੇ ਹੋਰ ਤੀਰਥ ਸਥਾਨਾਂ ਦੇ 'ਚਾਲੇ' ਤਾਂ ਉਵੇਂ ਜਿਵੇਂ ਚਲਦੇ ਪਾਏ ਹਨ। ਤਾਂਤ੍ਰਿਕ ਅਤੇ ਧੂਣੀ ਵਾਲੇ ਬਾਬੇ ਆਪਣੀਆਂ ਅਲੱਗ ਦੁਕਾਨਾਂ ਸਜਾਈ ਬੈਠੇ ਹਨ। ਇਸ ਅਨਪੜ੍ਹ ਟੋਲੇ ਦੀ ਕਿਸ ਕਿਸ ਤੋਂ ਬਾਂਹ ਛੁਡਾਈ ਜਾਵੇ। ਇਹ ਵਿਚਾਰਕ ਅਸਪਸ਼ਟਤਾ ਅਤੇ ਆਵਾਰਗੀ ਦੇ ਹਾਲਾਤ ਇਕ ਚਿੰਤਨਸ਼ੀਲ ਸਮਾਜ ਸੇਵਕ ਦੇ ਮਨ ਨੂੰ ਬੇਚੈਨ ਕਰਨ ਲਈ ਕਾਫੀ ਹਨ। ਬਾਬਾ ਸਾਹਿਬ ਨੇ ਦਲਿਤ ਮੁਕਤੀ ਸੰਘਰਸ਼ ਦੇ ਸੰਦਰਭ ਵਿਚ ਚਿਤਾਵਨੀ ਦਿੱਤੀ ਸੀ ਕਿ ਰਾਜਨੀਤਿਕ ਕ੍ਰਾਂਤੀ ਤੋਂ ਪਹਿਲਾਂ ਧਾਰਮਿਕ ਅਤੇ ਸਭਿਆਚਾਰਕ ਕ੍ਰਾਂਤੀ ਦਾ ਆਣਾ ਜ਼ਰੂਰੀ ਹੈ। ਹੋਰ ਪਾਰਟੀਆਂ ਦੇ ਕਿਲ੍ਹਿਆਂ 'ਚ ਬੰਦ ਨੇਤਾ ਅਤੇ ਅੰਧ ਵਿਸ਼ਵਾਸੀ ਦਲਦਲ 'ਚ ਫਸੇ ਲੋਕ ਇਸ ਧਾਰਮਿਕ ਸਭਿਆਚਾਰਕ ਕ੍ਰਾਂਤੀ ਦੀ ਮਹੱਤਤਾ ਨੂੰ ਕੀ ਸਮਝ ਸਕਦੇ ਹਨ? ਇਹਨਾਂ ਦੇ ਦਿਮਾਗ 'ਤੇ ਕੀ ਬੋਝ ਹੈ?

ਇਸ ਸਮੇਂ ਮੋਦੀ ਸਰਕਾਰ ਦੇ ਹਕੂਮਤ ਸੰਭਾਲਣ ਉਪਰੰਤ ਉਸ ਦੇ ਪਿਤਰ ਸੰਗਠਨ ਰਾਸ਼ਟਰੀ ਸਵੈਮ ਸੇਵਕ ਨੇ ਉਸ ਨੂੰ ਆਪਣਾ ਔਜ਼ਾਰ ਬਣਾ ਕੇ ਜੋ ਹਿੰਦੂਤਵ ਦੀ ਹਨੇਰੀ ਉਭਾਰ ਦਿੱਤੀ ਹੈ, ਉਸ ਨੇ ਸਭ ਆਲੋਚਕਾਂ, ਵਿਰੋਧੀ ਪਾਰਟੀਆਂ ਦੇ ਪੈਰ ਉਖਾੜ ਦਿੱਤੇ ਹਨ- ਸੰਵਿਧਾਨਕ ਤੌਰ ਤਰੀਕਿਆਂ ਨਾਲ ਨਹੀਂ ਬਲਕਿ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਦੁਆਰਾ ਵਿਰੋਧੀ ਵਿਚਾਰਾਂ ਵਾਲੇ ਨੇਤਾਵਾਂ, ਯੂਨੀਵਰਸਿਟੀ ਵਿਦਿਆਰਥੀਆਂ ਖਿਲਾਫ ਦੇਸ਼ ਧਰੋਹ ਜਿਹੇ ਸੰਗਠਨ ਜੁਰਮਾਂ ਦੇ ਮੁਕੱਦਮੇ ਦਰਜ ਕਰਕੇ, ਬੁੱਧੀਮਾਨ ਲੇਖਕਾਂ, ਤਰਕਸ਼ੀਲ ਵਿਦਵਾਨਾਂ ਨੂੰ ਗੋਲੀਆਂ ਨਾਲ ਮਾਰ ਕੇ ਅਤੇ ਦਹਿਸ਼ਤ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰਕੇ। ਇਹ ਬਾਬਾ ਸਾਹਿਬ ਦੀ ਕਲਪਨਾ ਦੀ ਡੈਮੋਕ੍ਰੇਟਿਕ, ਸੋਸ਼ਲਿਸਟ ਅਤੇ ਸੈਕੂਲਰ ਰਿਪਬਲਿਕ ਹਰਗਿਜ਼ ਨਹੀਂ ਹੈ। ਉਹਨਾਂ ਨੇ ਹੀ ਤਾਂ ਇਹ ਕਿਹਾ ਸੀ ਕਿ 'ਜੇ ਹਿੰਦੂ ਰਾਜ ਸੱਚਮੁਚ ਸਾਕਾਰ ਹੋ ਜਾਂਦਾ ਹੈ ਤਾਂ ਇਹ ਦੇਸ਼ ਦੀ ਸਭ ਤੋਂ ਵੱਡੀ ਬਦਕਿਸਮਤੀ ਹੋਵੇਗੀ। ਕਿਉਂਕਿ ਹਿੰਦੂ ਦਾ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਸਿਧਾਂਤ ਵਿਚ ਵਿਸ਼ਵਾਸ ਹੀ ਨਹੀਂ। ਦੇਸ਼ ਨੂੰ ਸਿੱਧੇ ਰਾਹ ਪਾਉਣ, ਦਲਿਤ ਲੋਕਾਂ ਦੀ ਸਾਮੰਤੀ ਬਘਿਆੜਾਂ ਫਿਰ ਤੋਂ ਰੱਖਿਆ ਵਾਸਤੇ ਅੰਬੇਡਕਰ ਬਾਬਾ ਦੇ ਫਿਰ ਤੋਂ ਆਉਣ ਦੀ ਸਖ਼ਤ ਲੋੜ ਹੈ।

# ਬਹੁਪੱਖੀ ਅੰਤਰ ਰਾਸ਼ਟਰੀ ਸ਼ਖਸੀਅਤ- ਮਹਾਨ ਅੰਬੇਡਕਰ



- ਫਤਿਹਜੰਗ ਸਿੰਘ
91-98726-70278

ਕਦੇ ਕਦੇ ਇਸ ਧਰਤੀ 'ਤੇ ਅਜਿਹੇ ਮਹਾਂਪੁਰਸ਼ ਜਨਮ ਲੈਂਦੇ ਹਨ ਜੋ ਆਪਣੀ ਧਰਤੀ ਮਾਂ 'ਤੇ ਹੋ ਰਹੇ ਜ਼ੁਲਮਾਂ, ਅੱਤਿਆਚਾਰਾਂ, ਪਾਪਾਂ ਅਤੇ ਅੱਨਿਆ ਦੇ ਬੋਝ ਨੂੰ ਹਲਕਾ ਕਰਨ ਲਈ ਆਪਣਾ ਸੁਖ, ਆਰਾਮ ਅਤੇ ਨੀਂਦ ਤਿਆਗ ਕੇ ਔਖੇ ਅਤੇ ਕੰਡਿਆਲੇ ਸੰਘਰਸ਼ ਦਾ ਰਾਹ ਚੁਣ ਲੈਂਦੇ ਹਨ। ਇਸ ਰਾਹ ਤੇ ਤੁਰਦਿਆਂ ਫਿਰ ਉਹਨਾਂ ਨੂੰ ਨਾ ਤਪਦੀਆਂ ਦੁਪਹਿਰਾਂ ਸਾੜ ਸਕਦੀਆਂ ਹਨ ਨਾ ਯਖ ਸਰਦੀ ਦੀਆਂ ਰਾਤਾਂ ਠਾਰ ਸਕਦੀਆਂ ਹਨ, ਨਾ ਝੱਖੜ ਤੇ ਤੂਫਾਨ ਰਾਹ ਰੋਕ ਸਕਦੇ ਹਨ ਅਤੇ ਨਾ ਹੀ ਔਝੜ ਰਾਹਾਂ ਦੇ ਤਿੱਖੇ ਕੰਡੇ ਕਦਮ ਥੰਮ੍ਹ ਸਕਦੇ ਹਨ। ਉਹ ਬੱਸ ਦਿਨ ਰਾਤ ਆਪਣੇ ਸਫ਼ਰ ਵਿਚ ਮਗਨ ਰਹਿੰਦੇ ਹਨ। ਅਜਿਹੀ ਹੀ ਇਕ ਸ਼ਖਸੀਅਤ ਨੇ ਮਾਂ ਭੀਮਾ ਬਾਈ ਅਤੇ ਪਿਤਾ ਸੂਬੇਦਾਰ ਰਾਮ ਜੀ ਦੇ ਘਰ 14 ਅਪ੍ਰੈਲ 1891 ਨੂੰ ਬਾਲ ਰੂਪ ਵਿਚ ਜਨਮ ਲਿਆ। ਮੱਧ ਪ੍ਰਦੇਸ਼ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਪੈਂਦੀ ਮੋਹੂ ਛਾਉਣੀ ਵਿਚ ਨੌਕਰੀ ਕਰ ਰਹੇ ਪਿਤਾ ਸੂਬੇਦਾਰ ਨੂੰ ਕੀ ਪਤਾ ਸੀ ਕਿ ਉਸਦਾ ਇਹ ਚੌਦ੍ਹਵਾਂ ਬੱਚਾ ਵੱਡਾ ਹੋ ਕੇ ਅੰਬੇਡਕਰ ਦੇ ਰੂਪ ਵਿਚ ਕਰੋੜਾਂ ਦੁਖਿਆਰੀਆਂ ਅੱਖਾਂ ਦਾ ਨੂਰ ਬਣੇਗਾ, ਇਕ ਚਾਨਣ ਮੁਨਾਰਾ ਬਣੇਗਾ। ਪਾਖੰਡੀ ਪੰਡਤਾਂ ਨੇ ਇਸ ਮੌਕੇ ਭਵਿੱਖਬਾਣੀ ਕੀਤੀ ਕਿ ਇਹ ਬਾਲ ਕਿਉਂਕਿ ਮਾੜੇ ਗ੍ਰਹਿਆਂ ਵੇਲੇ ਪੈਦਾ ਹੋਇਆ ਹੈ, ਇਸ ਲਈ ਇਹ ਪਰਿਵਾਰ ਲਈ ਮਨਹੂਸ ਸਾਬਤ ਹੋਵੇਗਾ। ਅਸ਼ੁਭ ਹੋਣ ਕਾਰਨ ਕੁਲ ਨੂੰ ਕਲੰਕਿਤ ਕਰੇਗਾ ਅਤੇ ਪਰਿਵਾਰ ਲਈ ਵੱਡੀਆਂ ਮੁਸੀਬਤਾਂ ਦਾ ਕਾਰਨ ਬਣੇਗਾ। ਪਰ ਦੁਨੀਆਂ ਨੇ ਵੇਖਿਆ ਕਿ ਇਹੀ 'ਮਨਹੂਸ' ਬੱਚਾ ਵੱਡਾ ਹੋ ਕੇ ਕਰੋੜਾਂ ਉਹਨਾਂ ਲੋਕਾਂ ਦਾ ਸਹਾਰਾ ਬਣਿਆ, ਜਿਹਨਾਂ ਦਾ ਨਾ ਕੋਈ ਭਵਿੱਖ ਸੀ ਨਾ ਵਰਤਮਾਨ। ਅਤੀਤ ਦੇ ਲੁੱਟੇ ਪੁੱਟੇ ਇਹ ਲੋਕ ਮਨੁੱਖ ਤਾਂ ਕੀ ਜਾਨਵਰਾਂ ਤੋਂ ਵੀ ਹੇਠਾਂ ਰੇਂਗ ਰਹੇ ਕੀੜੇ ਮਕੌੜਿਆਂ ਦੀ ਪੱਧਰ 'ਤੇ ਜੀਅ ਰਹੇ ਸਨ। ਇਹੀ ਉਹ ਲੋਕ ਸਨ ਜਿਹਨਾਂ ਨੂੰ ਇਤਿਹਾਸ ਵਿਚ ਸਮੇਂ ਦੀ ਗਰਦਿਸ਼ ਨੇ ਮਨੂੰਵਾਦ ਰਾਹੀਂ ਮਨੁੱਖ ਨੂੰ ਮਨੁੱਖ ਨਾਲੋਂ ਪਾੜ ਕੇ ਉਹਨਾਂ ਦੇ ਆਪਣੇ ਹੀ ਦੇਸ਼ ਵਿਚ, ਆਪਣੇ ਹੀ ਸ਼ਹਿਰ, ਪਿੰਡ ਦੀਆਂ ਗਲੀਆਂ ਵਿਚ ਉਸਨੂੰ ਅਛੂਤ ਗਰਦਾਨ ਕੇ ਗਲ ਵਿਚ ਕੁੱਜੇ ਤੇ ਲੱਕ ਨਾਲ ਝਾੜੂ ਬੰਨ੍ਹ ਕੇ ਤੁਰਨ ਲਈ ਮਜਬੂਰ ਕੀਤਾ ਤਾਂ ਜੋ ਉਸਦੇ ਥੁੱਕਣ ਨਾਲ ਅਤੇ ਪੈਰ ਦੀ ਪੈੜ ਨਾਲ ਇਹ ਧਰਤੀ ਨਾ ਭਿੱਟੀ ਜਾਵੇ ਜਿਸ 'ਤੇ ਕਿ ਜਾਤ ਹੰਕਾਰੀਆਂ ਦਾ ਲੰਬੇ ਸਮੇਂ ਤੋਂ ਰਾਜ ਚਲਦਾ ਆ ਰਿਹਾ ਸੀ। ਇਹੋ ਜਿਹੀ ਸਮਾਜਿਕ ਵਿਵਸਥਾ ਦੇ ਖਿਲਾਫ ਡਾ. ਅੰਬੇਡਕਰ ਨੇ ਚੋਟੀ ਦੀ ਵਿੱਦਿਆ ਪ੍ਰਾਪਤ ਕਰਕੇ, ਦੇਸ਼ ਵਿਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਜਾਣਕਾਰੀ ਇਕੱਤਰ ਕਰਕੇ ਆਪਣੇ ਆਪ ਨੂੰ ਸੰਘਰਸ਼ ਦੇ ਹਰ ਹਥਿਆਰ ਨਾਲ ਲੈਸ ਕਰਕੇ, ਗੈਰ ਬਰਾਬਰੀ ਦੇ ਟੋਏ-ਟਿੱਬੇ ਭਰਨ ਲਈ ਮੈਦਾਨ ਵਿਚ ਕੁੱਦ ਪਏ ਅਤੇ ਇਹਨਾਂ ਜਾਤ ਹੰਕਾਰੀਆਂ ਨੂੰ ਪੈਰ ਪੈਰ ਤੇ ਵੰਗਾਰਿਆ, ਜਿਹਨਾਂ ਨੇ ਇਸ ਧਰਤੀ ਤੇ ਜਾਤ-ਪਾਤ, ਊਚ-ਨੀਚ ਦਾ ਜਾਲ ਵਿਛਾ ਕੇ ਇਸ ਦੇਸ਼ ਦੀ ਬਹੁਗਿਣਤੀ ਨੂੰ ਮਨੁੱਖਤਾ ਤੋਂ ਬਹੁਤ ਹੇਠਲੀ ਪੱਧਰ ਤੇ ਜਿਊਣ ਲਈ ਮਜਬੂਰ ਕੀਤਾ ਹੋਇਆ ਸੀ। ਬਾਬਾ ਸਾਹਿਬ ਇਸ ਜਾਤੀ ਵਿਵਸਥਾ ਅਤੇ ਊਚ-ਨੀਚ ਵਾਲੇ ਸਮਾਜ ਨੂੰ ਖਤਮ ਕਰਕੇ ਸਮਾਨਤਾ, ਭਾਈਚਾਰੇ ਅਤੇ ਸੁਤੰਤਰਤਾ ਵਾਲਾ ਸਮਾਜ ਸਿਰਜਣ ਦੇ ਤੀਬਰ ਇਛੁੱਕ ਸਨ। ਇਸ ਕਾਰਜ ਲਈ ਉਹਨਾਂ ਨੇ ਆਪਣੀ ਸਾਰੀ ਹਯਾਤੀ, ਸਾਰੀ ਵਿੱਦਿਆ ਅਤੇ ਸਾਰੀ ਲਿਆਕਤ ਲੇਖੇ ਲਾ ਦਿੱਤੀ। ਸਮਾਜ ਦੇ ਦੋਖੀਆਂ ਨੇ ਉਹਨਾਂ ਨੂੰ ਕਦਮ ਕਦਮ 'ਤੇ ਅਪਮਾਨਿਤ ਕੀਤਾ, ਮਾਰਨ ਦੀਆਂ ਧਮਕੀਆਂ ਹੀ ਨਹੀਂ ਦਿੱਤੀਆਂ ਸਗੋਂ ਜਾਨਲੇਵਾ ਹਮਲੇ ਹੋਏ ਵੀ ਪਰ ਉਹ ਅਡੋਲ ਅਤੇ ਨਿੱਧੜਕ ਹੋ ਕੇ ਆਪਣੇ ਨਿਸ਼ਾਨੇ ਵੱਲ ਲਗਾਤਾਰ ਵਧਦੇ ਰਹੇ ਅਤੇ ਜੋ ਕੁਝ ਉਹ ਕਰ ਗਏ ਉਹ ਇਕ ਇਨਕਲਾਬ ਤੋਂ ਘੱਟ ਨਹੀਂ ਸੀ।

ਬਾਬਾ ਸਾਹਿਬ ਵੱਲੋਂ ਕੀਤੇ ਗਏ ਕੰਮਾਂ ਨੂੰ ਸਮੇਂ ਦੀਆਂ ਸਰਕਾਰਾਂ ਅਤੇ ਵਿਰੋਧੀ ਸ਼ਕਤੀਆਂ ਨੇ ਇਸ ਤਰ੍ਹਾਂ ਪ੍ਰਚਾਰਿਆ ਕਿ ਉਹਨਾਂ ਦੀ ਸ਼ਖਸੀਅਤ ਨੂੰ ਪਹਿਲਾਂ ਤਾਂ ਪੂਰਨ ਰੂਪ ਵਿਚ ਉਭਰਨ ਹੀ ਨਾ ਦਿੱਤਾ ਗਿਆ ਸਗੋਂ ਉਹਨਾਂ ਵੱਲੋਂ ਕੀਤੇ ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਕਾਂਗਰਸ, ਮਹਾਤਮਾ ਗਾਧੀ ਜਾਂ ਹੋਰ ਕਾਂਗਰਸੀ ਦਲਿਤ ਆਗੂਆਂ ਦੇ ਖਾਤੇ ਵਿਚ ਪਾਉਂਦੀਆਂ ਰਹੀਆਂ, ਫਿਰ ਜਦੋਂ ਬਾਬਾ ਸਾਹਿਬ ਦੇ ਕੰਮ ਕੰਨ ਪਾੜ ਕੇ ਬਾਹਰ ਆਉਣ ਲੱਗੇ ਤਾਂ ਇਹਨਾਂ ਹੀ ਸ਼ਕਤੀਆਂ ਨੇ ਉਹਨਾਂ ਨੂੰ ਸਿਰਫ ਦਲਿਤਾਂ ਦੇ ਆਗੂ ਹੀ ਬਣਾ ਕੇ ਪੇਸ਼ ਕੀਤਾ। ਜਦੋਂ ਕਿ ਉਹਨਾਂ ਦਾ ਸੰਘਰਸ਼ ਸਮਾਜ ਦੇ ਹਰ ਉਸ ਵਰਗ ਲਈ ਸੀ, ਜਿਸਨੂੰ ਉਸਦਾ ਹੱਕ ਨਹੀਂ ਸੀ ਮਿਲ ਰਿਹਾ ਤੇ ਇਕ ਲੰਮੇ ਸਮੇਂ ਤੋਂ ਉਸਦੀ ਲੁੱਟ-ਖਸੁੱਟ ਕਰਕੇ ਉਸਦਾ ਸ਼ੋਸ਼ਣ ਕੀਤਾ ਜਾ ਰਿਹਾ ਸੀ। ਇਹ ਠੀਕ ਹੈ ਕਿ ਸਮੇਂ ਦੀ ਜਾਤਪਾਤੀ ਕਰੂਰਤਾ ਦਾ ਡੰਡਾ ਸਭ ਤੋਂ ਵੱਧ ਦਲਿਤਾਂ 'ਤੇ ਚੱਲਿਆ ਸੀ ਪਰ ਬਾਬਾ ਸਾਹਿਬ ਨੇ ਜਿੱਥੇ ਇਸ ਵਰਗ ਲਈ ਸੰਘਰਸ਼ ਕੀਤਾ, ਉਥੇ ਨਾਲ ਦੀ ਨਾਲ ਔਰਤਾਂ ਅਤੇ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਲਈ ਵੀ ਲੜਾਈ ਲੜੀ। ਉਹਨਾਂ ਨੇ ਸਮਾਜਿਕ ਤੇ ਰਾਜਨੀਤਿਕ ਖੇਤਰ ਦੇ ਨਾਲ ਨਾਲ ਆਰਥਿਕ, ਕਾਨੂੰਨੀ ਅਤੇ ਮੀਡੀਆ ਖੇਤਰ ਵਿਚ ਵੀ ਸਹੀ ਅਗਵਾਈ ਕੀਤੀ। ਇੱਥੇ ਹੀ ਬੱਸ ਨਹੀਂ ਧਰਮ ਦੇ ਖੇਤਰ ਵਿਚ ਵੀ ਉਹਨਾਂ ਨੇ ਪੂਰਨ ਸੇਧ ਦਿੱਤੀ। ਵਿਰੋਧੀਆਂ ਵੱਲੋਂ ਉਹਨਾਂ 'ਤੇ ਇਕ ਲੇਬਲ ਚਿਪਕਾਉਣਾ ਕਿ ਉਹ ਸਿਰਫ ਦਲਿਤਾਂ ਦੇ ਹੀ ਨੇਤਾ ਸਨ, ਇਹ ਉਹਨਾਂ ਦੀਆਂ ਘਾਲਣਾਵਾਂ ਅਤੇ ਪ੍ਰਾਪਤੀਆਂ ਨਾਲ ਜ਼ਿਆਦਤੀ, ਸੰਕੀਰਨਤਾ ਅਤੇ ਪੱਖਪਾਤ ਹੈ। ਉਹ ਪੂਰੇ ਦੇਸ਼ ਨੂੰ ਹਰ ਖੇਤਰ ਵਿਚ ਸੇਧ ਦੇਣ ਵਾਲੇ ਨੇਤਾ ਸਨ। ਆਓ ਵੇਖੀਏ ਕਿਵੇਂ?

### ਔਰਤ ਦੇ ਹੱਕਾਂ ਦਾ ਰਾਖਾ

ਬਾਬਾ ਸਾਹਿਬ ਨੇ ਜਿੱਥੇ ਸਦੀਆਂ ਤੋਂ ਲਿਤਾੜੇ ਦਲਿਤ ਸਮਾਜ ਲਈ ਲੜਾਈ ਲੜ ਕੇ ਇਕ ਨਵੇਂ ਯੁੱਗ ਦਾ ਆਗਾਜ਼ ਕੀਤਾ, ਉਥੇ ਉਹਨਾਂ ਨੇ ਸਮੁੱਚੇ ਸਮਾਜ ਦੇ ਮਹੱਤਵਪੂਰਨ ਅੱਧੇ ਹਿੱਸੇ ਔਰਤ ਵਰਗ ਲਈ ਵੀ ਵਿਸ਼ੇਸ਼ ਤੌਰ ਤੇ ਲੜਾਈ ਲੜੀ। ਸਮਾਜ ਵਿਚ ਔਰਤਾਂ ਤੇ ਹੋ ਰਹੇ ਜ਼ੁਲਮ ਅਤੇ ਅੱਤਿਆਚਾਰਾਂ ਤੋਂ ਉਹ ਬਹੁਤ ਪੀੜਤ ਹੁੰਦੇ ਸਨ। ਹਿੰਦੂ ਸ਼ਾਸਤਰਾਂ ਵਿਚ ਗਰਦਾਨੀ ਗਈ ਪੈਰ ਦੀ ਜੁੱਤੀ, ਬੇ-ਅਕਲ, ਨਰਕ ਦਾ ਦੁਆਰ, ਬੇਵਫਾ, ਕੁਲਟਾ, ਅਧਿਕਾਰ ਰਹਿਤ, ਗੁੱਤ ਪਿੱਛੇ ਮੱਤ, ਪਤੀ ਦੀ ਲਾਸ਼ ਨਾਲ ਸਤੀ ਹੋਣ ਵਾਲੀ ਵਸਤੂ ਨੂੰ ਬਾਬਾ ਸਾਹਿਬ ਨੇ ਸੰਵਿਧਾਨ ਬਣਾਉਣ ਲੱਗਿਆਂ ਸੰਵਿਧਾਨ ਦੀ ਧਾਰਾ 15 (1) ਰਾਹੀਂ ਮਰਦ ਦੇ ਬਰਾਬਰ ਅਧਿਕਾਰ ਦਿਵਾਇਆ। ਧਾਰਾ 39 ਰਾਹੀਂ ਬਰਾਬਰ ਕੰਮ ਅਤੇ ਬਰਾਬਰ ਤਨਖਾਹ ਦੀ ਵਿਵਸਥਾ ਕਰਵਾਈ। ਬੰਬਈ ਵਿਧਾਨ ਪ੍ਰੀਸ਼ਦ ਵਿਚ ਹੁੰਦਿਆਂ ਉਹਨਾਂ ਨੇ 3 ਅਗਸਤ 1928 ਨੂੰ ਵਿਧਾਨ ਪ੍ਰੀਸ਼ਦ ਵਿਚ ਬਿਲ ਪੇਸ਼ ਕੀਤਾ ਅਤੇ ਮੁਜ਼ਾਹਰੇ ਤੇ ਘਿਰਾਓ ਕਰਕੇ ਅੰਗਰੇਜ਼ ਸਰਕਾਰ ਨੂੰ ਪਹਿਲੀ ਵਾਰ ਔਰਤ ਦੀ ਬੇਗਾਰੀ ਖਤਮ ਕਰਨ ਲਈ ਮਜਬੂਰ ਕੀਤਾ। ਫਿਰ 28 ਜੁਲਾਈ ਨੂੰ ਬਿਲ ਪੇਸ਼ ਕਰਕੇ ਪ੍ਰਸੂਤਾ ਛੁੱਟੀ ਅਤੇ ਵੇਤਨ ਦਾ ਪ੍ਰਬੰਧ ਕਰਵਾਇਆ। ਮਰਦ ਦੇ ਬਰਾਬਰ ਹੜਤਾਲ ਕਰਨ ਦਾ ਅਧਿਕਾਰ ਦਿਵਾਇਆ। ਵੋਟ ਦੇ ਅਧਿਕਾਰ ਲਈ ਇੰਡੀਅਨ ਸਟੈਚੁਟਰੀ ਕਮਿਸ਼ਨ ਨੂੰ ਯਾਦ ਪੱਤਰ ਦੇ ਕੇ ਔਰਤ ਲਈ ਵੋਟ ਦੇ ਅਧਿਕਾਰ ਲਈ ਜ਼ੋਰਦਾਰ ਆਵਾਜ਼ ਉਠਾਈ। ਔਰਤ ਦੇ ਜਾਇਦਾਦ ਮਾਲਕੀ ਅਧਿਕਾਰ, ਤਲਾਕ ਦਾ ਅਧਿਕਾਰ, ਆਪਣਾ ਵਾਰਸ ਚੁਣਨ ਦਾ ਅਧਿਕਾਰ, ਬੱਚਾ ਗੋਦ ਲੈਣ ਦਾ ਅਧਿਕਾਰ ਆਦਿ ਦਿਵਾਉਣ ਲਈ ਬਤੌਰ ਕਾਨੂੰਨ ਮੰਤਰੀ ਬਹੁ-ਚਰਚਿਤ ਹਿੰਦੂ ਕੋਡ ਬਿਲ 5 ਫਰਵਰੀ 1951 ਨੂੰ ਪੇਸ਼ ਕੀਤਾ। ਬਿਲ 'ਤੇ ਲੰਬੀ ਬਹਿਸ ਹੋਈ ਪਰ ਮਨੂੰਵਾਦੀਆਂ ਦਾ ਜ਼ੋਰ ਹੋਣ ਕਾਰਨ ਇਹ ਬਿਲ ਪਾਸ ਨਾ ਹੋ ਸਕਿਆ। ਉਹਨਾਂ ਨੇ ਤੰਗ ਆ ਕੇ 28 ਸਤੰਬਰ 1951 ਨੂੰ ਆਪਣੇ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ, ਕਿਉਂਕਿ ਕਾਂਗਰਸੀ ਆਗੂਆਂ ਨੇ ਬਿਲ ਪਾਸ ਕਰਨ ਦਾ ਵਾਅਦਾ ਤੋੜ ਦਿੱਤਾ ਸੀ।



ਬਾਬਾ ਸਾਹਿਬ ਦਾ ਵਿਚਾਰ ਸੀ ਕਿ "ਜਦੋਂ ਤੱਕ ਔਰਤ ਨੂੰ ਦੂਜੇ ਦਰਜੇ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ, ਉਦੋਂ ਤੱਕ ਦੇਸ਼ ਦੀ ਅੱਧੀ ਆਬਾਦੀ ਗੁਲਾਮ ਬਣੀ ਰਹੇਗੀ ਅਤੇ ਜਦੋਂ ਤੱਕ ਔਰਤਾਂ ਕ੍ਰਾਂਤੀ ਵਿਚ ਹਿੱਸੇਦਾਰ ਨਹੀਂ ਬਣਨਗੀਆਂ, ਕ੍ਰਾਂਤੀ ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਰਾਜਸੀ ਜਾਂ ਆਰਥਿਕ ਉਹ ਅਧੂਰੀ ਹੀ ਰਹੇਗੀ।" ਬਾਬਾ ਸਾਹਿਬ ਦੀ ਇਹ ਕਿੱਡੀ ਇਨਕਲਾਬੀ ਜ਼ੁਰਅਤ ਸੀ ਜੋ ਔਰਤਾਂ ਅਤੇ ਦਲਿਤਾਂ ਉਤੇ ਅੱਤਿਆਚਾਰ ਕਰਨ ਦਾ ਫੁਰਮਾਨ ਪੱਕਿਆਂ ਕਰਨ ਵਾਲੀ 'ਧਾਰਮਿਕ' ਪੁਸਤਕ ਮਨੂੰ ਸਿਮ੍ਰਤੀ ਨੂੰ ਜਨਮ ਤੌਰ ਤੇ ਸਾੜਿਆ। ਉਹਨਾਂ ਨੇ 'ਭਾਰਤੀ ਨਾਰੀ ਦਾ ਉਥਾਨ ਅਤੇ ਪਤਨ' ਵਰਗੀ ਖੋਜ ਪੁਸਤਕ ਲਿਖ ਕੇ ਔਰਤ ਦੇ ਹੱਕ ਵਿਚ ਖਲੋਏ। ਅੱਜ ਔਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ, ਐਮ. ਪੀ., ਐਮ. ਐਲ. ਏ., ਨੌਕਰਸ਼ਾਹੀ ਦੇ ਵੱਡੇ ਅਹੁਦੇ ਲੈਣ ਪਿੱਛੇ ਬਾਬਾ ਸਾਹਿਬ ਦੀ ਸੋਚ ਖੜ੍ਹੀ ਮਹਿਸੂਸ ਕੀਤੀ ਜਾ ਸਕਦੀ ਹੈ।

### ਮਜ਼ਦੂਰਾਂ ਦੇ ਹੱਕਾਂ ਦਾ ਝੰਡਾ ਬਰਦਾਰ

ਬਾਬਾ ਸਾਹਿਬ ਮਜ਼ਦੂਰ ਅਤੇ ਨੌਕਰੀ ਪੇਸ਼ਾ ਵਰਗ ਲਈ ਵੀ ਬਹੁਤ ਗੰਭੀਰ ਸਨ। ਉਹਨਾਂ ਦਾ ਮੰਨਣਾ ਸੀ ਕਿ, 'ਜਿਵੇਂ ਆਜ਼ਾਦੀ ਦਾ ਹੱਕ ਇਕ ਰੱਬੀ ਹੱਕ ਹੈ ਉਵੇਂ ਹੀ ਮਜ਼ਦੂਰ ਦਾ ਹੜਤਾਲ ਦਾ ਹੱਕ ਵੀ ਇਕ ਪਵਿੱਤਰ ਅਧਿਕਾਰ ਹੈ, ਜੋ ਉਸਨੇ ਆਪਦੇ ਕੁਦਰਤੀ ਤੇ ਨਿਆਂਇਕ ਹੱਕਾਂ ਲਈ ਇਕ ਹਥਿਆਰ ਵਜੋਂ ਵਰਤਣਾ ਹੁੰਦਾ ਹੈ। ਹੜਤਾਲ ਕਰਨ ਕਰਕੇ ਮਜ਼ਦੂਰਾਂ ਨੂੰ ਸਜ਼ਾ ਦੇਣੀ ਮਜ਼ਦੂਰਾਂ ਨੂੰ ਗੁਲਾਮੀ ਵੱਲ ਧੱਕਣ ਦੇ ਤੁਲ ਹੈ। ਉਹਨਾਂ ਨਾਲ ਸਮਝੌਤੇ ਦੀ ਗੱਲਬਾਤ ਹੜਤਾਲ ਰੋਕਣ ਦਾ ਕਦੇ ਵੀ ਬਹਾਨਾ ਨਹੀਂ ਬਣਨਾ ਚਾਹੀਦਾ। ਉਹਨਾਂ ਦਾ ਇਹ ਵੀ ਮੰਨਣਾ ਸੀ ਕਿ ਕਾਰਖਾਨੇ ਵਿਚ ਸ਼ਾਂਤੀ ਕਾਇਮ ਰੱਖਣ ਲਈ ਮਜ਼ਦੂਰ ਦੀ ਆਜ਼ਾਦੀ ਖਤਮ ਕਰਕੇ ਉਸਨੂੰ ਮਾਲਕ ਦੀ ਗੁਲਾਮੀ ਦੀ ਜੰਜੀਰ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਬਾਬਾ ਸਾਹਿਬ ਨੇ ਮਜ਼ਦੂਰਾਂ ਨੂੰ ਜਾਗਰਿਤ ਕਰਨ ਲਈ ਅਸਲੀਅਤ ਤੋਂ ਜਾਣੂ ਕਰਵਾਉਂਦਿਆਂ ਆਖਿਆ ਕਿ, ਇਸ ਦੇਸ਼ ਵਿਚ ਮਜ਼ਦੂਰ ਦੇ ਦੋ ਦੁਸ਼ਮਣ ਹਨ- ਇਕ ਬ੍ਰਾਹਮਣਵਾਦ ਤੇ ਦੂਜਾ ਪੂੰਜੀਵਾਦ। ਬ੍ਰਾਹਮਣਵਾਦ ਇੰਨਾ ਸਰਬ ਵਿਆਪਕ ਹੈ ਕਿ ਇਹ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਹਰ ਖੇਤਰ ਵਿਚ ਮਾਰ ਕਰਦਾ ਹੈ। ਬ੍ਰਾਹਮਣਵਾਦ ਕਿਉਂਕਿ ਗੈਰ ਬਰਾਬਰੀ ਦੀ ਜੜ੍ਹ ਹੈ, ਇਸ ਲਈ ਮਜ਼ਦੂਰਾਂ ਦੀ ਏਕਤਾ ਬ੍ਰਾਹਮਣਵਾਦ ਦੇ ਖਾਤਮੇ 'ਤੇ ਨਿਰਭਰ ਕਰਦਾ ਹੈ। ਜਿੰਨੀ ਛੇਤੀ ਉਹ ਇਸ 'ਤੇ ਕਾਬੂ ਪਾ ਲੈਣਗੇ, ਉਨੀ ਛੇਤੀ ਹੀ ਕੋਈ ਮਜ਼ਦੂਰ ਏਕਤਾ ਵਾਲਾ ਸੰਗਠਨ ਬਣਾਉਣ ਵਿਚ ਕਾਮਯਾਬ ਹੋਣਗੇ।

ਬਾਬਾ ਸਾਹਿਬ ਨੇ 1936 ਵਿਚ ਇੰਡੀਪੈਂਡੈਂਟ ਲੇਬਰ ਪਾਰਟੀ ਦੀ ਸਥਾਪਨਾ ਨਾ ਅਤੇ 1942-46 ਤੱਕ ਵਾਇਸਰਾਇ ਕੌਂਸਲ ਦੇ ਲੇਬਰ ਮੈਂਬਰ ਹੁੰਦਿਆਂ ਮਜ਼ਦੂਰ ਸਮੱਸਿਆਵਾਂ ਦੇ ਸਬੰਧ ਵਿਚ ਮਜ਼ਦੂਰ ਕਾਨੂੰਨਾਂ ਅਤੇ ਕਾਨੂੰਨ ਪ੍ਰਣਾਲੀ ਵਿਚ ਕਈ ਇਨਕਲਾਬੀ ਸੁਧਾਰ ਕਰਵਾਏ। ਉਹਨਾਂ ਨੇ ਸੰਵਿਧਾਨ ਅਸੈਂਬਲੀ ਵਿਚ 'ਸਟੇਟ ਸਮਾਜਵਾਦ' ਦਾ ਮਤਾ ਪੇਸ਼ ਕੀਤਾ ਸੀ ਜਿਸ ਅਧੀਨ ਜ਼ਮੀਨ ਅਤੇ ਉਦਯੋਗ ਨੂੰ ਨਿੱਜੀ ਕੰਟਰੋਲ ਤੋਂ ਲੈ ਕੇ ਸਰਕਾਰੀ ਕੰਟਰੋਲ ਵਿਚ ਲੈਣਾ ਸ਼ਾਮਲ ਸੀ।

### ਮਨੁੱਖੀ ਅਧਿਕਾਰ ਬਨਾਮ ਸੰਵਿਧਾਨ

ਬਾਬਾ ਸਾਹਿਬ ਦਾ ਮੁੱਖ ਸੰਘਰਸ਼ ਬਰਾਬਰੀ ਅਤੇ ਆਜ਼ਾਦੀ ਪ੍ਰਾਪਤ ਕਰਕੇ ਸਮਾਜ ਵਿਚ ਭਾਈਚਾਰਾ ਪੈਦਾ ਕਰਨ ਵੱਲ ਸੇਧਿਤ ਸੀ। ਸਮਾਜ ਦੇ ਉਸ ਹਿੱਸੇ ਨੂੰ ਜਿਸਨੂੰ ਸਦੀਆਂ ਤੋਂ ਮਨੁੱਖੀ ਅਧਿਕਾਰ ਤਾਂ ਕੀ ਮਨੁੱਖ ਹੀ ਨਹੀਂ ਸੀ ਮੰਨਿਆ ਜਾ ਰਿਹਾ, ਉਸਨੂੰ ਜਾਗਰਿਤ ਕਰਕੇ ਉਸਦੇ ਅਧਿਕਾਰਾਂ ਪ੍ਰਤੀ ਸੰਘਰਸ਼ ਕਰਨਾ ਸੀ। ਜਦੋਂ ਉਹਨਾਂ ਨੂੰ ਸੰਵਿਧਾਨ ਬਣਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਸਦੀਆਂ ਤੋਂ ਖੋਹੇ ਮਨੁੱਖੀ ਅਧਿਕਾਰਾਂ ਨੂੰ ਮੌਲਿਕ ਅਧਿਕਾਰਾਂ ਦੀ ਮੋਹਰ ਲੁਆ ਕੇ ਸੰਵਿਧਾਨ ਵਿਚ ਪੱਕਿਆਂ ਕਰ ਗਏ। ਇਹ ਉਹਨਾਂ ਦੀ ਵੱਡੀ ਪ੍ਰਾਪਤੀ ਹੈ। ਸੰਵਿਧਾਨ ਰਾਹੀਂ ਭਾਵੇਂ ਉਹਨਾਂ ਨੇ ਬਰਾਬਰ ਦਾ ਵੋਟ ਅਧਿਕਾਰ ਦੁਆ ਕੇ ਸਮਾਜ ਵਿਚ ਰਾਜਸੀ ਬਰਾਬਰਤਾ ਤਾਂ ਲਿਆ ਦਿੱਤੀ ਪਰ ਉਹਨਾਂ ਨੂੰ ਪਤਾ ਸੀ ਕਿ ਅਸਲੀ ਬਰਾਬਰਤਾ ਤਾਂ ਸਮਾਜਿਕ ਅਤੇ ਆਰਥਿਕ ਬਰਾਬਰਤਾ ਵਿਚ ਛਿਪੀ ਹੋਈ ਹੈ। ਇਸੇ ਲਈ ਉਹਨਾਂ ਨੇ ਸੰਵਿਧਾਨ ਲਾਗੂ ਕਰਨ ਦੇ ਦਿਨ ਹੀ 26 ਜਨਵਰੀ 1950 ਨੂੰ ਇਹ ਆਖ ਦਿੱਤਾ ਸੀ ਕਿ 'ਅਸੀਂ 26 ਜਨਵਰੀ 1950 ਨੂੰ ਬਰਾਬਰੀ ਵਾਲਾ ਸੰਵਿਧਾਨ ਲਾਗੂ ਕਰਨ ਜਾ ਰਹੇ ਹਾਂ ਪਰ ਇਸ ਨਾਲ ਸਾਨੂੰ ਭਾਵੇਂ ਰਾਜਸੀ ਬਰਾਬਰੀ ਤਾਂ ਮਿਲ ਜਾਵੇਗੀ ਪਰ ਸਮਾਜਿਕ ਤੇ ਆਰਥਿਕ ਬਰਾਬਰੀ ਨਹੀਂ ਮਿਲੇਗੀ। ਸਾਨੂੰ ਜਲਦੀ ਤੋਂ ਜਲਦੀ ਇਹ ਫਰਕ ਮਿਟਾਉਣਾ ਹੋਵੇਗਾ, ਨਹੀਂ ਤਾਂ ਇਸ ਵਿਤਕਰੇ ਦੇ ਸ਼ਿਕਾਰ ਲੋਕ ਰਾਜਸੀ ਤੰਤਰ ਨੂੰ ਖੇਰੂੰ ਖੇਰੂੰ ਕਰ ਦੇਣਗੇ।' ਪਰ ਅਸੀਂ ਵੇਖ ਰਹੇ ਹਾਂ ਕਿ ਇਹ ਵਿਤਕਰਾ ਤਾਂ ਹਾਲੇ ਤੱਕ ਵੀ ਜਾਰੀ ਹੈ। ਸਮਾਜਿਕ ਤੇ ਆਰਥਿਕ ਪਾੜਾ ਘਟਣ ਦੀ ਬਜਾਏ ਵਧਦਾ ਹੀ ਜਾ ਰਿਹਾ ਹੈ। ਇਸ ਵਿਤਕਰੇ ਦੇ ਸ਼ਿਕਾਰ ਲੋਕ ਜਾਗ ਹੀ ਨਹੀਂ ਰਹੇ। ਉਹਨਾਂ ਨੇ ਮੰਨਿਆ ਸੀ ਕਿ ਜੇ ਇਹਨਾਂ ਹਾਲਾਤਾਂ ਵਿਚ ਸੁਧਾਰ ਨਹੀਂ ਹੁੰਦਾ ਤਾਂ ਇਹ ਕਸੂਰ ਸੰਵਿਧਾਨ ਦਾ ਨਹੀਂ ਸਗੋਂ ਇਸਨੂੰ ਲਾਗੂ ਕਰਨ ਵਾਲਿਆਂ ਦਾ ਹੋਵੇਗਾ। ਇਹ ਸਾਡੇ ਸਾਹਮਣੇ ਸਵਾਲ ਹੈ ਕਿ ਕਿਹੜੀਆਂ ਤਾਕਤਾਂ ਇਸਨੂੰ ਸਹੀ ਅਰਥਾਂ ਵਿਚ ਲਾਗੂ ਹੋਣ ਤੋਂ ਦੂਰ ਰੱਖ ਰਹੀਆਂ ਹਨ। ਇਹ ਰਲ ਮਿਲ ਕੇ ਸੋਚਣ ਦਾ ਵਿਸ਼ਾ ਹੈ।

### ਧਾਰਮਿਕ ਵਿਸ਼ਵਾਸ ਬਾਰੇ

ਬਾਬਾ ਸਾਹਿਬ ਦਾ ਮੰਨਣਾ ਸੀ ਕਿ ਹਰ ਵਿਚਾਰ ਹਰ ਸੋਚ ਦਾ ਆਧਾਰ ਵਿਗਿਆਨਕ ਹੋਣਾ ਚਾਹੀਦਾ ਹੈ। ਧਰਮ ਨੂੰ ਵੀ ਉਹ ਇਸ ਘੇਰੇ ਵਿਚ ਲੈਂਦੇ ਹਨ। ਉਹ ਅਜਿਹੇ ਵਿਸ਼ਵਾਸ ਜਾਂ ਧਰਮ ਨੂੰ ਮੰਨਣ ਤੋਂ ਇਨਕਾਰੀ ਹਨ ਜੋ ਸਮਾਜ ਵਿਚ ਜਾਤ-ਪਾਤ ਦੇ ਵਿਤਕਰੇ ਖੜ੍ਹੇ ਕਰਕੇ ਗੈਰ ਬਰਾਬਰੀ ਪੈਦਾ ਕਰਦਾ ਹੈ। ਮਹਾਤਮਾ ਬੁੱਧ ਅਤੇ ਗੁਰੂ ਨਾਨਕ ਵਿਚ ਉਹਨਾਂ ਦੀ ਅਥਾਹ ਸ਼ਰਧਾ ਸੀ, ਜਿਸ ਤੋਂ ਉਹਨਾਂ ਨੇ ਸੱਚ ਕਹਿਣ ਦੀ ਦਲੇਰੀ ਪ੍ਰਾਪਤ ਕੀਤੀ ਸੀ। ਜਾਤ ਪਾਤ ਤੇ ਗੈਰ ਬਰਾਬਰੀ ਪੈਦਾ ਕਰਨ ਵਾਲੇ ਧਰਮ ਸ਼ਾਸਤਰਾਂ ਬਾਰੇ ਉਹਨਾਂ ਕਿਹਾ, 'ਤੁਹਾਨੂੰ ਉਸ ਅਸੂਲ ਉਤੇ ਡਟ ਕੇ ਖੜ੍ਹਨਾ ਪਵੇਗਾ, ਜਿਸ 'ਤੇ ਮਹਾਤਮਾ ਬੁੱਧ ਡਟ ਕੇ ਖੜੋਤੇ ਸਨ, ਗੁਰੂ ਨਾਨਕ ਡਟ ਕੇ ਖੜੋਤੇ ਸਨ। ਤੁਹਾਨੂੰ ਇਹਨਾਂ ਧਰਮ ਸ਼ਾਸਤਰਾਂ ਨੂੰ ਸਿਰਫ ਤਿਲਾਂਜਲੀ ਹੀ ਨਹੀਂ ਦੇਣੀ ਚਾਹੀਦੀ ਸਗੋਂ ਬੁੱਧ ਅਤੇ ਨਾਨਕ ਦੀ ਤਰ੍ਹਾਂ ਉਹਨਾਂ ਸ਼ਾਸਤਰਾਂ ਦੇ ਹੁਕਮਾਂ ਨੂੰ ਗਲਤ ਕਹਿਣ ਦੀ ਦਲੇਰੀ ਵੀ ਕਰਨੀ ਚਾਹੀਦੀ ਹੈ।' ਬਾਬਾ ਸਾਹਿਬ ਨੇ 1935 ਵਿਚ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਹਿੰਦੂ ਧਰਮ ਵਿਚ ਪੈਦਾ ਹੋ ਗਏ ਇਹ ਉਹਨਾਂ ਦੇ ਵੱਸ ਵਿਚ ਨਹੀਂ ਸੀ ਪਰ ਉਹ ਇਸ ਧਰਮ ਵਿਚ ਮਰਨਗੇ ਨਹੀਂ, ਇਹ ਉਹਨਾਂ ਦੇ ਵੱਸ ਵਿਚ ਹੈ। ਉਹਨਾਂ ਨੇ ਇਹ ਗੱਲ ਇਸ ਲਈ ਆਖੀ ਕਿਉਂਕਿ ਬ੍ਰਾਹਮਣ ਨੇ ਇਸਨੂੰ ਗਲਤ ਲੀਹਾਂ 'ਤੇ ਤੋਰ ਕੇ ਜਾਤ ਪਾਤ ਦੇ ਨਾਂ 'ਤੇ ਊਚ ਨੀਚ ਪੈਦਾ ਕੀਤੀ ਅਤੇ ਸਮਾਜ ਦੇ ਵੱਡੇ ਹਿੱਸੇ ਨੂੰ ਸਦੀਆਂ ਤੱਕ ਮਨੁੱਖੀ ਅਧਿਕਾਰਾਂ ਤੋਂ ਵਾਂਝਿਆਂ ਰੱਖਿਆ। ਉਹਨਾਂ ਨੇ ਸਾਰੇ ਧਰਮਾਂ ਦਾ ਡੂੰਘਾ ਅਧਿਐਨ ਕੀਤਾ। ਇਕ ਮੌਕੇ ਉਹਨਾਂ ਨੇ ਸਿੱਖ ਧਰਮ ਨੂੰ ਅਪਣਾਉਣ ਦਾ ਮਨ ਵੀ ਬਣਾਇਆ। ਪਰ ਬ੍ਰਾਹਮਣਵਾਦੀ ਘੁਸਪੈਠ ਨਾਲ ਸਿੱਖਾਂ ਵਿਚ ਵੀ ਹਿੰਦੂਆਂ ਵਾਂਗ ਹੀ ਜਾਤਪਾਤ ਤੇ ਊਚ-ਨੀਚ ਦਾ ਬੋਲਬਾਲਾ ਵੇਖ ਕੇ ਉਪਰਾਮ ਹੋ ਗਏ। ਅਖੀਰ ਉਹਨਾਂ ਨੇ ਬੁੱਧ ਧਰਮ ਨੂੰ ਚੁਣਿਆ ਅਤੇ 'ਬੁੱਧ ਤੇ ਉਸਦਾ ਧੰਮ' ਗ੍ਰੰਥ ਲਿਖ ਕੇ 1956 ਵਿਚ ਆਪਣੇ ਲੱਖਾਂ ਸ਼ਰਧਾਲੂਆਂ ਸਮੇਤ ਬੁੱਧ ਧਰਮ ਨੂੰ ਗ੍ਰਹਿਣ ਕੀਤਾ। ਬੁੱਧ ਧਰਮ ਉਹਨਾਂ ਸਭ ਫੋਕੇ ਰੀਤੀ ਰਿਵਾਜ, ਵਹਿਮ, ਮਾਨਤਾਵਾਂ ਨੂੰ ਮੁੱਢੋਂ ਹੀ ਨਕਾਰ ਦਿੰਦਾ ਹੇ ਜੋ ਦਲਿਤਾਂ ਦੀ ਅਧੋਗਤੀ ਦਾ ਕਰਨ ਬਣੇ ਸਨ।

ਉਹਨਾਂ ਨੇ ਇਹ ਨਤੀਜਾ ਕੱਢਿਆ ਕਿ ਧਰਮ ਜੀਵਨ ਦੀਆਂ ਸਚਾਈਆਂ, ਜ਼ਿੰਦਗੀ ਦੀ ਅਸਲੀਅਤ ਨਾਲ ਸਬੰਧ ਰੱਖਦਾ ਹੋਵੇ, ਰੱਬ ਕੇਂਦਰੀ ਬਿੰਦੂ ਨਹੀਂ ਹੈ। ਅਸਲ ਧਰਮ ਸ਼ਾਸਤਰਾਂ ਜਾਂ ਗ੍ਰੰਥਾਂ ਵਿਚ ਨਹੀਂ ਸਗੋਂ ਦਿਲ ਵਿਚ ਹੁੰਦਾ ਹੈ ਅਤੇ ਨੈਤਿਕਤਾ ਇਸਦਾ ਧੁਰਾ ਹੁੰਦਾ ਹੈ। ਧਰਮ ਦਾ ਕੰਮ ਦੁਨੀਆਂ ਨੂੰ ਖੁਸ਼ੀਆਂ ਭਰਪੂਰ ਬਣਾਉਣਾ ਹੁੰਦਾ ਹੈ, ਬੇਚੈਨੀ, ਟਕਰਾਅ ਘਟਾਉਣਾ ਹੁੰਦਾ ਹੈ। ਇਹਨਾਂ ਨੂੰ ਘਟਾਉਣ ਲਈ ਇਹਨਾਂ ਦੇ ਕਾਰਨਾਂ ਨੂੰ ਲੱਭ ਕੇ ਹੱਲ ਲੱਭਣਾ ਹੁੰਦਾ ਹੈ। ਅਸਲ ਧਰਮ ਮਨੁੱਖ ਨੂੰ ਉਸਦੇ ਕੰਮਾਂ ਤੋਂ ਪਛਾਨਣਾ ਹੈ ਨਾ ਕਿ ਜਨਮ ਤੋਂ। ਦੁਨੀਆਂ ਦੀ ਹਰ ਚੀਜ਼ ਇਕ ਨਿਯਮ ਵਿਚ ਬੰਨ੍ਹੀ ਵਿੱਚਰ ਰਹੀ ਹੈ ਤੇ ਤਬਦੀਲੀ ਦੇ ਘੇਰੇ ਵਿਚ ਹੈ। ਇਸ ਤਰ੍ਹਾਂ ਬਾਬਾ ਸਾਹਿਬ ਨੇ ਪ੍ਰਚੱਲਿਤ ਧਰਮ ਦੇ ਅਰਥਾਂ ਨੂੰ ਬੁੱਧ ਧਰਮ ਰਾਹੀਂ ਨਵਾਂ ਰੂਪ ਦਿੱਤਾ।

### ਅਰਥ ਵਿਗਿਆਨੀ

ਬਾਬਾ ਸਾਹਿਬ ਨੂੰ ਆਰਥਿਕ ਖੇਤਰ ਵਿਚ ਵੀ ਮੁਹਾਰਤ ਹਾਸਲ ਸੀ। ਉਹਨਾਂ ਨੇ ਕੋਲੰਬੀਆ ਯੂਨੀਵਰਸਿਟੀ ਵਿਚ ਉੱਚ ਵਿੱਦਿਆ ਪ੍ਰਾਪਤੀ ਵੇਲੇ 'ਈਸਟ ਇੰਡੀਆ ਕੰਪਨੀ ਦਾ ਪ੍ਰਸ਼ਾਸਨ ਅਤੇ ਵਿੱਤ ਪ੍ਰਬੰਧ' ਇਕ ਖੋਜ ਪੱਤਰ ਲਿਖਿਆ ਸੀ। ਇਹਨਾਂ ਨੇ ਬਰਤਾਨਵੀ ਸਰਕਾਰ ਨੂੰ ਭਾਰਤੀਆਂ ਦੇ ਪੈਸੇ ਨੂੰ ਸਹੀ ਇਸਤੇਮਾਲ ਨਾ ਕਰਨ 'ਤੇ ਭੰਡਿਆ। ਰੁਪਏ ਦੀ ਸਮੱਸਿਆ ਜੋ ਬਾਬਾ ਸਾਹਿਬ ਨੇ ਬਿਆਨ ਕੀਤਾ, ਉਸਨੂੰ ਉਸ ਵੇਲੇ ਦੇ ਕਈ ਅਰਥ ਸ਼ਾਸਤਰੀਆਂ ਨੇ ਸਲਾਹਿਆ ਸੀ। ਰੁਪਏ ਦੀ ਸਮੱਸਿਆ ਅਤੇ ਹੋਰ ਆਰਥਿਕ ਮਾਮਲਿਆਂ ਬਾਰੇ ਉਹਨਾਂ ਦੇ ਵਿਚਾਰ ਇਕ ਪ੍ਰਪੱਕ ਤੇ ਦੂਰਦਰਸ਼ੀ ਅਰਥ ਵਿਗਿਆਨੀਆਂ ਵਾਲੇ ਸਨ। ਆਰਥਿਕ ਖੇਤਰ ਨਾਲ ਸਬੰਧਤ ਉਹਨਾਂ ਦੀਆਂ ਪੁਸਤਕਾਂ, ਪੁਰਾਤਨ ਭਾਰਤੀ ਤਿਜ਼ਾਰਤ, ਭਾਰਤ ਦਾ ਕੌਮ ਲਾਭ ਅੰਸ਼, ਬਰਤਾਨਵੀ ਭਾਰਤ ਵਿਚ ਕੌਮੀ ਵਿੱਤ ਦੀ ਪ੍ਰਾਂਤਕ ਵੰਡ, ਰੁਪਏ ਦੀ ਸਮੱਸਿਆ ਆਦਿ ਖੋਜ ਭਰਪੂਰ ਹਨ।

ਗੱਲ ਕੀ ਬਾਬਾ ਸਾਹਿਬ ਨੇ ਹਰ ਖੇਤਰ ਵਿਚ ਡੂੰਘਾ ਅਧਿਐਨ ਕਰਕੇ ਉਸਨੂੰ ਸਮਾਜ ਦੇ ਹਿੱਤ ਵਿਚ ਵਰਤ ਲਿਆ ਕਿਉਂਕਿ ਉਹ ਬੁੱਧ, ਕਬੀਰ, ਨਾਨਕ, ਰਵਿਦਾਸ ਅਤੇ ਫੂਲੇ ਦੇ ਸੁਪਨਿਆਂ ਦਾ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਵਾਲਾ ਸਰਬ ਸੰਪੰਨ ਸਮਾਜ ਸਿਰਜਣ ਦੇ ਇਛੁੱਕ ਸਨ। ਮਨੁੱਖਤਾ ਦੀ ਭਲਾਈ ਉਹਨਾਂ ਦਾ ਆਸ਼ਾ ਸੀ। ਉਹਨਾਂ ਨੇ ਜੋ ਕੀਤਾ ਵਧੀਆ ਸਮਾਜ, ਵਧੀਆ ਦੇਸ਼ ਬਣਾਉਣ ਲਈ ਕੀਤਾ। ਉਹਨਾਂ ਦਾ ਮੰਨਣਾ ਸੀ ਕਿ "ਧਰਮ, ਸਭਿਅਤਾ, ਭਾਸ਼ਾ ਦੀ ਕੱਟੜ ਪ੍ਰਤੀਬੱਧਤਾ ਨਿਸ਼ਚੇ ਹੀ ਭਾਰਤੀਪਣ ਦੇ ਅਹਿਸਾਸ ਨੂੰ ਨਹੀਂ ਪਨਪਣ ਦੇਵੇਗੀ। ਮੈਂ ਚਾਹੁੰਦਾ ਹਾਂ ਕਿ ਮੇਰੇ ਦੇਸ਼ ਦੇ ਲੋਕ ਪਹਿਲਾਂ ਭਾਰਤੀ ਬਣਨ ਤੇ ਅਖੀਰ ਤੱਕ ਭਾਰਤੀ ਹੀ ਰਹਿਣ, ਹੋਰ ਕੁਝ ਨਹੀਂ- ਸਿਰਫ ਭਾਰਤੀ।' ਪਰ ਭਾਰਤ ਦੇ ਮਨੂੰਵਾਦੀ ਢਾਂਚੇ ਨੇ ਉਹਨਾਂ ਦੀ ਛਵੀ ਉਭਰਨ ਨਹੀਂ ਦਿੱਤਾ। ਉਹਨਾਂ ਦੇ ਕੀਤੇ ਕੰਮਾਂ ਨੂੰ ਦਬਾਇਆ ਗਿਆ ਪਰ ਉਹ ਸੱਚ ਦਾ ਸੂਰਜ ਸੀ ਜਿਸਨੂੰ ਉਦੈ ਹੋਣ ਤੋਂ ਰੋਕਿਆ ਨਹੀਂ ਸੀ ਜਾ ਸਕਦਾ, ਉਸਦੀ ਰੌਸ਼ਨੀ ਨੂੰ ਫੈਲਣ ਤੋਂ ਨਹੀਂ ਸੀ ਰੋਕਿਆ ਜਾ ਸਕਦਾ।

### ਅੰਤਰ ਰਾਸ਼ਟਰੀ ਸ਼ਖਸੀਅਤ

ਅੰਗਰੇਜ਼ ਲੇਖਕ ਬੇਵਲੇ ਨਿਕਲਸ ਦੀ 'ਵਰਡਿਕਟ ਆਨ ਇੰਡੀਆ' ਅਨੁਸਾਰ ਉਹ ਉਪਰਲੇ ਬਿਹਤਰੀਨ 6 ਦਿਮਾਗਾਂ ਵਿਚੋਂ ਇਕ ਸਨ। ਕੋਲੰਬੀਆ ਯੂਨੀਵਰਸਿਟੀ ਨੇ ਉਹਨਾਂ ਨੂੰ ਡਾਕਟਰ ਆਫ ਲਾਅ ਦੀ ਡਿਗਰੀ ਇਹਨਾਂ ਪ੍ਰਸੰਸਨੀਆ ਸ਼ਬਦਾਂ ਨਾਲ ਦਿੱਤੀ, "ਉਹ ਇਕ ਯੋਗ ਰਾਜਨੀਤੀ ਮਾਹਿਰ, ਅਰਥ ਸ਼ਾਸਤਰੀ, ਬੈਰਿਸਟਰ, ਪ੍ਰੋਫੈਸਰ ਦੇ ਨਾਲ ਨਾਲ ਮਹਾਨ ਸਮਾਜ ਸੁਧਾਰਕ ਅਤੇ ਮਾਨਵ ਅਧਿਕਾਰਾਂ ਦੇ ਬੇਖੌਫ ਯੋਧੇ ਸਨ।" ਸਾਲ 2012 ਵਿਚ ਕੋਲੰਬੀਆ ਯੂਨੀਵਰਸਿਟੀ ਨੇ ਹੀ ਦੁਨੀਆਂ ਦੇ ਚੋਟੀ ਦੇ ਸੌ ਮਹਾਂਪੁਰਖਾਂ, ਬੁੱਧੀਜੀਵੀਆਂ ਦੀ ਸੂਚੀ ਪ੍ਰਕਾਸ਼ਿਤ ਕੀਤੀ, ਜਿਹਨਾਂ ਮਨੁੱਖੀ ਕਲਿਆਣ ਹਿੱਤ ਸਭ ਤੋਂ ਵੱਧ ਯੋਗਦਾਨ ਦਿੱਤਾ, ਜਿਸ ਵਿਚ ਪਹਿਲਾ ਨੰਬਰ ਡਾ. ਅੰਬੇਡਕਰ ਨੂੰ ਮਿਲਿਆ। ਭਾਰਤੀ ਮੀਡੀਆ ਨੇ ਇਸਨੂੰ ਨਹੀਂ ਪ੍ਰਚਾਰਿਆ। ਪਰ ਸਚਾਈ, ਉਹ ਜੋ ਲੱਖ ਪੜ੍ਹਦੇ ਪਾੜ ਕੇ ਵੀ ਬਾਹਰ ਆ ਜਾਏ।

ਉਂਝ ਤਾਂ ਬਾਬਾ ਸਾਹਿਬ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ 1910 ਵਿਚ ਹੀ ਮਿਲ ਗਈ ਸੀ ਜਦੋਂ ਉਹਨਾਂ ਨੇ ਆਪਣਾ ਖੋਜ ਪੱਤਰ 'ਕਾਸਟ ਜੈਨਸਿਸ' ਸੰਪੂਰਨ ਕੀਤਾ ਸੀ ਅਤੇ 1917 ਵਿਚ ਇਹ ਇਕ ਅੰਤਰ ਰਾਸ਼ਟਰੀ ਮੈਗਜ਼ੀਨ ਵਿਚ ਛਪਿਆ। ਕੋਲੰਬੀਆ ਯੂਨੀਵਰਸਿਟੀ ਵਿਚ ਲੱਗੇ ਬਾਬਾ ਸਾਹਿਬ ਦੇ ਬੁੱਤ ਦੇ ਹੇਠਾਂ ਲਿਖਿਆ ਗਿਆ ਹੈ ਕਿ ਇਹ ਭਾਰਤ ਵਿਚ ਜੰਮੇ ਅਤੇ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਖਾਤਰ ਲੜੇ। ਫਿਰ 1969 ਵਿਚ ਇਕ ਅੰਗਰੇਜ਼ ਵਿਦਵਾਨ ਮੈਡਮ ਇਜ਼ੀਲਟ ਨੇ ਬਾਬਾ ਸਾਹਿਬ 'ਤੇ ਖੋਜ ਗ੍ਰੰਥ ਲਿਖਿਆ ਤਾਂ ਉਹਨਾਂ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਮਿਲੀ। ਪੈਰੀ ਐਂਡਰਸਨ ਵਰਗੇ ਅੰਤਰ ਰਾਸ਼ਟਰੀ ਲੇਖਕ ਬਾਬਾ ਸਾਹਿਬ 'ਤੇ ਪੁਸਤਕ ਲਿਖਦਿਆਂ ਆਖਦੇ ਹਨ ਕਿ ਜਦੋਂ ਉਹ ਬਾਬਾ ਸਾਹਿਬ ਦੀਆਂ ਲਿਖਤਾਂ ਪੜ੍ਹਦੇ ਹਨ ਤਾਂ ਕਿਸੇ ਹੋਰ ਹੀ ਦੂਜੀ ਦੁਨੀਆਂ ਵਿਚ ਗੁਆਚ ਜਾਂਦੇ ਹਨ। ਇਹ ਖੁਲਾਸਾ ਪ੍ਰਸਿੱਧ ਵਿਦਵਾਨ ਪ੍ਰੋ: ਵਿਵੇਕ ਕੁਮਾਰ (ਜੇ. ਐਨ. ਯੂ. ਦਿੱਲੀ) ਨੇ ਆਪਣੇ ਇਕ ਲੈਕਚਰ ਵਿਚ ਕੀਤਾ। ਉਹਨਾਂ ਅੱਗੇ ਦੱਸਿਆ ਕਿ ਦੁਨੀਆ ਦੇ ਘੱਟੋ ਘੱਟ 14 ਸਮਾਜ ਸ਼ਾਸਤਰੀ ਮੰਨ ਚੁੱਕੇ ਹਨ ਕਿ ਡਾ. ਅੰਬੇਡਕਰ ਦਾ ਮੁਕਾਬਲਾ ਇਟਲੀ ਦੇ ਮਹਾਨ ਫਿਲਾਸਫ਼ਰ ਐਂਟੋਨਿਓ ਨਾਲ ਹੈ, ਹੋਰ ਉਹਨਾਂ ਦੇ ਨੇੜੇ ਤੇੜੇ ਵੀ ਨਹੀਂ ਢੁੱਕਦਾ। ਅੱਜ ਜਦੋਂ ਵਿਦੇਸ਼ਾਂ ਵਿਚ ਬਾਬਾ ਸਾਹਿਬ ਦੇ ਬੁੱਤ ਲੱਗ ਰਹੇ ਹਨ, ਉਹਨਾਂ ਦਾ ਜਨਮ ਦਿਨ ਅਮਰੀਕਾ,

(ਬਾਕੀ ਸਫਾ 25 ਤੇ)

# ਬਾਬਾ ਸਾਹਿਬ ਨੂੰ ਯਾਦ ਕਰਦਿਆਂ



ਸੋਹਣ ਸਹਿਜਲ
91-95014-77278

14 ਅਪ੍ਰੈਲ 2016-14 ਅਪ੍ਰੈਲ 1891 / 125 ਬਾਬਾ ਸਾਹਿਬ ਡਾ. ਅੰਬੇਡਕਰ ਦੀ 125ਵੀਂ ਜੈਯੰਤੀ ਭਾਰਤ ਵਿੱਚ ਹੀ ਨਹੀਂ ਦੁਨੀਆਂ ਭਰ ਵਿੱਚ ਮਨਾਈ ਜਾ ਰਹੀ ਹੈ। ਬਾਬਾ ਸਾਹਿਬ ਦਾ ਕੰਮ, ਉਨ੍ਹਾਂ ਦੀ ਸੋਚ, ਉਨ੍ਹਾਂ ਦੇ ਸਰੋਕਾਰ ਹੱਦਾਂ ਸਰਹੱਦਾਂ ਉਲੰਘ ਕੇ ਮਾਨਵਤਾ ਦੇ ਸਰੋਕਾਰ ਹੋ ਗਏ ਹਨ। ਮਨੁੱਖੀ ਹੱਕਾਂ ਅਧਿਕਾਰਾਂ ਦੇ ਸਰੋਕਾਰ ਬਣ ਗਏ ਹਨ। ਉਨ੍ਹਾਂ ਦਾ ਸੰਘਰਸ਼, ਅਨਿਆਂ ਖਿਲਾਫ ਸੰਘਰਸ਼ ਹੈ, ਭੇਦਭਾਵ ਵਿਰੁੱਧ ਸੰਘਰਸ਼ ਹੈ, ਕਮਜ਼ੋਰਾਂ ਨੂੰ ਸਮਰੱਥ ਬਣਾਉਣ ਦਾ ਸੰਘਰਸ਼ ਹੈ, ਇਸਤਰੀ ਮਰਦ ਬਰਾਬਰ ਇਸ ਸੰਕਲਪ ਦਾ ਸੰਘਰਸ਼ ਹੈ। ਇਹ ਸੰਘਰਸ਼ ਕੂੜ ਦੇ ਖਿਲਾਫ ਸੰਘਰਸ਼ ਹੈ, ਅੰਧਵਿਸ਼ਵਾਸ਼ਾਂ ਦੇ ਖਿਲਾਫ਼ ਸੰਘਰਸ਼ ਹੈ। ਬਾਬਾ ਸਾਹਬ ਦੀ ਲੜਾਈ ਸੱਚ ਲਈ ਸੀ, ਆਦਰਸ਼ਾਂ ਲਈ ਸੀ, ਵਿਚਾਰਧਾਰਾ ਦੀ ਲੜਾਈ ਸੀ। ਜੇ ਉਹ ਕਾਂਗਰਸ, ਕਮਿਊਨਿਸਟਾਂ, ਹਿੰਦੂਆਂ, ਅੰਗਰੇਜ਼ਾਂ ਨਾਲ ਜੂਝਦੇ ਰਹੇ ਤਾਂ ਉਸ ਦੇ ਠੋਸ ਕਾਰਨ ਹਨ। ਜਦੋਂ ਕਦੇ ਮੌਕਾ ਬਣਿਆ ਉਨ੍ਹਾਂ ਨੇ ਸਭ ਨਾਲ ਸਹਿਯੋਗ ਕੀਤਾ ਪਰ ਅਸੂਲਾਂ ਸਿਧਾਂਤਾਂ, ਦੌਲਤ ਜਾਂ ਅਹੁਦੇ ਨਾਲ ਸਮਝੌਤਾ ਕਦੇ ਨਹੀਂ ਕੀਤਾ।

ਜਾਤਪਾਤ, ਛੂਆਛਾਤ, ਜਨਮ ਅਧਾਰਤ ਉਚਨੀਚ, ਅਜੇ ਵੀ ਇਸ ਦੇਸ਼ ਦੀ ਤਲਖ਼ ਹਕੀਕਤ ਹੈ। ਯੁੱਗਪੁਰਸ਼ ਡਾ. ਅੰਬੇਡਕਰ ਜੀਵਨ ਭਰ ਇਸ ਵਿਤਕਰੇ ਦਾ ਸ਼ਿਕਾਰ ਰਹੇ ਕਿਉਂਕਿ ਉਹ ਹਿੰਦੂਵਾਦੀ ਢਾਂਚੇ ਦੇ ਨੀਵੇਂ ਤੋਂ ਵੀ ਨੀਵੇਂ ਵਰਗ ਵਿੱਚ ਪੈਦਾ ਹੋਏ। ਉਨ੍ਹਾਂ ਦੀਆਂ ਵਿਵਸਥਾ ਪਰਿਵਰਤਨ ਦੀ ਸਮਰੱਥਾ ਰੱਖਣ ਵਾਲੀਆਂ ਲਿਖਤਾਂ ਨੂੰ ਵੱਧ ਤੋਂ ਵੱਧ ਦਬਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਗਈ ਪਰ ਜਿਵੇਂ ਕਹਿੰਦੇ ਹਨ, ਆਖਰ ਸੱਚ ਉਜਾਗਰ ਹੋ ਕੇ ਰਹਿੰਦਾ ਹੈ। ਅੱਜ ਹਾਲ ਇਹ ਹੈ ਕਿ ਹੁਣ ਦਾ ਸਮਾਂ ਕਿਸੇ ਹੋਰ ਵਾਦ ਦਾ ਸਮਾਂ ਨਹੀਂ। ਹੋਰ ਕਿਸੇ ਅਖੌਤੀ ਮਹਾਤਮਾਂ ਦਾ ਸਮਾਂ ਨਹੀਂ, ਜੇ ਦੁਨੀਆਂ ਭਰ ਵਿੱਚ ਚਰਚਾ ਹੈ ਤਾਂ ਬਾਬਾ ਸਾਹਬ ਦੀ ਵਿਚਾਰਧਾਰਾ ਦੀ ਚਰਚਾ ਹੈ। ਉਨ੍ਹਾਂ ਦੇ ਅਦਭੁੱਤ ਗਿਆਨ, ਬੇਮਿਸਾਲ ਦੂਰਦ੍ਰਿਸ਼ਟੀ ਦੀ ਚਰਚਾ ਹੈ। 60-70 ਵਰ੍ਹੇ ਪਹਿਲਾਂ ਕਹੀਆਂ ਲਿਖੀਆਂ ਗੱਲਾਂ ਦੀ ਪ੍ਰਸੰਗਿਕਤਾ ਅੱਜ ਵੀ ਘੱਟ ਨਹੀਂ ਹੋਈ। ਉਨ੍ਹਾਂ ਉੱਪਰ ਖੋਜ ਕਾਰਜ ਹੋ ਰਹੇ ਹਨ, ਉਨ੍ਹਾਂ ਨੂੰ ਗਿਆਨ ਦਾ ਪ੍ਰਤੀਕ, ਪ੍ਰੇਰਨਾ ਦਾ ਸ੍ਰੋਤ ਮੰਨਿਆਂ ਜਾ ਰਿਹਾ ਹੈ। ਬਾਬਾ ਸਾਹਿਬ ਦਾ ਵਿਰੋਧ ਕਰਨ ਵਾਲੇ ਨੇਤਾ ਅਤੇ ਦਲ ਚਾਹੇ ਦਿਲੋਂ ਨਾ ਸਹੀ, ਜਾਹਰਾ ਤੌਰ ਤੇ ਉਨ੍ਹਾਂ ਦੇ ਗੁਣ ਗਾ ਰਹੇ ਹਨ। ਉਨ੍ਹਾਂ ਦੇ ਮੂਲ ਵਿਚਾਰਾਂ ਨੂੰ ਤੋੜਿਆ ਮਰੋੜਿਆ ਜਾ ਰਿਹਾ ਹੈ, ਉਨ੍ਹਾਂ ਵਿੱਚ ਖੋਟ ਮਿਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨੂੰ ਸੂਝਵਾਨ ਲੋਕ ਬਾਖੂਬੀ ਸਮਝ ਵੀ ਰਹੇ ਹਨ। ਜੇ ਕਿਸੇ ਨੇ ਭਾਰਤੀਅਤਾ ਦਾ ਸਬਕ ਸਿੱਖਣਾ ਹੈ ਤਾਂ ਉਹ ਬਾਬਾ ਸਾਹਿਬ ਤੋਂ ਸਿੱਖੇ ਜਿਨ੍ਹਾਂ ਨੇ ਕਿਹਾ ਸੀ ਕਿ ਮੈਂ ਪਹਿਲਾਂ ਵੀ ਭਾਰਤੀ ਹਾਂ ਅਤੇ ਅੰਤ ਵਿੱਚ ਵੀ ਭਾਰਤੀ। ਇਹ ਨਹੀਂ ਕਿ ਪਹਿਲਾਂ ਮੈਂ ਹਿੰਦੂ ਹਾਂ, ਜਾਂ ਪਹਿਲਾਂ ਮੈਨੂੰ ਗੀਤਾ ਹੈ, ਜਾਂ ਪਹਿਲਾਂ ਮੈਨੂੰ ਗਊ ਹੈ। ਜਿਹੜੇ ਲੋਕ ਸਮੇਂ ਸਮੇਂ ਤੇ ਹਕੂਮਤਾਂ ਦੇ ਪਿੱਠੂ ਰਹੇ, ਹਾਕਮਾਂ ਨਾਲ ਆਪਣੀ ਜ਼ਮੀਰ ਦੇ ਸੌਦੇ ਕਰਦੇ ਰਹੇ, ਜਿਨ੍ਹਾਂ ਨੇ ਦੇਸ਼ ਦੇ ਅਜ਼ਾਦੀ ਸੰਘਰਸ਼ ਵਿੱਚ ਕੱਖ ਵੀ ਯੋਗਦਾਨ ਨਹੀਂ ਪਾਇਆ, ਉਲਟਾ ਦੇਸ਼ ਭਗਤਾਂ ਦੀਆਂ ਮੁਖ਼ਬਰੀਆਂ ਕੀਤੀਆਂ ਅਤੇ ਸਰਦਾਰੀਆਂ ਚੌਧਰਾਂ ਪਾਈਆਂ, ਅੱਜ ਉਹ ਲੋਕਾਂ ਨੂੰ ਰਾਸ਼ਟਰਵਾਦ ਦੀਆਂ ਨਸੀਹਤਾਂ ਦੇ ਰਹੇ ਹਨ। ਬਾਬਾ ਸਾਹਿਬ ਦੇ ਸੰਘਰਸ਼ ਵਿੱਚੋਂ ਨਿੱਕਲੀ ਹੋਈ ਰਿਜ਼ਰਵੇਸ਼ਨ ਦਾ ਮਜ਼ਾਕ ਬਣਾ ਰਹੇ ਹਨ, ਵੋਟਾਂ ਦੀ ਖਰੀਦੋਫ਼ਰੋਖਤ ਕਰਕੇ ਲੋਕਤੰਤਰ ਦਾ ਸੱਤਿਆਨਾਸ ਕਰ ਰਹੇ ਹਨ। ਸਿੱਖਿਆ ਨੂੰ ਮਹਿੰਗੀ ਕਰਕੇ ਆਮ ਲੋਕਾਂ ਤੋਂ ਦੂਰ ਲਿਜਾ ਰਹੇ ਹਨ, ਅੰਧਵਿਸ਼ਵਾਸ਼ਾਂ ਦਾ ਫੈਲਾਅ ਕਰਕੇ ਬਾਬਾ ਸਾਹਿਬ ਦੀ ਵਿਦਵਤਾ ਨੂੰ ਚੈਲੰਜ ਕਰ ਰਹੇ ਹਨ। ਔਰਤਾਂ ਦੇ ਹੱਕਾਂ ਹਿੱਤਾਂ ਲਈ ਬਾਬਾ ਸਾਹਿਬ ਦੁਆਰਾ ਪੇਸ਼ ਕੀਤੇ ਗਏ ਹਿੰਦੂ ਕੋਡ ਬਿੱਲ ਨੂੰ ਫੇਲ੍ਹ ਕਰਨ ਵਾਲੇ ਲੋਕ, ਔਰਤਾਂ ਲਈ ਰਾਖਵਾਂਕਰਨ ਦੀ ਮੰਗ ਕਰ ਰਹੇ ਹਨ। ਇਸ ਲਈ ਜੇ ਇਹ ਟੋਲਾ ਆਪਣੇ ਆਪ ਨੂੰ ਬਾਬਾ ਸਾਹਿਬ ਦਾ ਭਗਤ ਕਹਿੰਦਾ ਹੈ ਤਾਂ ਯਕੀਨ ਨਹੀਂ ਆਉਂਦਾ। ਬਾਬਾ ਸਾਹਿਬ ਦੀ ਅਗਵਾਈ ਵਿੱਚ ਬਣਿਆ ਭਾਰਤ ਦਾ ਸੰਵਿਧਾਨ ਅੱਜ ਹਾਕਮਾਂ ਦੀਆਂ ਕਰਤੂਤਾਂ ਹੇਠ ਦੱਬ ਕੇ ਰਹਿ ਗਿਆ ਹੈ। ਸਹੀ ਅਰਥਾਂ ਵਿੱਚ ਸੰਵਿਧਾਨ ਲਾਗੂ ਕੀਤਾ ਹੁੰਦਾ ਤਾਂ ਛੂਆਛਾਤ ਮਿਟ ਜਾਂਦੀ, ਗਰੀਬੀ ਘਟ ਜਾਂਦੀ, ਦੇਸ਼ ਵਿਗਿਆਨਕ ਰਾਹਾਂ ਦਾ ਪਾਂਧੀ ਬਣਦਾ, ਔਰਤ ਦੀ ਦਸ਼ਾ ਇਸ ਕਦਰ ਮਾੜੀ ਨਾ ਹੁੰਦੀ। ਦੇਸ਼ ਦੀ ਏਕਤਾ ਅਖੰਡਤਾ ਅਤੇ ਮਜ਼ਬੂਤੀ ਲਈ ਆਪਣਾ ਜੀਵਨ ਲਾਉਣ ਵਾਲੇ ਬਾਬਾ ਸਾਹਿਬ ਦੇ ਵਿਚਾਰਾਂ ਤੋਂ ਜਾਣੂ ਕਰਾਉਣ ਲਈ ਉਨ੍ਹਾਂ ਨੂੰ ਸਕੂਲਾਂ ਕਾਲਜਾਂ, ਯੂਨੀਵਰਸਿਟੀਆਂ ਤੋਂ ਬਾਹਰ ਕਿਉਂ ਰੱਖਿਆ ਗਿਆ? ਅਸੀਂ ਬਿਨਾਂ ਸ਼ੱਕ ਕਹਿ ਸਕਦੇ ਹਾਂ ਕਿ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਤੋਂ ਜਾਣੂ ਹੋ ਕੇ ਉਨ੍ਹਾਂ ਦੇ ਵਿਚਾਰਾਂ ਨੂੰ ਅਮਲੀ ਰੂਪ ਦੇ ਕੇ ਇਹ ਦੇਸ਼ ਇੱਕ ਵਾਰੀ ਫੇਰ ਪ੍ਰਬੁੱਧ ਭਾਰਤ ਬਣ ਸਕਦਾ ਹੈ, ਅਸ਼ੋਕ ਮਹਾਨ ਦਾ ਭਾਰਤ ਬਣ ਸਕਦਾ ਹੈ। ਸ਼ਰਤ ਇਹੋ ਹੈ ਕਿ ਹਾਕਮ ਵਰਗ ਬੇਈਮਾਨੀ ਛੱਡੇ, ਸੰਵਿਧਾਨ ਨੂੰ ਸਹੀ ਅਰਥਾਂ ਵਿੱਚ ਲਾਗੂ ਕਰੇ, ਗੱਲੀਂ ਬਾਤੀਂ ਬੀਬੇ ਰਾਣੇ ਬਣਨ ਦੀ ਬਜਾਏ ਬਾਬਾ ਸਾਹਿਬ ਦੀ ਕ੍ਰਾਂਤੀਕਾਰੀ ਸੋਚ ਨੂੰ ਦੇਸ਼ ਭਰ ਵਿੱਚ ਪ੍ਰਚਾਰਿਆ ਜਾਵੇ। ਇਸ ਨਾਲ ਦੇਸ਼ ਮਜ਼ਬੂਤ ਹੋਵੇਗਾ, ਲੋਕਤੰਤਰ ਮਜ਼ਬੂਤ ਹੋਵੇਗਾ, ਜਿਹਾ ਕਿ ਡਾ. ਅੰਬੇਡਕਰ ਚਾਹੁੰਦੇ ਸਨ।

ਪ੍ਰਸਿੱਧ ਅੰਬੇਡਕਰੀ ਲੇਖਕ ਸ੍ਰੀ ਬੀ. ਆਰ. ਸਾਂਪਲਾ ਲਿਖਦੇ ਹਨ, ਬਾਬਾ ਸਾਹਿਬ ਦਾ ਜੀਵਨ ਹੀ ਉਨ੍ਹਾਂ ਦਾ ਸੰਦੇਸ਼ ਹੈ। ਉਹ ਜੀਵਨ ਜੋ ਸੰਘਰਸ਼ ਦੀ ਬੇਮਿਸਾਲ ਮਿਸਾਲ ਹੈ। ਇਹ ਸੰਘਰਸ਼ ਮਹੂ ਤੋਂ ਸ਼ੁਰੂ ਹੋ ਕੇ ਲੰਡਨ ਤੱਕ ਪਸਰਿਆ। ਇਹ ਜੀਵਨ ਨਿਆਂ ਅਤੇ ਸੱਚਾਈ ਦੀ ਖੋਜ ਵਿੱਚ ਜਰਮਨੀ, ਅਮਰੀਕਾ ਅਤੇ ਇੰਗਲੈਂਡ ਤੱਕ ਦੀਆਂ ਲਾਇਬਰੇਰੀਆਂ ਅਤੇ ਯੂਨੀਵਰਸਿਟੀਆਂ ਤੱਕ ਸਰਗਰਮ ਰਿਹਾ। ਇਸ ਸੰਘਰਸ਼ ਨੇ ਭਾਰਤ ਨੂੰ ਗੁਲਾਮ ਬਣਾਈ ਰੱਖਣ ਵਾਲਿਆਂ ਨੂੰ ਕਲਮ ਦੀ ਤਾਕਤ ਨਾਲ ਅਪਰਾਧੀ ਸਾਬਤ ਕਰ ਦਿੱਤਾ। ਇਸ ਸੰਘਰਸ਼ ਨੇ ਔਰਤ, ਸ਼ੂਦਰ ਤੇ ਅਛੂਤ ਨੂੰ ਸਵੈਮਾਣ, ਸਵੈ ਵਿਸ਼ਵਾਸ਼ ਦਾ ਪਾਠ ਪੜ੍ਹਾਇਆ ਅਤੇ ਜਾਗਰੂਕ ਹੋਣ ਲਈ ਪ੍ਰੇਰਤ ਕੀਤਾ ਜੋ ਗਿਆਨ ਅਤੇ ਬੁੱਧੀ ਦੇ ਦਮ ਤੇ ਅੱਜ ਵਿਰੋਧੀਆਂ ਦੇ ਕਿਲੇ ਦੀਆਂ ਨੀਹਾਂ ਹਿਲਾ ਰਹੇ ਹਨ। ਬਾਬਾ ਸਾਹਿਬ ਨੇ ਭਾਰਤ ਦੇ ਮੱਥੇ ਤੋਂ ਉਹ ਕਲੰਕ ਹਟਾਉਣ ਦੀ ਪਹਿਲ ਕੀਤੀ ਜਿਸ ਕਾਰਨ ਭਾਰਤ ਦੀਆਂ ਅੱਖਾਂ ਉੱਪਰ ਨਹੀਂ ਉੱਠ ਸਕਦੀਆਂ ਸਨ। ਉਨ੍ਹਾਂ ਨੇ ਸੋਸ਼ਿਤ ਪੀੜਤ ਲੋਕਾਂ ਉੱਤੇ ਢਾਹੇ ਜਾ ਰਹੇ ਅੱਤਿਆਚਾਰਾਂ ਖਿਲਾਫ ਵਿਦਰੋਹ ਕਰਨ ਦਾ ਹੌਸਲਾ ਪ੍ਰਦਾਨ ਕੀਤਾ। ਕਿਰਤੀਆਂ ਕਾਮਿਆਂ ਨੂੰ ਆਪਣੀ ਮਿਹਨਤ ਉੱਤੇ ਮਾਣ ਕਰਨਾ ਸਿਖਾਇਆ। ਭਗਵਾਨ ਭਰੋਸੇ ਰਹਿਣ ਦੀ ਬਜਾਏ ਆਪਣੀ ਕਿਸਮਤ ਆਪ ਘੜਨ ਦਾ ਸੰਦੇਸ਼ਾ ਦਿੱਤਾ। ਧਾਰਮਿਕ ਅੰਧਵਿਸ਼ਵਾਸ਼ਾਂ ਤੋਂ ਮੁਕਤ ਹੋਣ ਦਾ ਹੌਸਲਾ ਦਿੱਤਾ। ਇੱਕ ਨਿੱਗਰ ਸੋਚ ਪ੍ਰਦਾਨ ਕੀਤੀ ਤਾਂ ਕਿ ਮਨੁੱਖ ਕਿਸੇ ਦਾ ਗੁਲਾਮ, ਕਿਸੇ ਦਾ ਦਾਸ ਨਾ ਰਹਿ ਸਕੇ।

ਬਾਬਾ ਸਾਹਿਬ ਨੂੰ ਯਾਦ ਕਰਦਿਆਂ ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਦੀ ਗੱਲ ਜੇ ਨਾ ਕਰੀਏ ਤਾਂ ਬਾਤ ਅਧੂਰੀ ਰਹੇਗੀ। ਜੇ ਸਰਕਾਰ ਨੇ 1964 ਵਿੱਚ ਬੁੱਧ ਜੈਯੰਤੀ ਅਤੇ ਅੰਬੇਡਕਰ ਜੈਯੰਤੀ ਦੀਆਂ ਛੁੱਟੀਆਂ ਰੱਦ ਨਾ ਕੀਤੀਆਂ ਹੁੰਦੀਆਂ ਤਾਂ ਸ਼ਾਇਦ ਬੀ.ਐਸ.ਪੀ. ਹੋਂਦ ਵਿੱਚ ਨਾ ਆਉਂਦੀ। ਹੁੰਦਾ ਇਹ ਕਿ ਕਾਂਸ਼ੀ ਰਾਮ ਵਿਆਹ ਕਰਵਾ ਲੈਂਦਾ ਅਤੇ ਸਾਡੇ ਵਰਗੇ ਹੋਰ ਕਰੋੜਾਂ ਲੋਕਾਂ ਵਾਂਗ ਜੀਵਨ ਬਸਰ ਕਰ ਜਾਂਦਾ। ਬਾਬਾ ਸਾਹਿਬ ਦੀ ਸ਼ਾਹਕਾਰ ਰਚਨਾ 'ਜਾਤਪਾਤ ਦਾ ਬੀਜਨਾਸ' ਪੜ੍ਹੀ। ਸੋਚ ਅੰਦਰ ਕ੍ਰਾਂਤੀ ਨੇ ਜਨਮ ਲਿਆ ਅਤੇ ਉਸ ਕ੍ਰਾਂਤੀ ਦਾ ਨਜ਼ਾਰਾ ਤੁਸੀਂ ਆਪਣੀਆਂ ਅੱਖਾਂ ਨਾਲ ਦੇਖ ਚੁੱਕੇ ਹੋ, ਦੇਖ ਰਹੇ ਹੋ। ਬਾਬਾ ਸਾਹਿਬ ਦੀ ਤਰ੍ਹਾਂ ਮੁਸ਼ਕਲਾਂ ਸਾਹਿਬ ਕਾਂਸ਼ੀ ਰਾਮ ਨੂੰ ਵੀ ਆਈਆਂ ਪਰ ਹਠ ਨਹੀਂ ਛੱਡਿਆ। ਸਾਹਿਬ ਦੱਸਦੇ ਸਨ, ਪਹਿਲਾਂ ਪਹਿਲ ਜਦੋਂ ਮੈਂ ਮੁਲਾਜ਼ਮਾਂ ਨੂੰ ਲਾਮਬੰਦ ਕਰਨ ਲਈ ਸਰਕਾਰੀ ਦਫਤਰਾਂ ਵਿੱਚ ਜਾਂਦਾ ਤਾਂ ਮੁਲਾਜ਼ਮ ਮੈਨੂੰ ਦੇਖ ਕੇ ਦੌੜ ਜਾਂਦੇ ਸਨ ਕਿ, ਪਾਗਲ ਆਦਮੀ ਆ ਗਿਆ ਹੈ। ਜਿਉਂ ਜਿਉਂ ਬਾਮਸੇਫ ਨੇ ਤਾਕਤ ਫੜੀ ਤਾਂ ਉਨ੍ਹਾਂ ਨੂੰ ਸੀ.ਆਈ.ਏ. ਦਾ ਏਜੰਟ ਕਹਿ ਕੇ ਭੰਡਿਆ ਗਿਆ। ਇਸ ਦੇ ਉਲਟ ਸਾਹਿਬ ਜੀ ਦਾ ਕਹਿਣ ਸੀ, ਜੇ ਮੈਨੂੰ ਸੀ.ਆਈ.ਏ. ਤੋਂ ਫੰਡ ਆ ਰਹੇ ਹਨ ਤਾਂ ਸਰਕਾਰ ਕੁਛ ਕਰਦੀ ਕਿਉਂ ਨਹੀਂ। ਇਸ ਦਾ ਭਾਵ ਤਾਂ ਇਹ ਹੋਇਆ ਕਿ ਇਹ ਸਰਕਾਰ, ਹਿਜੜਾ ਸਰਕਾਰ ਹੈ। ਸਾਹਿਬ ਕਹਿੰਦੇ ਸਨ, ਗੱਲ ਆਪਣੀ ਕਮਜ਼ੋਰੀ ਨੂੰ ਪਛਾਨਣ ਅਤੇ ਦੂਰ ਕਰਨ ਦੀ ਹੈ, ਬਿਮਾਰੀ ਦਾ ਇਲਾਜ਼ ਤਾਂ ਫੂਲੇ ਅਤੇ ਬਾਬਾ ਸਾਹਿਬ ਨੇ ਕਰ ਦਿੱਤਾ ਸੀ। ਬਿਮਾਰੀ ਦੂਰ ਹੋ ਗਈ, ਪ੍ਰੰਤੂ ਅਜੇ ਕਮਜ਼ੋਰੀ ਰਹਿ ਗਈ ਹੈ। ਇਸ ਨੂੰ ਦੂਰ ਕਰਨਾ ਹੈ। ਸਾਡੇ ਤਾਕਤਵਰ ਬਣਨ ਦਾ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦਾ ਕਹਿਣ ਸੀ, ਬ੍ਰਾਹਮਣਾਂ ਵਿੱਚ ਜਾਤਾਂ ਨਹੀਂ। ਬ੍ਰਾਹਮਣ, ਕਸ਼ੱਤਰੀ, ਵੈਸ਼ ਵਰਣ ਹਨ, ਜਾਤਾਂ ਨਹੀਂ ਅਤੇ ਆਪਣੀ ਚੌਧਰ ਸਥਾਪਤ ਕਰੀ ਰੱਖਣ ਲਈ ਇਨ੍ਹਾਂ ਨੇ ਸ਼ੂਦਰ ਅਤੀ ਸ਼ੂਦਰ ਸਮਾਜ ਨੂੰ 6000 ਜਾਤਾਂ ਤੋਂ ਵੀ ਵੱਧ ਜਾਤਾਂ ਵਿੱਚ ਵੰਡ ਕੇ ਲੀਰੋਲੀਰ ਕਰ ਦਿੱਤਾ ਹੈ। ਸੋ ਸਾਡਾ ਧੰਨ ਤਾਂ ਸਾਡਾ ਸੰਗਠਨ ਹੈ ਅਤੇ ਸੰਗਠਨ ਵਿੱਚ ਸਰਬਉੱਚ ਸ਼ਕਤੀ ਹੈ। ਉਨ੍ਹਾਂ ਨੇ ਕਿਹਾ,

ਰਾਜਨੀਤੀ ਤੋਂ ਬਿਨਾਂ ਗੁਜ਼ਾਰਾ ਨਹੀਂ,
ਜਿਹਦੇ ਨਾਲ ਸਾਰੇ ਤਾਲੇ ਖੋਲ੍ਹੇ ਜਾਂਦੇ।
ਜਿਹਨਾਂ ਲੋਕਾਂ ਦੀ ਨਹੀਂ ਕੋਈ ਰਣਨੀਤੀ,
ਕੱਖਾਂ ਕਾਨਿਆਂ ਵਾਂਗ ਉਹ ਰੋਲੇ ਜਾਂਦੇ।
ਜੇਕਰ ਆਪਣਾ ਹੋਵੇ ਕੋਈ ਸੁਣਨ ਵਾਲਾ,
ਉਹਦੇ ਅੱਗੇ ਹੀ ਦੁੱਖੜੇ ਫੋਲੇ ਜਾਂਦੇ।
ਬਾਬਾ ਸਾਹਿਬ ਦੇ ਅਸਲੀ ਪੁੱਤ ਜਿਹੜੇ,
ਚੰਦ ਸਿੱਕਿਆਂ ਵੱਟੇ ਨਹੀਂ ਤੋਲੇ ਜਾਂਦੇ।
ਬਾਬਾ ਸਾਹਿਬ ਨੇ ਵੋਟ ਦਾ ਹੱਕ ਦੇ ਕੇ,
ਸਾਨੂੰ ਦੇਸ਼ ਦਾ ਰਾਜ ਸੰਭਾਲਿਆ ਹੈ।

ਸਹਿਜਲ ਆਪਣੀ ਅਸੀਂ ਨਲਾਇਕੀ ਕਾਰਨ ਕਈ ਵਾਰ ਇਹ ਮੌਕਾ ਗੁਆ ਲਿਆ ਹੈ। ਸਾਨੂੰ ਅੱਜ ਦੀਆਂ ਸੁੱਖ ਸਹੂਲਤਾਂ ਦੁਆਉਣ ਵਾਲੇ ਬਾਬਾ ਸਾਹਿਬ ਡਾ. ਅੰਬੇਡਕਰ ਦਾ ਆਪਣਾ ਘਰੇਲੂ ਜੀਵਨ ਕਿੰਨੀਆਂ ਤੰਗੀਆਂ ਭਰਿਆ ਰਿਹਾ, ਉਦਾਹਰਣ ਵਜੋਂ ਆਪਣੀ ਪਤਨੀ ਵੱਲ 25 ਨਵੰਬਰ 1921 ਨੂੰ ਉਨ੍ਹਾਂ ਦੇ ਲੰਡਨ ਤੋਂ ਲਿਖੇ ਖੱਤ ਦੀਆਂ ਸਤਰਾਂ ਦੇਖੋ, ਪ੍ਰੀਯ ਰਾਮੂ, ਆਪ ਦਾ ਪੱਤਰ ਮਿਲਿਆ। ਗੰਗਾਧਰ ਦੇ ਬਿਮਾਰ ਹੋਣ ਦਾ ਸੁਣ ਕੇ ਬੜਾ ਦੁੱਖ ਹੋਇਆ। ਸਮੇਂ ਦੀ ਖੇਡ ਹੈ, ਉਸ ਦੀ ਚਿੰਤਾ ਕਰਨ ਦਾ ਕੋਈ ਫਾਇਦਾ ਨਹੀਂ। ਕੁਝ ਪੈਸਿਆਂ ਦਾ ਪ੍ਰਬੰਧ ਕਰ ਰਿਹਾ ਹਾਂ। ਏਥੇ ਮੈਂ ਬਹੁਤ ਬੁਰੀ ਹਾਲਤ ਵਿੱਚ ਹਾਂ। ਅਜੇ ਭੇਜਣ ਲਈ ਮੇਰੇ ਕੋਲ ਕੁਛ ਵੀ ਨਹੀਂ ਹੈ। ਫਿਰ ਵੀ ਮੈਂ ਤੁਹਾਡੇ ਲਈ ਕੁਛ ਨਾ ਕੁਛ ਕਰ ਰਿਹਾ ਹਾਂ। ਜੇ ਦੇਰ ਹੋ ਗਈ ਅਤੇ ਤੇਰੇ ਕੋਲ ਖਰਚਾ ਖਤਮ ਹੋ ਗਿਆ ਤਾਂ ਗਹਿਣੇ ਵੇਚ ਕੇ ਕੰਮ ਚਲਾ ਲੈਣਾ, ਮੈਂ ਵਾਪਸ ਆ ਕੇ ਤੇਰੇ ਗਹਿਣੇ ਬਣਵਾ ਦਿਆਂਗਾ।

**-ਭੀਮਰਾਓ**

ਅੰਤ ਵਿੱਚ ਇਹ ਗੱਲ ਜਰੂਰ ਕਰਨੀ ਬਣਦੀ ਹੈ ਕਿ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਦੇ ਪੈਰੋਕਾਰ ਇਨ੍ਹਾਂ ਆਗੂਆਂ ਦੇ ਵਿਚਾਰਾਂ ਨੂੰ ਵੱਧ ਤੋਂ ਵੱਧ ਪੜ੍ਹਨ ਅਤੇ ਅਪਨਾਉਣ। ਬਹੁਮੁੱਲੀਆਂ ਲਿਖਤਾਂ ਦੇ ਰੂਪ ਵਿੱਚ ਇਹ ਵਿਚਾਰ ਸਾਡੇ ਸਾਹਮਣੇ ਹਨ। ਵਿਚਾਰਾਂ ਵਿੱਚ ਪ੍ਰਪੱਕ ਲੋਕਾਂ ਦੇ ਥਿੜਕਣ ਦਾ ਖਤਰਾ ਘਟ ਜਾਂਦਾ ਹੈ। ਅਕਸਰ ਨੋਟ ਕੀਤਾ ਹੈ ਕਿ ਅਸੀਂ ਪੜ੍ਹਨ ਨੂੰ ਤਰਜੀਹ ਨਹੀਂ ਦਿੰਦੇ। ਜਦੋਂ ਕਿ ਸੱਚ ਇਹ ਹੈ ਕਿ ਬਾਬਾ ਸਾਹਿਬ ਜਿੰਨਾ ਕੌਣ ਪੜ੍ਹਦਾ ਹੋਵੇਗਾ। ਸੋ ਜਿਹੜੇ ਚਰਚਾ ਦੇ ਵਿੱਚ ਰਹਿੰਦੇ ਨੇ, ਮੁੱਲ ਪੈਂਦਾ ਉਨ੍ਹਾਂ ਵਿਚਾਰਾਂ ਦਾ। ਜਿਹੜੇ ਕੋਠੜੀਆਂ ਵਿੱਚ ਬੰਦ ਪਏ, ਕੋਈ ਲਾਭ ਨਹੀਂ ਹਥਿਆਰਾਂ ਦਾ। ਜਿੰਨੀ ਮਰਜ਼ੀ ਪਤੇ ਦੀ ਗੱਲ ਹੋਵੇ, ਜੇ ਚਰਚਾ ਨਹੀਂ ਤਾਂ ਲਾਭ ਨਹੀਂ। ਪਾਣੀ ਤਾਂ ਦੇਣਾ ਪੈਂਦਾ ਹੈ, ਉਂਜ ਖਿੜਦੇ ਕਦੇ ਗੁਲਾਬ ਨਹੀਂ। ਅਸੀਂ ਚਰਚਾ ਦੇ ਵਿੱਚ ਰੱਖਣਾ ਹੈ, ਬਾਬਾ ਸਾਹਬ ਦੇ ਉੱਚ ਵਿਚਾਰਾਂ ਨੂੰ। ਸਹਿਜਲ ਨਾ ਲੱਗ ਜੰਗਾਲ ਜਾਵੇ, ਇਨ੍ਹਾਂ ਮੁਕਤੀ ਦੇ ਹਥਿਆਰਾਂ ਨੂੰ। ਸਾਡੇ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀਆਂ ਜੜ੍ਹਾਂ, ਮਨੂੰਵਾਦੀ ਵਿਵਸਥਾ, ਮਨੂੰਵਾਦੀ ਵਿਚਾਰਧਾਰਾ ਵਿੱਚ ਹਨ। ਇਸ ਦੇਸ਼ ਦੇ ਮੌਜੂਦਾ ਸੰਵਿਧਾਨ ਤੋਂ ਪਹਿਲਾਂ, ਹਜ਼ਾਰਾਂ ਸਾਲ ਤੱਕ ਇੱਥੇ ਮਨੂੰਵਾਦ ਦੀ ਤੂਤੀ ਬੋਲਦੀ ਰਹੀ, ਜਿਸ ਨੇ ਦੇਸ਼ ਦੇ ਬਹੁਗਿਣਤੀ ਲੋਕਾਂ ਨੂੰ ਸਮੇਤ ਸਾਰੇ ਵਰਗਾਂ ਦੀਆਂ ਔਰਤਾਂ ਦੇ, ਅਗਿਆਨੀ, ਅਨਪੜ੍ਹ, ਅੰਧਵਿਸ਼ਵਾਸੀ, ਅਛੂਤ, ਗਰੀਬ ਅਤੇ ਨਕਾਰਾ ਕਰ ਦਿੱਤਾ। ਇਨ੍ਹਾਂ ਜ਼ਹਿਰੀ ਜੜ੍ਹਾਂ ਉੱਤੇ ਜੇ ਕੋਈ ਵਾਦ ਕਾਰਗਰ ਰੂਪ ਵਿੱਚ ਘਾਤਕ ਵਾਰ ਕਰ ਸਕਦਾ ਹੈ ਤਾਂ ਉਹ ਅੰਬੇਡਕਰਵਾਦ, ਅੰਬੇਡਕਰੀ ਵਿਚਾਰਧਾਰਾ ਹੈ ਜੋ ਕਿ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦਾ ਹੀ ਦੂਜਾ ਨਾਂ ਹੈ। ਸੋ ਇਹ ਮਾਨਵਤਾ ਦੇ ਹਿੱਤ ਵਿੱਚ ਹੀ ਹੋਵੇਗਾ ਕਿ ਬਾਬਾ ਸਾਹਿਬ ਦੀ ਸੋਚ ਨੂੰ ਹਰ ਭਾਰਤ ਵਾਸੀ ਦੀ ਸੋਚ ਦਾ ਹਿੱਸਾ ਬਣਾਇਆ ਜਾਵੇ। ਬਾਬਾ ਸਾਹਿਬ ਦਾ ਜੀਵਨ ਕੀ ਹੈ। ਬੇਮਿਸਾਲ ਸੰਘਰਸ਼ ਦੀ ਅਨੂਠੀ ਦਾਸਤਾਨ। ਉਨ੍ਹਾਂ ਦਾ ਮਿਸ਼ਨ ਕੀ ਹੈ? ਬਹੁਜਨ ਸਮਾਜ ਅੰਦਰ ਆਤਮ ਸਨਮਾਨ, ਆਤਮਬਲ ਦੀ ਭਾਵਨਾ ਵਿਕਸਤ ਕਰਨਾ, ਛੂਆਛਾਤ ਦਾ ਖਾਤਮਾ, ਇਸ ਸਮਾਜ ਦੀ ਵਿਸ਼ਾਲ, ਵੱਖਰੀ ਪਛਾਣ ਮਜ਼ਬੂਤ ਕਰਨਾ, ਸੋਸ਼ਿਤ ਪੀੜਤ ਲੋਕਾਂ ਨੂੰ ਉੱਨਤ ਵਰਗਾਂ ਬਰਾਬਰ ਕਰਨਾ, ਹਰ ਕਿਸਮ ਦੀ ਲੁੱਟ ਖਸੁੱਟ ਦਾ ਅੰਤ ਕਰਨਾ, ਰਾਜਸੀ ਅਤੇ ਸੰਵਿਧਾਨਿਕ ਢੰਗ ਤਰੀਕਿਆਂ ਰਾਹੀਂ ਆਰਥਿਕ ਅਤੇ ਸਮਾਜਿਕ ਨਿਆਂ ਦੀ ਪ੍ਰਾਪਤੀ। ਸਪਸ਼ਟ ਹੈ ਕਿ ਇਹ ਮਿਸ਼ਨ ਅਜੇ ਪੂਰਾ ਨਹੀਂ ਹੋਇਆ, ਅਧੂਰਾ ਪਿਆ ਹੈ। ਆਮ ਲੋਕਾਂ ਨੂੰ ਬਾਬਾ ਸਾਹਿਬ ਦਾ ਸੁਨੇਹਾ ਸੀ, ਅਣਥੱਕ ਸੰਘਰਸ਼ ਕਰੋ, ਮਹਾਨ ਭਵਿੱਖ ਲਈ ਮੌਜੂਦਾ ਖੁਸ਼ੀਆਂ ਕੁਰਬਾਨ ਕਰ ਦਿਓ, ਨਿਸ਼ਾਨੇ ਦੀ ਪ੍ਰਾਪਤੀ ਲਈ ਅਗ ਵਿੱਚੋਂ ਗੁਜਰ ਜਾਵੋ, ਮਿੱਥੇ ਹੋਏ ਨਿਸ਼ਾਨੇ ਦੀ ਉੱਚਤਾ ਅਤੇ ਪਵਿੱਤਰਤਾ ਵਿੱਚ ਵਿਸ਼ਵਾਸ ਰੱਖੋ। ਉਨ੍ਹਾਂ ਦੇ ਜੀਵਨ ਤੋਂ ਅਸੀਂ ਇਹ ਸਿੱਖ ਸਕਦੇ ਹਾਂ ਕਿ ਰੂੜੀਵਾਦੀ ਤਾਕਤਾਂ ਦਾ ਸਾਹਮਣਾ ਉੱਚ ਵਿਚਾਰਾਂ ਨਾਲ ਕਿਵੇਂ ਕਰੀਦਾ ਹੈ। ਮਨੁੱਖ ਜੇ ਧਾਰ ਲਵੇ ਤਾਂ ਕੀ ਨਹੀਂ ਕਰ ਸਕਦਾ। ਬਾਬਾ ਸਾਹਿਬ ਨੇ ਇੱਕ ਥਾਂ ਲਿਖਿਆ ਹੈ, ਇੱਕ ਸਬਕ ਜਿਹੜਾ ਤੁਹਾਨੂੰ ਮੇਰੇ ਜੀਵਨ ਤੋਂ ਸਿੱਖਣਾ ਚਾਹੀਦਾ ਹੈ, ਉਹ ਹੈ, ਮੈਂ ਕਦੇ ਆਪਣੇ ਲੋਕਾਂ ਤੋਂ ਪਾਸਾ ਨਹੀਂ ਵੱਟਿਆ। ਮੈਂ ਬੜੇ ਮਾਣ ਨਾਲ ਜ਼ਿੰਦਗੀ ਭਰ ਉਨ੍ਹਾਂ ਦੀਆਂ ਗ਼ਮੀਆਂ ਖੁਸ਼ੀਆਂ ਵਿੱਚ ਸ਼ਰੀਕ ਰਿਹਾ ਹਾਂ ਅਤੇ ਅੱਗੋਂ ਵੀ ਰਹਾਂਗਾ। ਇੱਕ ਪਾਸੇ ਸਾਡਾ ਇਹ ਰਹਿਬਰ, ਦੂਜੇ ਪਾਸੇ ਅਸੀਂ ਕੁਛ ਕਰਨਾ, ਕੁਛ ਸਮਝਣਾ ਹੀ ਨਹੀਂ ਚਾਹੁੰਦੇ, ਕੁਛ ਹੋਰ ਹੀ ਬਣਦੇ ਜਾ ਰਹੇ ਹਾਂ, ਦੁਸ਼ਮਣ, ਭਗਵਾਨ ਤੇ ਭਾਗਾਂ ਨੂੰ, ਆਪਣੇ ਹਥਿਆਰ ਬਣਾਉਂਦਾ ਹੈ।ਸਾਡੇ ਸੰਗਠਨ ਨੂੰ ਤੋੜਨ ਲਈ, ਸਭ ਹੱਥਕੰਡੇ ਅਪਣਾਉਂਦਾ ਹੈ। ਸਾਡੇ ਉੱਤੇ ਤਾਂ ਪਤਾ ਨਹੀਂ, ਕੀ ਟੂਣੇ ਟਾਮਣ ਹੋ ਗਏ ਨੇ। ਅੱਜ ਸਾਡੇ ਵਿੱਚੋਂ ਹੀ ਪੈਦਾ, ਕਈ ਨਵੇਂ ਬ੍ਰਾਹਮਣ ਹੋ ਗਏ ਨੇ।

ਬਾਬਾ ਸਾਹਿਬ ਚਾਹੁੰਦੇ ਤਾਂ ਆਪਣੇ ਜੀਵਨ ਵਿੱਚ ਜਿੰਨੀ ਮਰਜ਼ੀ ਐਸ਼ ਕਰ ਲੈਂਦੇ। ਵਿਦੇਸ਼ ਵਿੱਚ ਹੀ ਵਸ ਜਾਂਦੇ, ਜਿਵੇਂ ਆਪਾਂ ਸਾਰੇ ਚਾਹੁੰਦੇ ਜਾਂ ਕਰਦੇ ਹਾਂ। ਤਾਂ ਫਿਰ ਦੇਸ਼ ਦੇ ਕਰੋੜਾਂ ਬੇਸਹਾਰਾ, ਬੇਜ਼ਾਰ, ਲਾਚਾਰ ਅਸਾਂ ਲੋਕਾਂ ਦਾ ਕੀ ਬਣਦਾ? ਇਸ ਮੁਲਕ ਅੰਦਰ ਪਹਿਲਾਂ ਵਾਂਗ ਮਨੂੰ ਵਿਧਾਨ ਦਾ ਬੋਲਬਾਲਾ ਹੁੰਦਾ। ਅੱਜ ਵੀ ਗਲਾਂ ਵਿੱਚ ਕੁੱਜੇ ਅਤੇ ਪਿੱਛੇ ਝਾੜੂ ਬੰਨ੍ਹੇ ਜਾਂਦੇ। ਪੱਛੜੇ ਭਾਰਤ ਵਿੱਚ ਅੱਜ ਵੀ ਗ਼ੁਲਾਮੀ ਦਾ ਕੋਝਾ ਰੂਪ ਦੇਖਿਆ ਜਾ ਸਕਦਾ ਹੈ। ਸੋ ਫ਼ਰੇਬੀ ਵਿਵਸਥਾ ਨੂੰ ਤੋੜਨ ਲਈ ਬਾਬਾ ਸਾਹਿਬ ਨੇ ਆਪਣੇ ਸੰਘਰਸ਼ ਨੂੰ, ਆਪਣੇ ਗਿਆਨ, ਆਤਮ ਸਨਮਾਨ, ਹੌਂਸਲੇ, ਸਮਰਪਣ ਭਾਵਨਾ ਅਤੇ ਬੁਲੰਦ ਚਰਿੱਤਰ ਦੀ ਧਾਰ ਉੱਤੇ ਤਿੱਖਾ ਕੀਤਾ। ਸਮੇਂ ਦੀ ਮੰਗ ਅਨੁਸਾਰ, ਕਦੇ ਗਰਮ, ਕਦੇ ਨਰਮ ਢੰਗ ਤਰੀਕੇ ਅਖ਼ਤਿਆਰ ਕੀਤੇ। ਬਹੁਜਨਾਂ ਦੇ ਹਿੱਤਾਂ ਨੂੰ ਸਰਬਉੱਚ ਥਾਂ ਦਿੱਤੀ। ਕਿਤੇ ਸੌਦੇਬਾਜੀ ਨਹੀਂ, ਕਿਤੇ ਕੁਰਸੀ ਜਾਂ ਹੋਰ ਨਿੱਜੀ ਹਿੱਤਾਂ ਦਾ ਲਾਲਚ ਨਹੀਂ, ਕਿਤੇ ਭਟਕਣ ਨਹੀਂ। ਸਮੇਂ ਦੇ ਵੱਡੇ ਤੋਂ ਵੱਡੇ ਨੇਤਾ ਨੂੰ ਚੁਣੌਤੀ ਦਿੱਤੀ ਅਤੇ ਆਪਣੇ ਤਰਕਾਂ ਨਾਲ ਲਾ-ਜਵਾਬ ਕਰ ਦਿੱਤਾ। ਕੂੜ ਗ੍ਰੰਥਾਂ ਦੇ ਭੇਦ ਖੋਲ੍ਹ ਕੇ ਰੱਖ ਦਿੱਤੇ।

ਬਾਬਾ ਸਾਹਿਬ ਨੇ ਕਿਹਾ ਕਿ ਜਿਹੜਾ ਸਮਾਜ ਜਾਤਾਂਪਾਤਾਂ ਨਾਲ ਗ੍ਰਸਤ ਹੋਵੇ, ਲਕੀਰ ਦਾ ਫ਼ਕੀਰ ਹੋਵੇ, ਕੱਟੜਤਾ, ਅੰਧਵਿਸ਼ਵਾਸਾਂ ਦਾ ਸ਼ਿਕਾਰ ਹੋਵੇ, ਉਹ ਦੇਸ਼, ਉਹ ਸਮਾਜ ਅਜ਼ਾਦ ਹੋ ਕੇ ਵੀ ਗ਼ੁਲਾਮ ਹੈ। ਸੋ ਜਰੂਰੀ ਹੈ ਕਿ ਪੁਰਾਣੀਆਂ ਸੜੀਆਂ ਬੁੱਸੀਆਂ ਕਦਰਾਂ ਕੀਮਤਾਂ ਤੋਂ ਆਪਣੇ ਆਪ ਨੂੰ, ਆਪਣੀ ਸੋਚ ਨੂੰ ਮੁਕਤ ਕੀਤਾ ਜਾਵੇ। ਸੁਤੰਤਰਤਾ ਅਤੇ ਹੱਕ ਐਵੇਂ ਨਹੀਂ ਮਿਲ ਜਾਂਦੇ। ਬਾਬਾ ਸਾਹਿਬ ਨੇ ਆਪਣੀ ਜਿੰਦਜਾਨ ਲਾ ਕੇ ਇਨ੍ਹਾਂ ਲਈ ਕੀਮਤ ਚੁਕਾਈ ਹੈ। ਅਸੀਂ ਕੀਮਤ ਚੁਕਾਉਣ ਲਈ ਤਿਆਰ ਨਹੀਂ, ਹੱਕ ਅਧਿਕਾਰ ਮਾਨਣਾ ਚਾਹੁੰਦੇ ਹਾਂ। ਬਾਬਾ ਸਾਹਿਬ ਦੀ ਜੀਵਨੀ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਸੰਘਰਸ਼ ਤੋਂ ਪਹਿਲਾਂ ਅਸੀਂ ਕਿਸੇ ਗਿਣਤੀ ਵਿੱਚ ਨਹੀਂ ਸੀ, ਸਾਡੀ ਕੋਈ ਪੁੱਛ ਪਰਤੀਤ ਨਹੀਂ ਸੀ। ਅਛੂਤ ਹੋਣ ਅਤੇ ਨੀਚਤਾ ਨਾਲ ਹਮੇਸ਼ਾਂ ਹਮੇਸ਼ਾਂ ਤੋਂ ਕਲੰਕਿਤ ਬਹੁਗਿਣਤੀ ਲੋਕ ਜੀਵਨ ਜਿਊਂਦੇ ਨਹੀਂ, ਦਿਨਕਟੀ ਕਰਦੇ ਸਨ। ਅੱਜ ਦੇ ਦੌਰ ਅੰਦਰ ਸਾਡੇ ਲਈ ਸਿੱਖਿਆ, ਅਧਿਕਾਰਾਂ, ਖੁਸ਼ਹਾਲੀ ਅਤੇ ਚੇਤਨਤਾ ਦੇ ਬੂਹੇ ਖੋਲ੍ਹਣ ਵਾਲਾ ਹੋਰ ਕੋਈ ਨਹੀਂ, ਬਾਬਾ ਸਾਹਿਬ ਡਾ. ਅੰਬੇਡਕਰ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਖਤਮ ਕਰਕੇ ਸਾਨੂੰ ਜਿਊਂਦਿਆਂ ਵਿੱਚ ਕੀਤਾ। ਸਾਡੀ ਇੱਕ ਹੋਂਦ, ਇੱਕ ਹਸਤੀ ਸਥਾਪਤ ਕੀਤੀ। ਸਾਨੂੰ ਉਨ੍ਹਾਂ ਨੇ ਕਿੱਥੋਂ ਚੁੱਕਿਆ, ਕਿੱਥੇ ਤੱਕ ਪੁਚਾਇਆ। ਚਾਹੇ ਕੋਈ ਨੇਤਾ ਹੈ, ਚਾਹੇ ਕੋਈ ਧਰਮ ਗੁਰੂ, ਚਾਹੇ ਸੰਸਥਾ ਹੈ, ਚਾਹੇ ਕੋਈ ਵੀ ਹੋਰ, ਅਛੂਤਾਂ ਦਾ ਕਲਿਆਣ ਕਰਨ ਦਾ ਕੋਈ ਲੱਖ ਦਾਅਵਾ ਕਰੇ, ਸੱਚਾਈ ਇਹੋ ਹੈ ਕਿ ਜੋ ਬਾਬਾ ਸਾਹਿਬ ਨੇ ਕੀਤਾ, ਕਿਸੇ ਹੋਰ ਨੇ ਨਹੀਂ ਕੀਤਾ। ਜਿਸ ਦਿਨ ਬਹੁਜਨ ਸਮਾਜ ਇਸ ਮੁਕੰਮਲ ਸੱਚ ਨੂੰ ਪੂਰੀ ਤਰ੍ਹਾਂ ਜਾਣ ਸਮਝ ਗਿਆ, ਉਸ ਦਿਨ ਇਸ ਦੇਸ਼ ਵਿੱਚ ਵਿਵਸਥਾ ਪਰਿਵਰਤਨ ਦੇ ਇਨਕਲਾਬ ਨੂੰ ਕੋਈ ਰੋਕ ਨਹੀਂ ਸਕੇਗਾ। ਇਤਿਹਾਸ, ਮਿਥਿਹਾਸ, ਵਰਤਮਾਨ ਅਤੇ ਭਵਿੱਖ ਦੀ ਸਮੀਖਿਆ ਕਰਕੇ, ਧੁੰਦ, ਧੂੰਏ ਅਤੇ ਧੂੜ ਦੇ ਪਰਦੇ ਚੁੱਕ ਦਿੱਤੇ। ਭਾਰਤ ਵਿੱਚ ਮਨੁੱਖੀ ਹੱਕਾਂ ਅਧਿਕਾਰਾਂ ਦੇ ਯੁੱਗ ਦੀ ਸ਼ੁਰੂਆਤ ਹੋਈ।

ਬਾਬਾ ਸਾਹਿਬ ਦੀ ਵਿਚਾਰਧਾਰਾ ਕੀ ਕਰ ਸਕਦੀ ਹੈ, ਸਾਹਿਬ ਕਾਂਸ਼ੀ ਰਾਮ ਜੀ ਨੇ ਇੱਕ ਟਰੇਲਰ ਦੁਨੀਆਂ ਸਾਹਮਣੇ ਪੇਸ਼ ਕਰਕੇ ਦੱਸਿਆ ਹੈ। ਜਾਗ੍ਰਤ ਬਹੁਜਨ ਸਮਾਜ, ਕਿਸੇ ਸਮੇਂ ਵੀ ਇਸ ਦੇਸ਼ ਦੀ ਵਾਗਡੋਰ ਆਪਣੇ ਹੱਥ ਲੈ ਸਕਦਾ ਹੈ। ਪੀਪਲਜ਼ ਐਜੂਕੇਸ਼ਨ ਸੁਸਾਇਟੀ ਦੀ ਅਗਵਾਈ ਹੇਠ 1954 ਵਿੱਚ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਸੀ,

1. ਇੱਕ ਜਨਮ ਵਿੱਚ ਕਿਸੇ ਇੱਕ ਵਿਅਕਤੀ ਨੇ ਏਨਾ ਕੰਮ ਨਹੀਂ ਕੀਤਾ ਹੋਣਾ, ਜਿੰਨਾ ਮੈਂ ਕੀਤਾ। (ਇਸ ਵਿੱਚ ਰਤੀ ਭਰ ਵੀ ਸ਼ੱਕ ਨਹੀਂ)

2. 1916 ਵਿੱਚ ਜਦੋਂ ਮੈਂ ਇਹ ਚੇਤਨਾ ਲਹਿਰ ਸ਼ੁਰੂ ਕੀਤੀ ਉਦੋਂ ਮੇਰਾ ਸਮਾਜ ਮੁਰਦਾ ਸਮਾਜ ਸੀ। ਅੱਜ ਇਹ ਜਿਊਂਦਾ ਸਮਾਜ ਬਣ ਗਿਆ ਹੈ। (ਇਸ ਨੂੰ ਜਾਗਦਾ ਸਮਾਜ ਬਣਾਉਣਾ ਅਜੇ ਬਾਕੀ ਹੈ)

3. ਮੇਰੇ ਹੀ ਗੁਣ ਨਾ ਗਾਈ ਜਾਇਓ, ਅਧੂਰੇ ਰਹਿ ਗਏ ਕੰਮ ਪੂਰੇ ਕਰੋ। (ਆਪਣੇ ਹੀ ਕੰਮ ਧੰਦੇ ਨਹੀਂ ਮੁੱਕਦੇ, ਅਧੂਰੇ ਰਹਿ ਗਏ ਕੰਮ ਕੀ ਪੂਰੇ ਕਰੀਏ?)

4. ਮੁਰਦਿਆਂ ਨੂੰ ਜਿਊਂਦੇ ਕਰ ਦਿੱਤਾ, ਹੱਕ ਅਧਿਕਾਰ ਸੰਵਿਧਾਨ ਵਿੱਚ ਦਰਜ ਕਰਵਾ ਦਿੱਤੇ, ਤੁਹਾਨੂੰ ਮੁਕਤੀ ਮਾਰਗ ਦੱਸ ਦਿੱਤਾ, ਇਸ ਮਾਰਗ ਉੱਤੇ ਤੋਰ ਵੀ ਦਿੱਤਾ, ਹੁਣ ਇਹ ਕਾਰਵਾਂ ਕਿਸੇ ਹਾਲਤ ਵੀ ਰੁਕਣਾ ਨਹੀਂ ਚਾਹੀਦਾ। (ਬਾਬਾ ਸਾਹਿਬ ਨੇ ਸਾਡੇ ਤੋਂ ਕੀ ਆਸਾਂ ਰੱਖੀਆਂ ਸਨ। ਅਸੀਂ ਕਿੱਥੇ ਖੜ੍ਹੇ ਹਾਂ) ਬਾਬਾ ਸਾਹਿਬ ਨੇ ਲਿਖਿਆ ਹੈ, ਜਦੋਂ ਤੁਸੀਂ ਆਪਣੇ ਲਈ ਸਮਾਨਤਾ, ਆਪਣੇ ਲਈ ਬਰਾਬਰੀ ਦਾ ਦਾਅਵਾ ਕਰਦੇ ਹੋ, ਤਾਂ ਦੂਜੇ ਲੋਕ ਪਰੇਸ਼ਾਨ ਹੋ ਜਾਂਦੇ ਹਨ।

ਉਹ ਚਾਹੁੰਦੇ ਹਨ ਕਿ ਹਾਲਾਤ ਜਿਉਂ ਦੇ ਤਿਉਂ ਬਣੇ ਰਹਿਣ। ਜੇ ਤੁਸੀਂ ਬਿਨਾਂ ਹੀਲ ਹੁੱਜਤ, ਆਪਣਾ ਨੀਵਾਂ ਪੱਧਰ ਸਵੀਕਾਰ ਕਰੀ ਰੱਖਦੇ ਹੋ, ਗੰਦੇਮੰਦੇ ਪੱਛੜੇ, ਅਗਿਆਨੀ, ਗਰੀਬ ਅਤੇ ਫੁੱਟ ਦੇ ਸ਼ਿਕਾਰ ਬਣੇ ਰਹਿੰਦੇ ਹੋ ਤਾਂ ਦੂਜਿਆਂ ਵਲੋਂ ਤੁਹਾਨੂੰ ਅਮਨ ਅਮਾਨ ਨਾਲ ਰਹਿਣ ਵਸਣ ਦੀ ਇਜਾਜ਼ਤ ਹੈ। ਜਿਉਂ ਹੀ ਤੁਸੀਂ ਆਪਣਾ ਜੀਵਨ ਪੱਧਰ ਉੱਚਾ ਚੁੱਕਣਾ ਸ਼ੁਰੂ ਕਰਦੇ ਹੋ ਤਾਂ ਵਿਵਾਦ ਸ਼ੁਰੂ ਹੋ ਜਾਂਦਾ ਹੈ। ਛੂਆਛਾਤ ਕੋਈ ਤਬਦੀਲ ਹੋਣ ਵਾਲਾ, ਅਸਥਾਈ ਲੱਛਣ ਨਹੀਂ। ਇਹ ਧੱਬਾ ਤਾਂ ਮੌਤ ਤੋਂ ਬਾਅਦ ਵੀ ਤੁਹਾਡਾ ਪਿੱਛਾ ਛੱਡਣ ਵਾਲਾ ਨਹੀਂ। ਸੋ ਹਿੰਦੂਆਂ ਅਤੇ ਅਛੂਤਾਂ ਵਿੱਚ ਟਕਰਾਅ ਕਦੇ ਵੀ ਨਾ ਖਤਮ ਹੋਣ ਵਾਲਾ ਟਕਰਾਅ ਹੈ। ਜਿਹੜਾ ਧਰਮ ਤੁਹਾਨੂੰ ਨੀਵੇਂ ਥਾਂ ਰੱਖਦਾ ਹੈ, ਉਹ ਧਰਮ ਸਦੀਵੀ ਹੈ, ਦੈਵੀ ਹੈ। ਸੋ ਇਸ ਵਿੱਚ ਰਹਿੰਦਿਆਂ, ਤੁਹਾਡਾ ਨੀਵਾਂ ਪੱਧਰ ਵੀ ਸਦੀਵੀ ਹੈ, ਦੈਵੀ ਹੈ, ਬਾਬਾ ਸਾਹਿਬ ਡਾ. ਅੰਬੇਡਕਰ ਅਜਿਹੇ ਯੁੱਗ ਪੁਰਸ਼ ਹਨ ਜਿਨ੍ਹਾਂ ਨੇ :-

1. ਭਾਰਤ ਦੇ ਅਖੌਤੀ ਅਛੂਤਾਂ, ਸ਼ੂਦਰਾਂ, ਦਲਿਤਾਂ ਵਿੱਚ ਪੈਦਾ ਹੋ ਕੇ ਉੱਚਕੋਟੀ ਦੀਆਂ ਡਿਗਰੀਆਂ ਹਾਸਲ ਕੀਤੀਆਂ। ਇਹ ਤਪੱਸਿਆ ਰੂਪੀ ਪੜ੍ਹਾਈ ਉਹਨਾਂ ਨੇ 18-18 ਘੰਟੇ ਲਗਾਤਾਰ ਅਧਿਅਨ ਕਰਕੇ ਭੁੱਖੇ ਪਿਆਸੇ ਰਹਿ ਕੇ ਕੀਤੀ। ਏਨਾ ਕਰੜਾ ਤਪ, ਆਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਬਣਨ ਲਈ ਜਾਂ ਆਪਣੀ ਕਿਸੇ ਨਿੱਜੀ ਖਾਹਿਸ਼ ਦੀ ਪੂਰਤੀ ਲਈ ਨਹੀਂ ਕੀਤਾ। ਇਹ ਮਹਾਂਪੁਰਸ਼ ਰਾਤ ਰਾਤ ਭਰ ਏਸ ਲਈ ਜਾਗਿਆ ਕਿਉਂਕਿ ਉਸਦਾ ਸਮਾਜ ਸੌਂ ਰਿਹਾ ਸੀ।

2. Verdict on India ਦਾ ਲੇਖਕ ਬੇਵਰਲੇ ਨਿਕਲਸ ਕਹਿੰਦਾ ਹੈ, ਉਹ ਭਾਰਤ ਦੇ 6 ਆਹਲਾ ਦਿਮਾਗ਼ਾਂ ਵਿੱਚੋਂ ਇੱਕ ਸਨ। ਜਿਨ੍ਹਾਂ ਬਾਰੇ ਪ੍ਰੋਫੈਸਰ ਐਡਵਿਨ ਕੈਨਿਨ ਕਹਿੰਦਾ ਹੈ, ਅੰਬੇਡਕਰ ਸਾਡੇ ਸਮਿਆਂ ਦਾ ਸਭ ਤੋਂ ਕਾਬਲ ਭਾਰਤੀ ਸੀ। ਜੋ ਅਰਥ ਸਾਸ਼ਤਰ ਵਿੱਚ ਵਿਦੇਸ਼ ਤੋਂ ਡੀ. ਐਸ. ਸੀ. ਵਰਗੀ ਵਕਾਰੀ ਡਿਗਰੀ ਹਾਸਲ ਕਰਨ ਵਾਲਾ ਪਹਿਲਾ ਭਾਰਤੀ ਸੀ। ਜਿਸ ਦੀ ਨਿੱਜੀ ਲਾਇਬ੍ਰੇਰੀ ਏਨੀ ਵੱਡੀ ਸੀ ਕਿ ਏਸ਼ੀਆ ਵਿੱਚ ਕਿਸੇ ਦੀ ਵੀ ਨਹੀਂ ਸੀ। ਜਿਸਨੇ ਉਹਨਾਂ ਲੋਕਾਂ ਦੀ ਬਾਂਹ ਫੜੀ ਜਿਹਨਾਂ ਨੂੰ ਹਰ ਕੋਈ ਦੁਰ-ਦੁਰ ਕਰਦਾ ਸੀ, ਨਾ ਕੇਵਲ ਬਾਂਹ ਹੀ ਫੜੀ ਉਹਨਾਂ ਨੂੰ ਪਹਿਲੀ ਵਾਰ ਦੇਸ਼ ਦੇ ਰਾਜਨੀਤਕ ਨਕਸ਼ੇ ਉੱਪਰ ਉਭਾਰਿਆ ਵੀ ਅਤੇ ਗ਼ੁਲਾਮਾਂ ਨੂੰ ਹਕੂਮਤ ਕਰਨ ਵਾਲਾ ਸਮਾਜ ਬਣਾ ਕੇ ਦੱਸਿਆ।

3. ਬੁੱਧ ਧਰਮ ਦੇ ਇਤਿਹਾਸ ਅੰਦਰ, ਬੁੱਧ ਧਰਮ ਲਈ ਯੋਗਦਾਨ ਵਿੱਚ ਜਿਸਦਾ ਨਾਮ, ਸਮਰਾਟ ਅਸ਼ੋਕ ਤੋਂ

**(ਬਾਕੀ ਅਗਲੇ ਸਫੇ ਤੇ)**

# ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਹਾਲੇ ਦੂਰ



ਸੰਤੋਖ ਜੱਸੀ ਸਰਪੰਚ
ਪ੍ਰਧਾਨ ਪੰਚਾਇਤ ਯੂਨੀਅਨ ਬਲਾਕ ਬੰਗਾ
98766-58364

ਸੂਬਾ ਸਰਕਾਰਾਂ ਤੇ ਪੰਜਾਬ ਸਰਕਾਰ ਅਤੇ ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ ’ਚ ਜੁ-ਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਮਨੁੱਖੀ ਦਲਿਤ ਸਮਾਜ ਅਤੇ ਔਰਤਾਂ ਦਾ ਭਲਾ ਚਾਹੁੰਦੇ ਸਨ ਪਰ ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਬਾਬਾ ਸਾਹਿਬ ਅਜੋਕੇ ਸਮੇਂ ’ਚ ਪੜ੍ਹੇ ਅੱਜ ਕੋਈ ਵੀ ਗਰੀਬ ਦਲਿਤ ਜਾਤੀ ਨੂੰ ਅਪਮਾਨਜਨਕ ਸ਼ਬਦ ਬੋਲਦਾ ਹੈ ਤਾਂ ਉਸ ਲਈ ਭਾਰਤ ਦਾ ਕਾਨੂੰਨ ਉਸ ਨੂੰ ਜੇਲ੍ਹ ’ਚ ਭੇਜ ਸਕਦਾ ਹੈ। ਜਿਸ ਸਮਾਜ ਨੂੰ ਇਕ ਇੰਚ ਜ਼ਮੀਨ ਖਰੀਦਣ ਜਾਂ ਆਪਣੇ ਨਾਂ ਤੇ ਕਰਾਉਣ ਦੀ ਮਨਾਹੀ ਸੀ, ਅੱਜ ਇਸ ਬਾਰੇ ਸ ਭਤੋਂ ਬਰਾਬਰ ਦੇ ਹੱਕ ਸੰਵਿਧਾਨ ਡੰਕੇ ਦੀ ਨੋਕ ਨਾਲ ਇਉਂ ਦੇਸ਼ ਦੀ ਅੱਧੀ ਆਬਾਦੀ ਦਲਿਤਾਂ ਨਾਲੋਂ ਵੀ ਭੈੜੀ ਜ਼ਿੰਦਗੀ ਗੁਜ਼ਾਰ ਰਹੀ ਹੈ। ਸਾਹਿਬ ਜੀ ਦੀ ਬਦੌਲਤ ਅੱਜ ਕਰੋੜਾਂ ਔਰਤਾਂ ਪੜ੍ਹ-ਲਿਖ ਕੇ ਅੱਗੇ ਵੱਧ ਰਹੀਆਂ ਹਨ। ਕਈ ਛੋਟੇ ਤੋਂ ਵੱਡੇ ਅਹੁਦਿਆਂ ਤੇ ਬਿਰਾਜਮਾਨ ਹਨ। ਕਰੋੜਾਂ ਔਰਤਾਂ ਲਾਜਵਾਬ ਕੰਮ ਕਰਕੇ ਭਾਰਤ ਦੀ ਆਜ਼ਾਦੀ, ਤਰੱਕੀ ਵਿਚ ਯੋਗਦਾਨ ਪਾਉਂਦੀਆਂ ਨਜ਼ਰ ਆਉਂਦੀਆਂ ਹਨ।

### ਅਪਮਾਨ ਤੋਂ ਸਨਮਾਨ ਤੱਕ ਦੀ ਤਬਦੀਲੀ

ਦੁਨੀਆ ਦੇ ਇਤਿਹਾਸ ਵਿਚ ਜਦੋਂ ਜਗਿਆਸੂ ਲੋਕ ਸੋਚਦੇ ਹਨ ਕਿ ਰੋਜ਼ਾਨਾ ਲੱਖਾਂ ਲੋਕ ਜਿਉਂਦੇ ਹਨ, ਮਰਦੇ ਹਨ, ਪਰ ਕਿਹੜੇ ਮਨੁੱਖ ਹਨ ਜੋ ਸਮਾਜ ਲਈ, ਤਬਦੀਲੀ ਲਈ ਕੰਮ ਕਰਦੇ ਹਨ ਤਾਂ ਸਮੇਂ-ਸਮੇਂ ਤੇ ਦੁਨੀਆਂ ਵਿਚ ਭਾਰਤ ਦੀ ਸੱਤਾਧਾਰੀ, ਵਿਰੋਧੀ ਧਿਰਾਂ, ਹਜ਼ਾਰਾਂ ਜਥੇਬੰਦੀਆਂ ਨੂੰ ਬਾਬਾ ਸਾਹਿਬ ਦੀ ਸੋਚ ਦੇ ਕਾਬਲ ਹੋਣਾ ਪਿਆ ਤੇ ਡਾ. ਸਾਹਿਬ ਦੀ ਵਿਦਵਤਾ ਮੰਨ ਲਈ ਗਈ। ਅੱਜ ਕਈ ਬਾਬਾ ਸਾਹਿਬ ਦੀ ਜੈ ਜੈ ਕਾਰ ਕਰਨ ਲਈ ਮਜਬੂਰ ਹਨ।

### ਅੱਜ ਦੀ ਲੋੜ

ਬਜ਼ੁਰਗ ਕਵੀ ਸਵ: ਗੁਰਦਾਸ ਰਾਮ ਆਲਮ ਆਪਣੀ ਇਕ ਕਵਿਤਾ ਵਿਚ ਲਿਖਦੇ ਅਤੇ ਸੰਦੇਸ਼ ਦਿੰਦੇ ਹਨ ਕਿ: ਉੱਠ ਦਲਿਤ ਭਰਾਵਾ ਲੱਜ ਕਰ ਲੈ
ਕੰਮ ਤੈਨੂੰ ਕਰਨਾ ਪੈਣਾ ਏ
ਚਾਹੇ ਅੱਜ ਕਰ ਲੈ, ਚਾਹੇ ਕੱਲ੍ਹ ਕਰ ਲੈ।

ਅੱਜ ਸਾਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ ਕੌਮ ਦੇ ਮੋਢੀ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਜਨ-ਜਨ ਤੱਕ ਪਹੁੰਚਾਇਆ ਜਾਵੇ, ਉਸ ਪਿੱਛੋਂ ਸਾਹਿਬ ਕਾਂਸ਼ੀ ਰਾਮ ਦਾ ਬਹੁਤ ਵੱਡਾ ਯੋਗਦਾਨ ਹੈ, ਜਿਸਨੇ ਗਲੀਆਂ-ਮੁਹੱਲਿਆਂ ਤੋਂ ਲੈ ਕੇ ਦਿੱਲੀ ਦੇ ਦਰਬਾਰ ਤੱਕ ਰਾਜ ਭਾਗ ਖੋਹਣ ਲਈ ਦਸਤਕ ਦਿੱਤੀ। ਅੱਜ ਲੋੜ ਹੈ ਉਹਨਾਂ ਦੇ ਪੈਰੋਕਾਰਾਂ ਨੂੰ ਧਿਆਨ ਰੱਖਣ ਦੀ ਅਤੇ ਉਸ ਦੇ ਦਰਸਾਏ ਰਸਤੇ ਤੇ ਚੱਲ ਕੇ ਅੱਗੇ ਵਧਣ ਦੀ ਤਾਂ ਜੋ ਕੌਮ ਵਿਚ ਸਮਤਾ, ਸਮਾਨਤਾ, ਬਰਾਬਰੀ ਅਤੇ ਭਾਈਚਾਰੇ ਵਾਲਾ ਰਾਜ ਸਥਾਪਤ ਹੋ ਸਕੇ ਤੇ ਲੋਕਤੰਤਰ ਲੋਕਾਂ ਲਈ- ਲੋਕਾਂ ਦੁਆਰਾ- ਲੋਕਾਂ ਵਾਸਤੇ ਸੱਚਮੁਚ ਹੋਵੇ।

# ਬਹੁਪੱਖੀ ਅੰਤਰ ਰਾਸ਼ਟਰੀ ਸ਼ਖਸੀਅਤ- ਮਹਾਨ ਅੰਬੇਡਕਰ

ਕੈਨੇਡਾ, ਸਪੇਨ, ਜਰਮਨ, ਇੰਗਲੈਂਡ, ਜਾਪਾਨ, ਆਸਟਰੀਆ, ਆਸਟ੍ਰੇਲੀਆ ਆਦਿ ਵਿਚ ਬੜੀ ਧੂਮ ਧੂਮ ਨਾਲ ਮਨਾਇਆ ਜਾਂਦਾ ਹੈ ਤਾਂ ਨਿਸ਼ਚੇ ਹੀ ਇਹ ਸਾਰਾ ਵਰਤਾਰਾ ਉਹਨਾਂ ਨੂੰ ਇਕ ਅੰਤਰ ਰਾਸ਼ਟਰੀ ਸ਼ਖਸੀਅਤ ਸਥਾਪਤ ਕਰਦਾ ਹੈ। ਭਾਰਤ ਵਿਚ ਤਾਂ ਉਹ ਪਹਿਲੇ ਨੰਬਰ ’ਤੇ ਸਥਾਪਤ ਹੋ ਹੀ ਚੁੱਕੇ ਹਨ। ਸਾਲ 2012 ਵਿਚ ਹੀ ਇਕ ਭਾਰਤੀ ਟੀ. ਵੀ. ਚੈਨਲ ਵੱਲੋਂ ਇਹ ਅਧਿਐਨ/ਸਰਵੇਖਣ ਕਰਵਾਇਆ ਗਿਆ ਕਿ ਗਾਂਧੀ ਤੋਂ ਬਾਅਦ ਕੌਣ ਮਹਾਨ ਭਾਰਤੀ ਸ਼ਖਸੀਅਤ ਸੀ। ਜੱਜਾਂ ਦੀਆਂ ਵੋਟਾਂ ਪੰਡਤ ਨਹਿਰੂ ਦੇ ਹੱਕ ਵਿਚ 20 ਅਤੇ ਡਾ. ਅੰਬੇਡਕਰ ਦੇ ਹੱਕ ਵਿਚ ਸਿਰਫ 6 ਪਈਆਂ ਪਰ ਜਦੋਂ ਜਨਤਾ ਦੀਆਂ ਵੋਟਾਂ ਪਈਆਂ ਤਾਂ ਪੰਡਤ ਨਹਿਰੂ ਨੂੰ 9921 ਅਤੇ ਡਾ. ਅੰਬੇਡਕਰ ਨੂੰ 19,19,734 ਵੋਟਾਂ ਪਈਆਂ। ਆਊਟਲੁੱਕ ਮੈਗਜ਼ੀਨ ਦੀ ਰਿਪੋਰਟ ਅਨੁਸਾਰ ਪਹਿਲਾ ਸਥਾਨ ਡਾ. ਅੰਬੇਡਕਰ ਨੂੰ, ਦੂਜਾ ਅਬਦੁਲ ਕਲਾਮ ਨੂੰ (13,74,431 ਵੋਟਾਂ) ਅਤੇ ਤੀਜਾ ਸਰਦਾਰ ਪਟੇਲ (5,58,835 ਵੋਟਾਂ) ਮਿਲਿਆ।

### ਸਹੀ ਆਗੂ ਦੀ ਪਛਾਣ

ਅੱਜ ਦੇਸ਼ ਨੂੰ ਅਗਾਂਹ ਲਿਜਾਣ ਵਾਲੇ ਅਖੌਤੀ ਲੀਡਰਾਂ ਦੀ ਇਕ ਵੱਡੀ ਭੀੜ ਜਮ੍ਹਾ ਹੋ ਗਈ ਹੈ, ਜਿਸ ਕਰਕੇ ਲੋਕਾਂ ਨੂੰ ਪਛਾਨਣਾ ਔਖਾ ਹੋ ਗਿਆ ਕਿ ਅਸਲ ਲੀਡਰ ਕਿਹੜਾ ਹੈ। ਬਾਬਾ ਸਾਹਿਬ ਨੇ ਸਹੀ ਆਗੂ ਦੀ ਪਛਾਣ ਇੰਜ ਦੱਸੀ ਹੈ, ’’ਆਗੂ ਉਹ ਹੋਣਾ ਚਾਹੀਦਾ ਹੈ ਜੋ ਲੋਕਾਂ ਦੇ ਹਿੱਤ ਲਈ ਜਾਨ ਤੋੜ ਕੇ ਲੜੇ, ਜੋ ਦੱਬਿਆਂ ਕੁਚਲਿਆਂ ਲਈ, ਆਮ ਲੋਕਾਂ ਲਈ, ਉਹਨਾਂ ਨਾਲ ਹੋ ਰਹੀਆਂ ਵਧੀਕੀਆਂ ਖਾਤਰ ਸੰਘਰਸ਼ ਕਰਕੇ ਉਹਨਾਂ ਨੂੰ ਦੂਰ ਕਰਵਾਏ।

ਉਹ ਸੋਚ ਸਕਣ ਦੇ ਕਾਬਲ ਹੋਵੇ, ਕਿਰਦਾਰ ਦਾ ਪੂਰਾ ਹੋਵੇ, ਅਸੂਲਾਂ ਅਤੇ ਇਖਲਾਕ ਦਾ ਪੂਰਾ ਹੋਵੇ।’ ਇਸ ਤੋਂ ਉਲਟ ਜੋ ਸਾਡੇ ਅਖੌਤੀ ਰਹਿਬਰ ਅਖਵਾਉਂਦੇ ਹਨ ਉਹਨਾਂ ਬਾਰੇ ਉਹਨਾਂ ਨੇ ਕਿਹਾ ਸੀ, “ਸਾਡੇ ਦੇਸ਼ ਦੇ ਕੁਝ ਆਗੂ ਅਜਿਹੀਆਂ ਅਜੀਬ ਕਿਸਮ ਦੀਆਂ ਗੱਲਾਂ ਕਰਦੇ ਹਨ ਕਿ ਜੇ ਉਹ ਅਜਿਹੀਆਂ ਗੱਲਾਂ ਕਿਸੇ ਹੋਰ ਦੇਸ਼ ਵਿਚ ਕਰਨ ਤਾਂ ਨਿਸ਼ਚੇ ਹੀ ਉਹਨਾਂ ਨੂੰ ਪਾਗਲ ਕਰਾਰ ਦੇ ਦਿੱਤਾ ਜਾਵੇ ਪਰ ਸਾਡੇ ਦੇਸ਼ ਵਿਚ ਅਜਿਹੇ ਆਗੂਆਂ ਨੂੰ ਮਹਾਤਮਾ, ਧਰਮਾਤਮਾ, ਜੋਗੀ ਆਖ ਕੇ ਨਿਵਾਜਿਆ ਜਾਂਦਾ ਹੈ।’’

ਬਾਬਾ ਸਾਹਿਬ ਨੇ ਇਹਨਾਂ ਵਿਚਾਰਾਂ ’ਤੇ ਸਾਰੀ ਉਮਰ ਪਹਿਰਾ ਦਿੱਤਾ ਤੇ ਅਜੋਕੇ ਲੀਡਰਾਂ ਵਾਂਗ ਲੋਕਾਂ ਦਾ ਲਹੂ ਚੂਸ ਚੂਸ ਕੇ ਮਹਿਲ ਨਹੀਂ ਬਣਾਏ ਤਿਜੋਰੀਆਂ ਨਹੀਂ ਭਰੀਆਂ। ਜਦੋਂ ਉਹ ਇਸ ਸੰਸਾਰ ਤੋਂ ਕੂਚ ਕਰ ਗਏ ਤਾਂ ਉਸ ਵੇਲੇ ਉਹਨਾਂ ਦੇ ਸਿਰ ਵੀਹ ਹਜ਼ਾਰ ਦਾ ਕਰਜ਼ਾ ਖੜ੍ਹਾ ਸੀ।

ਅੱਜ ਲੋੜ ਹੈ ਉਹਨਾਂ ਦੇ ਜਨਮ ਦਿਨ ’ਤੇ ਇਸ ਬਹੁਪੱਖੀ ਸ਼ਖਸੀਅਤ, ਇਨਕਲਾਬੀ ਯੋਧੇ, ਸੂਰਬੀਰ, ਸੂਝਵਾਨ, ਵਿਦਵਾਨ, ਅਣਥੱਕ ਸੱਚੇ ਸੁੱਚੇ ਆਗੂ ਦੇ ਜੀਵਨ ਤੋਂ ਕੋਈ ਸੇਧ ਲਈਏ, ਆਪਣੀ ਸਮਾਜਿਕ ਦਸ਼ਾ ਦਾ ਅਧਿਐਨ ਕਰੀਏ। ਲੋੜ ਹੈ ਦੁਰਦਸ਼ਾ ਦੇ ਸਤਾਏ ਅਤੇ ਨਪੀੜੇ ਲੋਕ ਜਾਗਣ ਅਤੇ ਇੱਕਜੁਟ ਹੋ ਕੇ ਸਮਾਜ ਦੇ ਦੁਸ਼ਮਣ ਆਗੂਆਂ, ਸਮਾਜ ਵਿਚ ਪਣਪ ਰਹੀਆਂ ਕੁਰੀਤੀਆਂ ਅਤੇ ਪੈਰ ਪੈਰ ਤੇ ਵਾਪਰ ਰਹੀਆਂ ਵਧੀਕੀਆਂ ਦਾ ਮੁਕਾਬਲਾ ਕਰਨ ਅਤੇ ਇਕ ਜ਼ਬਰਦਸਤ ਹੰਭਲਾ ਮਾਰਨ ਤਾਂ ਜੋ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਵਾਲੇ ਇਕ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ।

ਉਹੀ ਸਮਾਜ ਜੋ ਤਥਾਗਤ ਬੁੱਧ ਸਿਰਜਣਾ ਚਾਹੁੰਦਾ ਸੀ, ਉਹੀ ਸਮਾਜ ਜੋ ਕਬੀਰ, ਨਾਮਦੇਵ, ਬਾਬਾ ਨਾਨਕ, ਸਮੇਤ ਹਰ ਲੋਕਹਿੱਤ ਕਲਿਆਣਕਾਰੀ ਮਹਾਂਪੁਰਖ ਦਾ ਸੁਪਨਾ ਵੀ ਸੀ। ਉਹੀ ਸਮਾਜ ਜਿਸਨੂੰ ਰਵਿਦਾਸ ਨੇ ‘ਬੇਗਮਪੁਰੇ’ ਵਿਚ ਸਮਾਜਵਾਦੀ ਮਹਾਨ ਫਲਸਫੇ ਦੇ ਰੂਪ ਵਿਚ ਉਤਰਿਆ ਸੀ। ਇਸ ਸਹੀ ਦਿਸ਼ਾ ਵਿਚ ਪੁੱਟੇ ਗਏ ਸਾਡੇ ਇਕ ਦੋ ਕਦਮ ਵੀ ਵੱਡਾ ਯੋਗਦਾਨ ਪਾ ਸਕਦੇ ਹਨ ਤੇ ਬਾਬਾ ਸਾਹਿਬ ਦੇ ਜਨਮ ਦਿਨ ’ਤੇ ਸਹੀ ਸ਼ਰਧਾ ਦੇ ਫੁੱਲ ਸਾਬਤ ਹੋ ਸਕਦੇ ਹਨ।

---

# ਬਾਬਾ ਸਾਹਿਬ ਨੂੰ ਯਾਦ ਕਰਦਿਆਂ

ਬਾਅਦ ਆਉਂਦਾ ਹੈ। ਬੁੱਧ ਧੰਮ ਦੇ ਇਤਿਹਾਸ ਵਿੱਚ ਉਹ ਪਹਿਲਾ ਗੈਰ-ਭਿਕਸ਼ੂ ਸੀ ਜਿਸਨੇ ਲੱਖਾਂ ਲੋਕਾਂ ਨੂੰ ਇੱਕੋ ਥਾਂ, ਇੱਕੋ ਸਮੇਂ, ਬੁੱਧ ਧਰਮ ਵਿੱਚ ਦੀਕਸ਼ਤ ਕੀਤਾ, ਬੁਧਿਸਟਾਂ ਦੇ ਬਾਈਬਲ, 'ਬੁੱਧਾ ਐਂਡ ਹਿਜ਼ ਧੰਮਾ’ ਦੀ ਰਚਨਾ ਕੀਤੀ ਅਤੇ ਭਾਰਤ ਵਿੱਚ ਬੁੱਧ ਧੰਮ ਦਾ ਅਜਿਹਾ ਖੰਭਾ ਗੱਡਿਆ ਜਿਸਨੂੰ ਹੁਣ ਕੋਈ ਹਿਲਾ ਨਹੀਂ ਸਕਦਾ।

4. ਜਿਸ ਦਾ ਜਨਮ ਉਤਸਵ 14 ਅਪ੍ਰੈਲ ਅਤੇ ਪ੍ਰੀਨਿਰਵਾਣ ਦਿਨ 6 ਦਸੰਬਰ, ਸਰਕਾਰਾਂ, ਮਨਾਉਂਣ ਨਾ ਮਨਾਉਂਣ, ਲੋਕ ਆਪਣੇ ਆਪ ਮਨਾਉਂਦੇ ਹਨ, ਗੱਜ ਵੱਜ ਕੇ ਮਨਾਉਂਦੇ ਹਨ, ਸਾਲ ਭਰ ਮਨਾਉਂਦੇ ਰਹਿੰਦੇ ਹਨ। 5. ਦੁਨੀਆਂ ਦਾ ਪਹਿਲਾ ਵਿਅਕਤੀ ਜਿਸਨੇ ਦੱਸਿਆ, ਛੂਆਛਾਤ ਕੀ ਹੁੰਦੀ ਹੈ? ਅਛੂਤ ਅਤੇ ਸ਼ੂਦਰ ਕੌਣ ਅਤੇ ਕਿਉਂ?

ਅਛੂਤਾਂ ਦੀਆਂ ਬਸਤੀਆਂ ਪਿੰਡਾਂ ਤੋਂ ਬਾਹਰ ਲਹਿੰਦੇ ਪਾਸੇ ਹੀ ਕਿਉਂ? ਭਾਰਤ ਵਿੱਚ ਇਨਕਲਾਬ ਕਿਉਂ ਨਹੀਂ ਆਇਆ? ਭਾਰਤ ਨੇ ਕੋਈ ਵਾਲਟੇਅਰ ਕਿਉਂ ਪੈਦਾ ਨਹੀਂ ਕੀਤਾ? ਹਿੰਦੂਆਂ ਵਿੱਚ ਦੇਸ਼ ਪ੍ਰੇਮ ਦੀ ਭਾਵਨਾ ਕਿਉਂ ਨਹੀਂ? ਦੇਸ਼ ਏਨਾ ਲੰਮਾ ਸਮਾਂ ਗੁਲਾਮ ਕਿਉਂ ਰਿਹਾ? ਛੂਤ-ਛਾਤ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ? ਅਜਿਹੇ ਪੇਚੀਦਾ ਸਵਾਲਾਂ ਦੇ ਜਵਾਬ ਬਖੂਬੀ ਦੇਣ ਵਾਲਾ ਉਹ ਪਹਿਲਾ ਵਿਅਕਤੀ ਸੀ ਜਿਸਨੇ ਹਿੰਦੂਵਾਦੀ ਬੁਝਾਰਤਾਂ ਵੀ ਬਖੂਬੀ ਬੁੱਝੀਆਂ ਹਨ।

6. ਭਾਰਤ ਦੇ ਕੌਮੀ ਝੰਡੇ ਵਿੱਚ ਅਤੇ ਕਰੰਸੀ ਉੱਤੇ ਅਸ਼ੋਕ ਚੱਕਰ ਕਿਸ ਦੀ ਬਦੌਲਤ ਹੈ? ਭਾਰਤੀ ਸੰਸਦ ਵਿੱਚ ਰਾਸ਼ਟਰਪਤੀ ਦੇ ਮੁੱਖ ਆਸਣ ਉੱਤੇ 'ਧੰਮ ਚੱਕਰ ਪ੍ਰੀਵਰਤਨ’ ਸ਼ਬਦ ਕਿਸ ਦੀ ਬਦੌਲਤ ਅੰਕਿਤ ਹਨ?

ਪਾਲੀ ਭਾਸ਼ਾ ਨੂੰ ਸੰਵਿਧਾਨ ਅੰਦਰ ਮਾਨਤਾ ਕਿਸ ਦੀ ਬਦੌਲਤ ? ਗਾਂਧੀ ਨੂੰ ਜੀਵਨ ਦਾਨ ਕਿਸ ਨੇ ਦਿੱਤਾ? ਅਛੂਤਾਂ ਵਿੱਚੋਂ ਬਣੇ ਸੈਂਕੜੇ ਹਜ਼ਾਰਾਂ ਵਿਧਾਇਕ, ਮੰਤਰੀ, ਮੁੱਖ ਮੰਤਰੀ ਅਫਸਰ ਕਿਸ ਦੀ ਬਦੌਲਤ?

7. ਜਿਸ ਬਾਰੇ ਕੁਛ ਕਹਿਣ ਲੱਗਿਆਂ, ਉਸਦੇ ਹਾਣ ਦੇ ਸ਼ਬਦ ਨਹੀਂ ਅਹੁੜਦੇ, ਜਿਸਨੇ ਜੋ ਕਿਹਾ, ਕਰ ਕੇ ਦੱਸ ਦਿੱਤਾ। ਜਿਸ ਬਾਰੇ ਲਿਖਣ ਲੱਗਿਆਂ ਉਸਦੀ ਮਹਾਨਤਾ ਮੁਤਾਬਕ ਅੱਖਰ ਨਹੀਂ ਜੁੜਦੇ।

ਜਿਸਨੇ ਉਹ ਲਿਖਿਆ ਜੋ ਪਹਿਲਾਂ ਕਿਸੇ ਨੇ ਨਹੀਂ ਲਿਖਿਆ। ਜਿਸਦੇ ਗੀਤ ਗਾਈਏ ਤਾਂ ਗੀਤ ਕਵਿਤਾ ਅਤੇ ਜ਼ੁਬਾਨ ਸਾਥ ਨਹੀਂ ਦਿੰਦੇ।

ਸਾਡੇ ਦੁੱਖਾਂ ਤੇ ਦਰਦਾਂ ਦਾ, ਸਾਡੇ ਦਿਲਾਂ ਦਾ ਭੇਤੀ ਸੀ, ਜੋ ਸਾਡਾ ਦਿਲ ਸੀ, ਸਾਡੀ ਜਾਨ ਵੀ ਸੀ। ਜਿਸ ਬਾਰੇ ਸਾਰਾ ਕੁਝ ਕਿਹਾ ਨਹੀਂ ਲ਼ਾ ਸਕਦਾ, ਸਾਰਾ ਕੁਝ ਲਿਖਿਆ ਨਹੀਂ ਜਾ ਸਕਦਾ। ਇਸ ਤੋਂ ਵਧ ਕੇ ਹੱਡ ਮਾਸ ਦਾ ਬਣਿਆਂ ਇੱਕ ਵਿਅਕਤੀ, ਕੀ ਕਰ ਸਕਦਾ ਹੈ? ਕੀ ਦੇ ਸਕਦਾ ਹੈ?

# ‘ਪੰਜ-ਪਿਆਰੇ ਵਰਗ ਵਿਸ਼ੇਸ਼ ਨਹੀਂ, ਸਗੋਂ ਇਕ ਲੋਕ-ਰਾਜੀ ਸੰਸਥਾ’

ਕਰਦੀ ਹੈ। ਗੁਰੂ ਸਾਹਿਬਾਨ ਵੱਲੋਂ ਸਾਹਿਤ ਰਚਨਾ ਕਰਨਾ ਤੇ ਸਾਹਿਤਕਾਰਾਂ ਨੂੰ ਪੁਰਸਕਾਰ ਦੇਣੇ ਵੀ ਕ੍ਰਾਂਤੀਕਾਰੀ ਸੋਚ ਦੇ ਲਖਾਇਕ ਹਨ। ਖਾਲਸਾ ਸਿਰਜਣਾ ਦੀ ਰਹਿਤ-ਮਰਿਯਾਦਾ ਵਿਚ ਪੰਜ ਕਕਾਰਾਂ ਦੇ ਮੱਦੇਨਜ਼ਰ ਕਿਰਪਾਨ ਧਾਰਨ ਕਰਨਾ ਆਉਂਦਾ ਹੈ। ਇਸ ਤਰ੍ਹਾਂ ਸ਼ਸ਼ਤਰ ਪਹਿਨਣਾ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਤੇ ਜ਼ੁਲਮ ਦਾ ਟਾਕਰਾ ਕਰਨ ਨਾਲ ਸਬੰਧ ਰੱਖਦਾ ਹੈ। ਇਹਨਾਂ ਪੰਜ ਕਕਾਰਾਂ ਦਾ ਪੰਜ ਪਿਆਰਿਆਂ ਦੀ ਸੰਸਥਾ ਨਾਲ ਅਟੁੱਟ ਰਿਸ਼ਤਾ ਕਾਇਮ ਕਰ ਦਿੱਤਾ। ਇਹਨਾਂ ਪੰਜ ਕਕਾਰਾਂ ਨਾਲ ਮਾਨਵ-ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ। ਇਸ ਲਹਿਰ ਦਾ ਇਕ ਮਨੋਵਿਗਿਆਨਕ ਪੱਖ ਇਹ ਵੀ ਹੈ ਕਿ ਪੁਰਸ਼ਾਂ ਦੇ ਨਾਮ ਨਾਲ ਸਿੰਘ ਤੇ ਔਰਤਾਂ ਦੇ ਨਾਮ ਨਾਲ ਕੌਰ ਲਗਾ ਦਿੱਤਾ। ਇਸ ਨਾਲ ਆਪਸੀ ਭਾਈਚਾਰੇ ਦੀਆਂ ਤੰਦਾਂ ਹੋਰ ਮਜ਼ਬੂਤ ਹੋਈਆਂ। ਇਸ ਨਾਲ ਗੁਰੂ ਸਾਹਿਬਾਨ ਦੇ ਸਮਾਜਿਕ-ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ ਤੇ ਇਕਸਾਰਤਾ ਦੀ ਭਾਵਨਾ ਪੈਦਾ ਹੋਈ। ਸਿੰਘ ਜਿਸ ਦੇ ਸ਼ਬਦੀ ਅਰਥ ਸ਼ੇਰ ਹਨ, ਨਾਮ ਨਾਲ ਲੱਗਣ ’ਤੇ ਮਨੋਬਲ ਹੋਰ ਮਜ਼ਬੂਤ ਹੋਇਆ ਤੇ ਸ਼ੇਰਾਂ ਵਾਂਗ ਜ਼ੁਲਮ ਦਾ ਟਾਕਰਾ ਕਰਨ ਦੀ ਚੇਤਨਾ ਪੈਦਾ ਹੋਈ। ਇਸ ਤਰ੍ਹਾਂ ’ਨੀਚੀ ਹੂੰ ਅਤਿ ਨੀਚ’ ਦੀ ਭਾਵਨਾ ਵਾਲੇ ਇਨਸਾਨਾਂ ਨੂੰ ਧਰਤੀ ਦੇ ਸਰਦਾਰ ਬਣਾ ਦਿੱਤਾ। ਇਸ ਤਰ੍ਹਾਂ ਆਪਣੇ ਆਪ ਨੂੰ ਕਥਿਤ ਯੋਧਾ ਕੌਮ ਅਖਵਾਉਣ ਵਾਲੀਆਂ ਜਾਤਾਂ/ਵਰਗਾਂ ਦੇ ਏਕਾ-ਅਧਿਕਾਰ ਨੂੰ ਖਤਮ ਕਰ ਦਿੱਤਾ।

ਉਕਤ ਸਾਰੀ ਚਰਚਾ ਦਾ ਸਿੱਟਾ ਇਹੀ ਨਿਕਲਦਾ ਹੈ ਕਿ ’ਪੰਜ-ਪਿਆਰਿਆਂ’ ਦੀ ਸੰਸਥਾ ਇਕ ਮਹੱਤਵਪੂਰਨ ਸੰਸਥਾ ਹੈ, ਜਿਸ ਨੇ ਸਿੱਖਾਂ ਨੂੰ ਮੱਧਕਾਲੀ ਸੋਚ ’ਚੋਂ ਕੱਢ ਕੇ ਆਧੁਨਿਕ ਕਾਲ ਦੀ ਲੋਕ-ਰਾਜੀ ਸੋਚ ’ਚ ਪ੍ਰੀਵਰਤਿਤ ਕਰ ਦਿੱਤਾ। ਇਸ ਸੋਚ ਦੀਆਂ ਜੜ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਵੱਧਦੇ-ਫੁੱਲਦੇ ਦੇਖਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚ ਵੀ ਇਸ ਸੋਚ ਦਾ ਮੁਢਲਾ ਸਰੂਪ ਦੇਖਿਆ ਜਾ ਸਕਦਾ ਹੈ। ਮੂਲ ਰੂਪ ’ਚ ਇਹੀ ਆਖਿਆ ਜਾ ਸਕਦਾ ਹੈ ਕਿ ਉਕਤ ਸੰਸਥਾ ਦੀਆਂ ਜੜ੍ਹਾਂ ਨੂੰ ਇਹਨਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ’ਚ ਦੇਖਿਆ ਜਾ ਸਕਦਾ ਹੈ ਜੋ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ’ਚ ਆ ਕੇ ਪ੍ਰਵਾਨ ਚੜ੍ਹੀ।

’ਪੰਜ-ਪਿਆਰਿਆਂ’ ਦੀ ਸੰਸਥਾ ਨੇ ਜਾਤ-ਪਾਤ ਪ੍ਰਥਾ ਉਤੇ ਕਰਾਰੀ ਸੱਟ ਮਾਰੀ। ਇਹ ਸੰਸਥਾ ਸਭ ਨੀਵੀਆਂ ਜਾਤਾਂ/ਵਰਗਾਂ ਦੇ ਸੰਗਠਨ ਦੀ ਸੀ। ਕਿਸੇ ਵੀ ਉੱਚੀ ਜਾਂ ਨੀਵੀਂ ਜਾਤ ਜਾਂ ਵਰਗ ਵਿਸ਼ੇਸ਼ ਦਾ ਇਸ ਉਤੇ ਏਕਾ-ਅਧਿਕਾਰ ਨਹੀਂ ਸੀ ਤੇ ਨਾ ਹੀ ਇਸ ’ਤੇ ਕਿਸੇ ਇਕ ਇਲਾਕੇ ਦਾ ਦਬਦਬਾ ਸੀ, ਸਗੋਂ ਇਹ ਸੰਸਥਾ ਸੰਯੁਕਤ ਰੂਪ ’ਚ ’ਗੁਰੂ ਗ੍ਰੰਥ ਸਾਹਿਬ’ ਦੀ ਅਗਵਾਈ ’ਚ ਫੈਸਲੇ ਲੈਂਦੀ ਹੈ। ਇਸ ਨੇ ਵਿਦਿਆ ਦੇ ਏਕਾ-ਅਧਿਕਾਰ ਨੂੰ ਤੋੜਿਆ, ਕਰਮ-ਕਾਂਡਾਂ, ਭਰਮਾਂ-ਵਹਿਮਾਂ ਨੂੰ ਤੋੜਿਆ, ਔਰਤ ਦਾ ਸਨਮਾਨ ਵਧਾਇਆ। ਉਹਨਾਂ ਨੂੰ ਉਨਤੀ ਦੇ ਮੌਕੇ ਮੁਹੱਈਆ ਕਰਵਾਉਣ ਲਈ ਯਤਨ ਕੀਤੇ। ਸਮਾਜਿਕ ਨਾ-ਬਰਾਬਰੀ ਦਾ ਵਿਰੋਧ ਕਰਨਾ, ਉਸ ਸਮੇਂ ਦੇ ਲੋਕਾਂ ਦੀ ਆਰਥਿਕ, ਸਮਾਜਿਕ ਤੇ ਧਾਰਮਿਕ ਹਾਲਤ ਨੂੰ ਸੁਧਾਰਨ ਲਈ ਯਤਨ ਕਰਨਾ, ਇਕੋ ਅਕਾਲ-ਪੁਰਖ ਦੀ ਹੋਂਦ ’ਚ ਵਿਸ਼ਵਾਸ ਰੱਖਣਾ ਤੇ ਇਕੋ ਪ੍ਰਮਾਤਮਾ ਨੂੰ ਆਪਣਾ ਪਿਤਾ ਮੰਨਣਾ, ਆਪਣੇ ਅਧਿਕਾਰਾਂ ਦੀ ਰਾਖੀ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰ ਚੁੱਕਣਾ, ਇਕ ਖਾਸ ਅਹਿਮੀਅਤ ਰੱਖਦਾ ਹੈ। ‘ਪੰਜ-ਕਕਾਰ’ ਵੀ ਮਨੁੱਖੀ ਬਰਾਬਰੀ ਲਈ ਇਕ ਮਨੋਵਿਗਿਆਨਕ ਸੋਚ ਦਾ ਹਥਿਆਰ ਹੈ। ਮਾਨਵ ਨੂੰ ਕੁਰਹਿਤਾਂ ਤੋਂ ਬਚਣ ਲਈ ਵੀ ਆਦੇਸ਼ ਹੈ। ਇਸ ਦਾ ਅਧਿਆਤਮਕ ਰੂਪ ਵੀ ਵਧੀਆ ਜੀਵਨ-ਜਾਂਚ ਦਰਸਾਉਂਦਾ ਹੈ। ’ਸਰਬੱਤ ਦਾ ਭਲਾ’ ਵੀ ਅੰਤਰ ਰਾਸ਼ਟਰਵਾਦ ਦਾ ਲਖਾਇਕ ਹੈ। ਲੋਕਰਾਜੀ ਕਦਰਾਂ ਕੀਮਤਾਂ ਨੂੰ ਵੀ ਇਸ ਦੀ ਪਰਿਸ਼ਟ-ਭੂਮੀ ’ਚ ਦੇਖਿਆ ਜਾ ਸਕਦਾ ਹੈ।

ਗੁਰੂ ਸਾਹਿਬਾਨ ਦੀਆਂ ਇੰਨੀਆਂ ਕੁਰਬਾਨੀਆਂ ਦੇਣ, ਅਣਥੱਕ ਘਾਲਣਾਵਾਂ ਘਾਲਣ ’ਤੇ, ਯਤਨਾਂ ਦੇ ਬਾਅਦ ਵੀ ’ਜਾਤੀ ਪ੍ਰਥਾ ਤੇ ਵਰਗਵਾਦ’ ਦੇ ਕੋਹੜ ਨੂੰ ਗੁਰੂ ਸਾਹਿਬ ਦੇ ਆਸ਼ੇ ਮੁਤਾਬਕ ਖਤਮ ਨਹੀਂ ਕੀਤਾ ਜਾ ਸਕਿਆ। ਅੱਜ ਦੇਸ਼ ਅਤੇ ਵਿਦੇਸ਼ਾਂ ’ਚ ਅਲੱਗ-ਅਲੱਗ ਜਾਤਾਂ-ਵਰਗਾਂ ਦੇ ਰਹਿਬਰਾਂ ਦੇ ਨਾਮਾਂ ’ਤੇ ਗੁਰੂ ਘਰ ਬਣੇ ਹੋਏ ਹਨ, ਜਿਸ ਤੋਂ ਬੜਾ ਸਪਸ਼ਟ ’ਜਾਤੀ ਪ੍ਰਥਾ ਤੇ ਵਰਗਵਾਦ’ ਦਾ ਝਲਕਾਰਾ ਦੇਖਿਆ ਜਾ ਸਕਦਾ ਹੈ। ਇਹ ਉਹੀ ਜਾਤਾਂ ਤੇ ਵਰਗ ਹਨ, ਜਿਹਨਾਂ ਨੇ ਆਪਣੇ ਸੀਸ ਪੰਥ ਤੋਂ ਕੁਰਬਾਨ ਕਰਨ ਤੇ ਇਸ ’ਪੰਥ ਖਾਲਸਾ’ ਦੀ ਸਥਾਪਨਾ ਕਰਨ ਲਈ ਸਵੈ-ਇੱਛਾ ਪ੍ਰਗਟ ਕੀਤੀ ਸੀ ਤੇ ਇਹੀ ‘ਸੰਸਥਾ’, ਪੰਜ-ਪਿਆਰਿਆਂ’ ਦੇ ਰੂਪ ’ਚ ਪ੍ਰਗਟ ਹੋਈ ਸੀ। ਇਹ ਜਾਤੀਵਾਦ ਜਾਂ ਵਰਗਵਾਦ ਕਿਉਂ ਹੈ ਤੇ ਇਸ ਨੂੰ ਦੂਰ ਕਰਨ ਦੀ ਲੋੜ ਹੈ? ਗੁਰੂ ਸਾਹਿਬਾਨ ਨੇ ਤਾਂ ਸਾਨੂੰ ਇੰਝ ਕਰਨ ਤੋਂ ਰੋਕਿਆ ਸੀ ਤੇ ਉਹਨਾਂ ਨੇ ਜਾਤੀ ਪ੍ਰਥਾ ਤੇ ਵਰਗਵਾਦ ਨੂੰ ਮੁੱਢੋਂ ਨਕਾਰ ਦਿੱਤਾ ਸੀ ਤੇ ਸਿਰਫ ਸਮਾਜਿਕ-ਬਰਾਬਰੀ ਦਾ ਮਾਨਵਤਾ ਨੂੰ ਸੰਦੇਸ਼ ਦਿੱਤਾ ਸੀ।

ਅੱਜ ਸਮਾਜ ਦਾ ਹਰ ਵਰਗ ਆਪਣੇ ਵਰਗ ਜਾਂ ਜਾਤ ਦੀ ਗੱਲ ਕਰਦਾ ਹੈ। ਮਾਨਵਵਾਦ ਦੀ ਕਿਤੇ ਗੱਲ ਨਜ਼ਰ ਨਹੀਂ ਆਉਂਦੀ। ਇਸ ਸਿਧਾਂਤ ਦਾ ਅਮਲੀ ਰੂਪ ਅਲੋਪ ਹੋ ਗਿਆ ਹੈ। ’ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ’ ਦਾ ਨਾਅਰਾ ਕਿੱਥੇ ਖਲੋਤਾ ਹੈ? ਇਹ ਵਿਚਾਰਨ ਵਾਲੀ ਗੱਲ ਹੈ? ਇਹ ਸਭ ਜਾਤੀਵਾਦ ਜਾਂ ਵਰਗਵਾਦ ਨਹੀਂ ਤਾਂ ਹੋਰ ਕੀ ਹੈ? ਪੰਜ-ਪਿਆਰਿਆਂ ਦੀ ’ਸੰਸਥਾ’ ਜਾਂ ’ਪੰਥ-ਖਾਲਸਾ’ ਦਾ ਸਿਧਾਂਤ ਤਾਂ ਸਾਨੂੰ ਵਰਗਵਾਦ ਜਾਂ ਜਾਤੀਵਾਦ ਦੀ ਸਿੱਖਿਆ ਬਿਲਕੁਲ ਨਹੀਂ ਦਿੰਦਾ ਸਗੋਂ ਵੱਖਵਾਦੀ ਸੋਚ ਨੂੰ ਮੁੱਢੋਂ ਨਕਾਰਦਾ ਹੈ। ਇਹ ਸਾਡਾ ਹੀ ਕਸੂਰ ਹੈ ਕਿ ਅਸੀਂ ਇਸ ਸਿਧਾਂਤ ਵੱਲ ਆਪਣੇ ਸੁਆਰਥ ਦੀ ਖਾਤਰ ਪਿੱਠ ਕਰ ਲਈ ਹੈ। ਸਿਧਾਂਤ ਆਪਣੀ ਜਗ੍ਹਾ ਅਟੱਲ ਖੜ੍ਹਾ ਹੈ ਪਰ ਇਸ ਦਾ ਅਮਲੀ ਰੂਪ, ਸਮਾਜਿਕ-ਬਰਾਬਰੀ ਲਈ ਕਿਤੇ ਨਜ਼ਰ ਨਹੀਂ ਆਉਂਦਾ?

ਇਹ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਆਪਣੀ ਧਰਤੀ ਦੇ, ਸਾਡੇ ਆਪਣੇ ਲੋਕ, ਖਾਸ ਤੌਰ ਤੇ ਪੰਜਾਬ ਤੋਂ, ਜੋ ਗੁਰੂ ਪੀਰਾਂ ਦੀ ਧਰਤੀ ਅਖਵਾਉਂਦੀ ਹੈ, ਬੁੱਧ ਧਰਮ ਤੇ ਇਸਾਈ ਧਰਮ ਅਪਣਾਈ ਜਾ ਰਹੇ ਹਨ ਕਿਉਂਕਿ ਇਹਨਾਂ ਧਰਮਾਂ ’ਚ ਜਾਤੀਵਾਦ, ਵਰਗਵਾਦ ਤੇ ਸਮਾਜਿਕ ਨਾ-ਬਰਾਬਰੀ ਨਹੀਂ ਹੈ। ਸਭ ਲੋਕ ਬੋਧੀ ਜਾਂ ਇਸਾਈ ਹੀ ਅਖਵਾਉਂਦੇ ਹਨ।

ਸਾਡੇ ਵਾਂਗ ਜਾਤੀ ਸੂਚਕ ਅਲੰਕਾਰ ਲਾ ਕੇ ਨਹੀਂ ਪੁਕਾਰਦੇ। ਸੱਚ ਹੀ ਕਿਸੇ ਅੰਗਰੇਜ਼ ਵਿਦਵਾਨ ਇਤਿਹਾਸਕਾਰ ਨੇ ਕਿਹਾ ਹੈ, ’’ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਤੇ ਇੰਗਲੈਂਡ ’ਚ ਪੈਦਾ ਹੋਏ ਹੁੰਦੇ ਤਾਂ ਅੱਜ ਸਾਰੀ ਦੁਨੀਆਂ ਦੇ ਲੋਕ ਸਿੱਖ ਹੁੰਦੇ।’ ਸਾਡੇ ਸਮਾਜ ਦੀ ਇਹ ਇਕ ਬੜੀ ਵੱਡੀ ਤ੍ਰਾਸਦੀ ਹੈ ਜਿਸ ਦਾ ਕਾਰਨ ਸਾਡੇ ਵਿਚ ਮਾਨਵਵਾਦ ਦੀ ਅਣਹੋਂਦ ਤੇ ਸਾਡੀ ਸੌੜੀ ਮਾਨਸਿਕਤਾ ਹੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤਾਂ ਅਨੁਸਾਰ ਸਾਨੂੰ ਅੱਜ ਦੇ ਵਿਗਿਆਨਕ ਯੁੱਧ ’ਚ ਮਾਨਵਵਾਦ ਦੇ ਸਿਧਾਂਤਾਂ ਨੂੰ ਤੇ ਮਾਨਵੀ ਕਦਰਾਂ ਕੀਮਤਾਂ ਨੂੰ ਅਪਣਾਉਣ ਦੀ ਲੋੜ ਹੈ ਤੇ ਜਾਤੀ-ਪ੍ਰਥਾ ਤੇ ਵਰਗਵਾਦ ਦੀ ਸੋਚ ਨੂੰ ਆਪਣੇ ਸੱਚੇ ਦਿਲੋਂ ਤਿਲਾਂਜਲੀ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਗੁਰੂ ਸਾਹਿਬ ਜੀ ਦੇ ਬਹੁਤ ਹੀ ਲਾਡਲੇ ਪੰਜ-ਪਿਆਰਿਆਂ ਦੇ ਜਨਮ ਦਿਨ ਤੇ ਸ਼ਹੀਦੀ ਦਿਨਾਂ ਨੂੰ ਅਣਗੌਲਿਆ ਕਰਨ ਦੀ ਥਾਂ, ਬੜੀ ਧੂੰਮ-ਧਾਮ ਨਾਲ ਮਨਾਉਣ ਦੀ ਲੋੜ ਹੈ ਤਾਂ ਜੋ ਆਮ ਲੋਕਾਂ ਤੱਕ ਪੰਜ-ਪਿਆਰਿਆਂ ਦੀ ਲੋਕਰਾਜੀ ਸੰਸਥਾ ਦਾ ਮਾਨਵਵਾਦੀ ਸੰਦੇਸ਼ ਪਹੁੰਚ ਸਕੇ ਤੇ ਵਰਗਵਾਦੀ ਤੇ ਜਾਤੀਵਾਦੀ ਸੋਚ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

ਆਓ! ਸਾਹਿਬ-ਏ-ਕਮਾਲ, ਸਰਬੰਸਦਾਨੀ, ਸੰਤ ਸਿਪਾਹੀ, ਇਕ ਕ੍ਰਾਂਤੀਕਾਰੀ, ਇਨਕਲਾਬੀ ਯੋਧੇ, ਵਿਦਵਤਾ ਦੇ ਮੁਜੱਸਮੇ ਤੇ ਇਕ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ’ਪੰਥ-ਖਾਲਸਾ’ ਦੇ ਸਥਾਪਨਾ ਦਿਵਸ ’ਤੇ ਉਕਤ ਵਿਆਖਿਆ ਵਿਚ ਉਠੇ ਮੁੱਦਿਆਂ ਤੇ ਵਿਗਿਆਨਕ ਪਹਿਲੂ ਤੋਂ ਨਜ਼ਰ ਮਾਰੀਏ ਤੇ ਇਹਨਾਂ ਨੂੰ ਗੁਰੂ ਸਾਹਿਬਾਨ ਦੀ ਉੱਚੇਰੀ ਸੋਚ ਮੁਤਾਬਕ ਹੱਲ ਕਰੀਏ?

ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਭਾਰਤ-ਵਰਸ਼ ਤੇ ਸਮੁੱਚੀ ਮਾਨਵਤਾ ਨੂੰ ਇੱਕੀਵੀਂ ਸਦੀ ’ਚ ਮਾਨਵਤਾ ਦੇ ਆਧਾਰ ਤੇ ਸੰਸਾਰ ਪੱਧਰ ਤੇ ਲੈ ਆਈਏ, ਤਾਂ ਹੀ ਗੁਰੂ ਸਾਹਿਬਾਨ ਦਾ ਦਿੱਤਾ ਹੋਇਆ ਅੰਤਰ ਰਾਸ਼ਟਰਵਾਦੀ ਨਾਅਰਾ ‘ਸਰਬੱਤ ਦਾ ਭਲਾ’ ਤੇ ‘ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ’ ਦਾ ਸੁਪਨਾ ਸੱਚ ਹੋਵੇਗਾ। ‘ਪੰਜ-ਪਿਆਰਿਆਂ’ ਜਾਂ ‘ਪੰਥ-ਖਾਲਸਾ’ ਦਾ ਸੰਕਲਪ ਇਕ ‘ਲੋਕ-ਰਾਜੀ ਸੰਸਥਾ’ ਦਾ ਸੰਕਲਪ ਹੈ ਨਾ ਕਿ ਵਰਗਵਾਦ ਤੇ ਜਾਤੀਵਾਦ ਦਾ ਹੈ।

ਇਸ ਅਮਾਨਵਵਾਦੀ ਵੱਖਰਤਾ ਨੂੰ ਗੁਰੂ ਸਾਹਿਬ ਨੇ ‘ਪੰਜ-ਪਿਆਰਿਆਂ’ ਤੇ ‘ਪੰਥ-ਖਾਲਸਾ’ ਦੀ ਸਥਾਪਨਾ ਵੇਲੇ ਸਿਰੇ ਤੋਂ ਨਕਾਰ ਦਿੱਤਾ ਸੀ। ਸਮੁੱਚੀ ‘ਪੰਥਕ-ਲੋਕਾਈ’ ਤੇ ਮਾਨਵਤਾ ਨੂੰ ਮੇਰੇ ਵੱਲੋਂ ‘ਪੰਥ-ਖਾਲਸਾ’ ਦੇ ਸਥਾਪਨਾ ਦਿਵਸ ਤੇ ਲੱਖ-ਲੱਖ ਵਧਾਈ ਹੋਵੇ ਜੀ।

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



**ਚੇਅਰਮੈਨ**
ਸ਼ਿੰਦਰ ਪਾਲ ਨਾਰੇਬਟ
**ਪ੍ਰਧਾਨ**
ਸੋਮ ਨਾਥ ਭਾਟੀਆ

**ਜਨਰਲ ਸਕੱਤਰ**
ਦਿਲਬਾਗ ਸਿੰਘ
**ਖਜਾਨਚੀ**
ਜਸਵੀਰ ਚਾਹਲ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੇ ਸਬੰਧ ਵਿਚ ਸੰਗਤਾਂ ਵੱਲੋਂ 15 ਅਪ੍ਰੈਲ (ਦਿਨ ਸ਼ੁੱਕਰਵਾਰ) ਨੂੰ ਅਖੰਡ ਪਾਠ ਸਾਹਿਬ ਰੱਖੇ ਜਾਣਗੇ, ਜਿਸ ਦੇ ਭੋਗ 17 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਜਾਣਗੇ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਦੇ ਮੈਂਬਰ ਅਤੇ ਹੋਰ WWW.SriGuruRavidassTemple.com





ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੇ ਸਬੰਧ ਵਿਚ ਸੰਗਤਾਂ ਵੱਲੋਂ 15 ਅਪ੍ਰੈਲ (ਦਿਨ ਸ਼ੁੱਕਰਵਾਰ) ਨੂੰ ਅਖੰਡ ਪਾਠ ਸਾਹਿਬ ਰੱਖੇ ਜਾਣਗੇ, ਜਿਸ ਦੇ ਭੋਗ 17 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਜਾਣਗੇ।

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਪਹੁੰਚਣ ਦੀ ਕਿਰਪਾਲਤਾ ਕਰਨ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਬੇਨਤੀ ਕਰਤਾ

# ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda
(Sacramento) California- 95673
(Ph) 916-992-1710

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ





Baksho Kaur Bisla  Hardev Singh Bisla




# L.A. MERCHANDISE

## Whole Sale +Retail

**500 N. Palora Ave. Yuba City, CA 95991**

ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

Red Label Tea
900 Gm $ 3.99

Bio Bidet Elite
$ 39.99+Tax
(Smart Loto)

**530-671-0439, Fax 530-822-0439 Cell- 530-844-3250**



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax






# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 318ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 18ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com
Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com